RNI No. - PUNPUN/2022/82997

ISSN : 2584-1211


# ਆਪਣੀ ਆਵਾਜ਼

# अपनी आवाज़

# APNI AAWAAZ



| Vol. 5 | Issue 5 | May 2026 | Punjabi Monthly | Published at Jalandhar | Price : Your Love & Affection | Page : 68 |
|---|---|---|---|---|---|---|
| ਸਾਲ 5 | ਅੰਕ 5 | ਮਈ 2026 | ਪੰਜਾਬੀ ਮਾਸਿਕ | ਜਲੰਧਰ ਤੋਂ ਪ੍ਰਕਾਸ਼ਿਤ | ਕੀਮਤ : ਤੁਹਾਡਾ ਪਿਆਰ | ਸਫ਼ੇ 68 |



**ਭਾਈ ਮਰਦਾਨਾ ਜੀ ਦੀ ਪਤਨੀ (ਮੀਰ ਜ਼ਾਦੀ) ਜਿਸ ਦਾ ਖਾਵੰਦ ਹਮੇਸ਼ਾਂ ਗੁਰੂ ਨਾਨਕ ਸਾਹਿਬ ਦੇ ਸਾਥ ਉਦਾਸੀਆਂ 'ਤੇ ਰਹਿੰਦਾ ਹੈ। ਪਿੱਛੋਂ ਮਰਦਾਨਣ (ਮੀਰ ਜ਼ਾਦੀ) ਦੀ ਵੇਦਨਾ ਦਾ ਵਰਨਣ ਹੈ ਇਹ ਨਜ਼ਮ...।**

ਔਹ ਗਈਆਂ ਖਿੱਤੀਆਂ
ਦੇ ਤਾਰਿਆਂ ਦੀ ਲੋਅ
ਦੂਰ ਤਾਈਂ ਵੇਖ-ਵੇਖ
ਅੱਖੀਆਂ ਬਹਾਲਦੀ ਰਹੀ।

ਅਜ਼ਰ ਦੀ ਨਮਾਜ਼ ਵਰਗੀ
ਸਬਰ ਦੀ ਬੁੱਕਲ ਵਿੱਚ
ਬੀਬੀ ਮਰਦਾਨਣ ਬੈਠੀ
ਬਿਰਹਾ ਦੁਲਾਰਦੀ ਰਹੀ।

ਓਟੇ ਓਹਲੇ ਹੋ ਕੇ ਕਦੀ
ਔਂਸੀਆਂ ਦੀ ਕੰਙਣੀ
ਖਾਬਾਂ ਦੇ ਖਿਆਲੀਂ ਆਏ
ਕਾਵਾਂ ਨੂੰ ਖੁਆਲਦੀ ਰਹੀ।

ਉਮਰਾਂ ਦੇ ਹਾਣ ਦੀ
ਰਬਾਬ ਕਿੱਲੀ ਟੰਗੀ ਹੋਈ
ਘੁੱਟ ਘੁੱਟ ਸੀਨੇ ਲਾ ਕੇ
ਸਾਂਝ ਪੜਤਾਲਦੀ ਰਹੀ।

ਦੱਸੀਂ ਮੇਰੇ ਮਾਹੀ ਦਿਆਂ
ਪੋਟਿਆਂ ਦੀ ਛੋਹ ਪਾ ਕੇ
ਕਿੱਦਾਂ ਭੈਣ ਮੇਰੀਏ ਨੀਂ !
ਆਪਾ ਤੂੰ ਸੰਭਾਲਦੀ ਰਹੀ।

ਭੇਦ ਭਰੀ ਚੁੱਪ ਤੇਰੀ ਕੁੜੇ !
ਜਾਨ ਕੱਢ ਲਈ ਆ ਮੇਰੀ
ਬੋਲਦੀ ਸੈਂ ਜਦੋਂ ਤੂੰ ਤਾਂ
ਮੋਇਆਂ ਨੂੰ ਜੀਵਲਾਦੀ ਰਹੀ।

ਦੂਰ ਗਏ ਸੱਜਣਾਂ ਦਾ
ਅੱਥਰਾ ਵਿਗੋਚਾ ਅੜੀਏ।
ਜਾਣਦੀ ਹਾਂ
ਕਿਹੜੇ ਹਾਲੀਂ
ਕੁੱਠੀ-ਮੁੱਠੀ ਪਾਲਦੀ ਰਹੀ।

ਨੁੱਕਰੇ ਜੋ ਲੱਗੀਆਂ
ਉਬਾਸੀਆਂ ਉਦਾਸੀਆਂ ਨੂੰ।
ਹੌਂਸਲੇ ਦਾ ਪੋਚਾ ਦੇ ਕੇ
ਹਾਸੀਆਂ ਉਠਾਲਦੀ ਰਹੀ।

ਉਠਾਂ ਵਾਲੇ ਦੇਸ ਜਾਂਦੇ
ਪੌਣਾਂ ਦੇ ਵਰੋਲਿਆਂ ਨੂੰ
ਕੋਠੇ ਉੱਤੋਂ ਵੇਖਦੀ ਤਾਂ
ਵਲਵਲੇ ਉਛਾਲਦੀ ਰਹੀ।

ਮੁੱਖ ਦੀ ਦੀਵਾਖੜੀ
ਧੁਆਂਖੇ ਹੋਏ ਆਲਿਆਂ 'ਚ
ਹੰਝੂਆਂ ਦਾ ਤੇਲ ਚੋ ਕੇ
ਰਾਤੀਂ ਦੀਵੇ ਬਾਲਦੀ ਰਹੀ।

ਢੋਲ ਪ੍ਰਦੇਸੀਆ ਵੇ ।
ਸੱਤੇ ਖੈਰਾਂ ਹੋਣ ਤੈਨੂੰ
ਝਾੜ ਪੂੰਝ ਤੇਰੀਆਂ
ਨਿਸ਼ਾਨੀਆਂ ਸੰਭਾਲਦੀ ਰਹੀ।

ਰੱਬ ਤੇਰਾ ਯਾਰ ਅੜਿਆ
ਸਾਡਾ ਵੀ ਰਜਾਕ ਹੈ ਉਹ
ਰਜ਼ਾ ਵਿੱਚ ਮੀਰਜਾਦੀ
ਜਿੰਦ ਬਲਿਹਾਰਦੀ ਰਹੀ

ਰੱਬ ਦਾ ਰਬਾਬੀ ਤੈਨੂੰ
ਜਦੋਂ ਲੋਕੀਂ ਆਖਦੇ ਨੇ
ਸੱਚ ਜਾਣੀ ਢੋਲਣਾ
ਮੈਂ ਧਰਤੀ ਧਮਾਲਦੀ ਰਹੀ।

ਰੱਜੇ ਪੁੱਜੇ ਰਹੇ ਦੀ
ਅਸੀਸ ਦੇ ਕੇ ਰਾਜਿਆਂ ਨੂੰ
ਰੁੱਖੀ ਸੁੱਖੀ ਆਪ ਖਾ ਕੇ
ਸ਼ੁਕਰ ਗੁਜ਼ਾਰਦੀ ਰਹੀ।

ਰੱਬ ਦੇ ਮਿਰਾਸੀ ਦੀ ਮੈਂ
ਘਰ ਵਾਲੀ ਵੱਜਦੀ ਆਂ
ਏਡੇ ਭਾਰੇ ਰੁਤਬੇ ਨੂੰ
ਸਿਜਦੇ ਸਤਿਕਾਰਦੀ ਰਹੀ।

ਸਾਈਆਂ ਜੀ!
ਉਡੀਕਦੀ ਸੁਲੱਖਣੀ ਘੜੀ ਨੂੰ
ਘੜੀ-ਘੜੀ ਹਿਜਰਾਂ ਦੀ
ਹਿਰਦੇ 'ਚ ਦੁਲਾਰਦੀ ਰਹੀ।

ਉੱਚਿਆਂ ਨਸੀਬਾਂ ਵਾਲੀ
ਤੇਰੀ ਅਰਧਾਂਗਣੀ ਹਾਂ
ਤੇਰੇ ਨਾਲ ਪੱਕੀ ਯਾਰੀ
ਨਾਨਕ ਨਿਰੰਕਾਰ ਦੀ ਰਹੀ।

ਧੰਨ ਤੇਰੇ ਹੱਥਾਂ 'ਚ
ਰਬਾਬ ਮਰਦਾਨਿਆਂ !
ਜੀਹਦੇ 'ਤੇ ਨਦਰਿ ਸਦਾ
ਸੱਚੇ ਕਰਤਾਰ ਦੀ ਰਹੀ।

ਧੰਨ ਤੇਰੇ ਹੱਥਾਂ 'ਚ ਰਬਾਬ
ਮਰਦਾਨਿਆਂ ਧੰਨ.. ਧੰਨ.. ਧੰਨ...


- ਬਲਿਹਾਰ ਸਿੰਘ ਰੰਧਾਵਾ
(ਯੂ.ਕੇ.)

| ਸਾਲ 5 | Vol. 5 | ਅੰਕ 5 | Issue 5 | ਮਾਸਿਕ | Monthly | ਮਈ 2026 | May 2026 |
|---|---|---|---|---|---|---|---|

**Apni Aawaaz**
Punjabi Monthly

**Editorial Board**
Chief Editor
Surinder Singh Sunner
693-GTB Nagar, Jalandhar Punjab
e-mail : ssunner@gmail.com

Editor :
Dr. Ram Murti
Village Mallian Khurd,
Tehsil Nakodar (144623)
e-mail : rammurti2014@gmail.com

Members :
Sant Sandhu
Surinder Khiwa
Baljit Singh Sangha

Advisory Board :
Prof. Harjit Singh Ashak (U.K.)
Principal Kulwinder Singh Sarai
Prof. Kulwant Aujla
Amarjit Kaur Sidhu

Contact :
+9194174-49665
+9198725-21575
Email : apniaawaazjal@gmail.com
Website : aapniawaaz.com

## ਇਸ ਅੰਕ ਵਿੱਚ

1. ਸੰਪਾਦਕੀ – ਡਾ. ਰਾਮ ਮੂਰਤੀ 3
2. ਪਰੌਂਠਾ ਸੁਰਿੰਦਰ ਸਿੰਘ ਸੁੰਨੜ 4
3. ਇਲਾਹੀ ਨਦਰ ਦੇ ਪੈਂਡੇ (ਭਾਗ ਦੂਜਾ) ਚੇਤਨ ਸਿੰਘ 6
4. ਬਰਤਾਨੀਆਂ ਨੇ ਭਾਰਤੀਆਂ ਦੀ ਕਨੇਡਾ ਵਿੱਚ ਇਮੀਗਰੇਸ਼ਨ... ਸੁਰਿੰਦਰ ਸਿੰਘ ਸੰਘਾ 8
5. ਫ਼ਕੀਰ ਦੀ ਦੁਆ (ਨਾਟਕ) ਮਹਿੰਦਰ ਸਿੰਘ 12
6. ਗਰਮ ਚਾਹ ਦੇ ਕੱਪ 'ਚ ਵਸੀ ਇਕ ਛੋਟੀ ਜਿਹੀ ਦੁਨੀਆਂ ਅਮਰਜੀਤ ਟਾਂਡਾ 17
7. ਵਿਚਾਰਾਂ ਦੀ ਜਾਦੂਈ ਸ਼ਕਤੀ ਦਾ ਫਾਇਦਾ ਉਠਾਓ! ਜ਼ਫ਼ਰ ਇਕਬਾਲ ਜ਼ਫ਼ਰ 19
8. ਵਿਅੰਗ – ...ਨਾਲ ਗੈਸ ਸਿਲੰਡਰ ਮੁਫ਼ਤ ਨੂਰ ਸੰਤੋਖਪੁਰੀ 21
9. ਬੱਚਿਆਂ ਦੀ ਜਿਗਿਆਸਾ ਵਧਾਉਣ ਵਾਲਾ ਵਿਗਿਆਨਕ ਨਾਵਲ : ਡੀ97 ਡਾ. ਚਰਨਜੀਤ ਕੌਰ ਬਰਾੜ 23
10. ਹਾਇਕੂ ਕਸ਼ਮੀਰੀ ਲਾਲ ਚਾਵਲਾ 24
11. ਪੰਜਾਬੀ ਭਾਸ਼ਾ ਨੂੰ ਸਭ ਤੋਂ ਵੱਡਾ ਖਤਰਾ ਆਪਣਿਆਂ ਤੋਂ ਅਮਰ ਗਰਗ ਕਲਮਦਾਨ 25
12. ਸਮਾਜਿਕ ਯਥਾਰਥ ਦੀ ਗੰਭੀਰ ਪੇਸ਼ਕਾਰੀ ਕਰਦਾ ਕਹਾਣੀ ਸੰਗ੍ਰਹਿ : ਸੱਬੀ ਦੀਆਂ ਸੱਧਰਾਂ ਡਾ. ਚਰਨਜੀਤ ਕੌਰ ਬਰਾੜ 30
13. ਸ਼ਾਇਰਾਂ ਦੀ ਦੁਨੀਆਂ ਵਲੋਂ ਇੱਕ ਮੁੱਠੀ ਬੀਜ ਪੁਸਤਕ ਲੋਕ ਅਰਪਣ ਇਕ ਰਿਪੋਰਟ 33
14. ਪ੍ਰੀਤ ਲੱਧੜ ਦੀਆਂ ਤਿੰਨ ਗ਼ਜ਼ਲਾਂ ਪ੍ਰੀਤ ਲੱਧੜ 35
15. ਗਲੋਬਲ ਪੰਜਾਬੀ ਐਸੋਸੀਏਸ਼ਨ ਦਾ ਸੈਮੀਨਾਰ ਅਤੇ ਸਮਾਗਮ ਚੇਤਨ ਸਿੰਘ 36
16. ਗਮਲੇ ਦਾ ਬੂਟਾ ਲਖਵਿੰਦਰ ਸਿੰਘ ਬਾਜਵਾ 39
17. ਜਗਜੀਤ ਸਿੰਘ ਦੀ ਗਾਇਕੀ : ਧੁੱਪੇ ਤੁਰਦਿਆਂ ਸੰਘਣੇ ਰੁੱਖ ... ਸ਼ੈਲੇਂਦਰ ਸ਼ੈਲ 44
18. ਮਨਜੀਤ ਸਿੰਘ ਸੋਹਲ ਦੇ ਤਿੰਨ ਗੀਤ ਤੇ ਇੱਕ ਗ਼ਜ਼ਲ ਮਨਜੀਤ ਸਿੰਘ ਸੋਹਲ 50
19. ਬਜ਼ੁਰਗ ਹੁੰਦੇ ਹਨ ਘਰ ਦਾ ਤਾਲਾ ਡਾਕਟਰ ਨਰਿੰਦਰ ਭੱਪਰ 51
20. ਮਾਪਿਆਂ ਦੀ ਦੇਖਭਾਲ ਕਰਨ ਵਿੱਚ ਅਸਫਲ ਰਹਿਣ ... ਕਿਸ਼ਨ ਸਨਮੁਖਦਾਸ ਭਾਵਨਾਨੀ 53
21. ਜਿਤੁ ਖਾਧੈ, ਤਨੁ ਪੀੜੀਐ..... ਸੰਜੀਵ ਸਿੰਘ ਸੈਣੀ 56
22. ਲਘੂ ਕਹਾਣੀ – ਤੀਜੀ ਰੋਟੀ ਮੁਨੀਸ਼ ਤਾਲਿਬ 58
23. ਕਵਿਤਾ–ਮਜ਼ਦੂਰ ਵਰਿੰਦਰ ਜਟਵਾਨੀ 60
24. ਭਾਰਤੀ ਭਾਸ਼ਾਵਾਂ ਦੀਆਂ ਮਿੰਨੀ ਕਹਾਣੀਆਂ ਜਗਦੀਸ਼ ਰਾਏ ਕੁਲਰੀਆਂ 61
25. ਪੈੜ ਜਗੀਰੋ ਦੀ ਸੰਤ ਸਿੰਘ ਸੰਧੂ 66

**ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਕਾਨੂੰਨੀ ਕਾਰਵਾਈ ਜਲੰਧਰ ਅਦਾਲਤ 'ਚ ਹੋਵੇਗੀ।**

**ਆਪਣੀ ਆਵਾਜ਼**
693-ਗੁਰੂ ਤੇਗ ਬਹਾਦਰ ਨਗਰ,
ਜਲੰਧਰ, ਪੰਜਾਬ-144001

**APNI AAWAAZ**
693 - Guru Teg Bahadur Nagar,
Jalandhar, Punjab-144001

ਇਸ ਮੈਗਜ਼ੀਨ ਦੇ ਸਾਰੇ ਕਾਮੇ ਆਨਰੇਰੀ ਹਨ



# ਭਾਰਤੀ ਜਨ - ਜੀਵਨ ਅਤੇ ਮਿਥ

ਭਾਰਤੀ ਜਨ ਜੀਵਨ ਵਿੱਚ ਮਿਥ ਇਸ ਤਰਾਂ ਸਮਾਈ ਹੋਈ ਹੈ ਜਿਵੇਂ ਫੁੱਲ ਵਿੱਚ ਖੁਸ਼ਬੂ, ਵਾਤਾਵਰਨ ਵਿੱਚ ਪਾਣੀ ਅਤੇ ਸਰੀਰ ਵਿੱਚ ਸਾਹ। ਭਾਰਤੀ ਲੋਕ ਹਰ ਕੁਦਰਤੀ ਜਾਂ ਗੈਰ ਕੁਦਰਤੀ ਵਰਤਾਰੇ ਨੂੰ ਮਿਥ ਵਿੱਚ ਵਟਾਉਣ ਲੱਗੇ ਝੱਟ ਨਹੀਂ ਲਾਉਂਦੇ। ਭਾਰਤੀ ਲੋਕਾਂ ਦੁਆਰਾ ਸਿਰਜੀਆਂ ਇਹ ਮਿਥਾਂ ਆਪਣੇ ਆਪ ਵਿੱਚ ਬੜੀਆਂ ਦਿਲਚਸਪ ਅਤੇ ਮਨੋਰੰਜਕ ਵੀ ਹੁੰਦੀਆਂ ਹਨ। ਅਜਿਹੀ ਹੀ ਇੱਕ ਮਿਥ ਮੈਨੂੰ ਵੇਖਣ ਵਿੱਚ ਉਦੋਂ ਮਿਲੀ ਜਦੋਂ ਮੈਂ ਇਸ ਵਾਰ ਜੰਮੂ ਕਸ਼ਮੀਰ ਭ?ਮਣ ਦੇ ਆਪਣੇ ਦੌਰੇ ਦੌਰਾਨ ਆਪਣੇ ਕੁਝ ਸਾਥੀਆਂ ਨਾਲ ਜੰਮੂ ਤੋਂ ਲਗਭਗ 80 ਕਿਲੋਮੀਟਰ ਦੂਰ ਰਿਆਸੀ ਗਿਆ। ਉੱਥੇ ਸਲਾਰ ਬਾਬਾ ਨਾਮ ਦਾ ਇੱਕ ਝਰਨਾ ਉੱਚੇ ਪਹਾੜ ਤੋਂ ਡਿੱਗਦਾ ਹੈ ਜਿਸ ਦੀ ਜ਼ਿਆਰਤ ਕਰਨ ਦਾ ਮੈਨੂੰ ਮੌਕਾ ਮਿਲਿਆ। ਜਦੋਂ ਅਸੀਂ ਝਰਨੇ ਕੋਲ ਪਹੁੰਚੇ ਤਾਂ ਉੱਥੇ ਯਾਤਰੀਆਂ ਦੀ ਗਿਣਤੀ ਬਹੁਤ ਥੋੜੀ ਸੀ ਲੇਕਿਨ ਸਥਾਨ ਬੜਾ ਰਮਣੀਕ ਤੇ ਵਾਤਾਵਰਣ ਬਹੁਤ ਹੀ ਸ਼ਾਂਤ ਸੀ। ਸਾਡੇ ਨਾਲ ਗਏ ਸਾਥੀ ਸ੍ਰੀ ਸੁਰੇਸ਼ ਕੁਮਾਰ ਜੀ ਨੇ ਦੱਸਿਆ ਕਿ ਇਸ ਇਲਾਕੇ ਵਿੱਚ ਸਲਾਰ ਬਾਬਾ ਦੀ ਬਹੁਤ ਮਾਨਤਾ ਹੈ । ਉੱਥੇ ਝਰਨੇ ਦੇ ਨਜ਼ਦੀਕ ਸਲਾਰ ਬਾਬਾ ਦਾ ਜੋ ਅਸਥਾਨ ਬਣਿਆ ਹੋਇਆ ਸੀ ਉੱਥੇ ਲੋਕ ਮੱਥਾ ਟੇਕ ਰਹੇ ਸਨ। ਆਪਣੀ ਸ਼ਰਧਾ ਅਤੇ ਵਿਸ਼ਵਾਸ ਦਾ ਪ੍ਰਗਟਾਵਾ ਕਰ ਰਹੇ ਸਨ। ਸਾਡੇ ਸਾਥੀ ਨੇ ਦੱਸਿਆ ਕਿ ਜਿਹੜਾ ਵੀ ਇਨਸਾਨ ਸਲਾਰ ਬਾਬਾ ਦੀ ਇਸ ਕਬਰ ਤੇ ਮੱਥਾ ਟੇਕ ਲੈਂਦਾ ਹੈ ਤੇ ਉਸ ਝਰਨੇ ਦੇ ਹੇਠ ਇਸ਼ਨਾਨ ਕਰ ਲੈਂਦਾ ਹੈ ਉਸ ਦੀ ਸੁੱਖ ਪੂਰੀ ਹੋ ਜਾਂਦੀ ਹੈ। ਇਸ ਝਰਨੇ ਬਾਰੇ ਉਥੋਂ ਦੇ ਵਸਨੀਕ ਲੋਕਾਂ ਵਿੱਚ ਇੱਕ ਮਾਨਤਾ ਜਾਂ ਇੱਕ ਮਿਥ ਪਾਈ ਜਾਂਦੀ ਹੈ ਕਿ ਸਦੀਆਂ ਪਹਿਲਾਂ ਇਹ ਝਰਨਾ ਦੁੱਧ ਦਾ ਵਗਿਆ ਕਰਦਾ ਸੀ ਭਾਵ ਉਸ ਉੱਚੇ ਪਹਾੜ ਤੋਂ ਦੁੱਧ ਗਿਰਿਆ ਕਰਦਾ ਸੀ। ਲੋਕ ਉਥੋਂ ਦੁੱਧ ਪੀਂਦੇ ਸਨ ਪਰ ਦੁੱਧ ਕਿਸੇ ਨੂੰ ਘਰ ਲਿਜਾਣ ਦੀ ਇਜਾਜ਼ਤ ਨਹੀਂ ਸੀ। ਇੱਕ ਵਾਰ ਕੀ ਹੋਇਆ ਕਿ ਇੱਕ ਗੁੱਜਰ ਨੇ ਦੁੱਧ ਦਾ ਤੌੜਾ ਭਰਿਆ ਤੇ ਆਪਣੇ ਘਰ ਲੈ ਗਿਆ । ਉਸਨੇ ਉਸਨੂੰ ਜਾਗ ਲਗਾਇਆ, ਰਿੜਕਿਆ, ਮੱਖਣ ਕੱਢਿਆ ਤੇ ਲੱਸੀ ਪੀਤੀ।... ਤੇ ਕਹਿੰਦੇ ਹਨ ਕਿ ਸਲਾਰ ਬਾਬਾ ਉਸ ਦੀ ਇਸ ਹਰਕਤ ਤੋਂ ਨਾਰਾਜ਼ ਹੋ ਗਏ ਤੇ ਅਗਲੇ ਦਿਨ ਤੋਂ ਦੁੱਧ ਦਾ ਉਹ ਝਰਨਾ ਪਾਣੀ ਦੇ ਝਰਨੇ ਵਿੱਚ ਤਬਦੀਲ ਹੋ ਗਿਆ। ਤੇ ਉਦੋਂ ਤੋਂ ਲੈ ਕੇ ਹੁਣ ਤੱਕ ਉਥੇ ਪਾਣੀ ਦਾ ਝਰਨਾ ਲਗਾਤਾਰ ਡਿੱਗ ਰਿਹਾ ਹੈ। ਇਹ ਮਿਥ ਆਪਣੇ ਆਪ ਵਿੱਚ ਬੜੀ ਦਿਲਚਸਪ ਵੀ ਹੈ ਮਨੋਰੰਜਕ ਵੀ ਹੈ ਤੇ ਉਪਹਾਸ ਦਾ ਕਾਰਨ ਵੀ ਬਣਦੀ ਹੈ। ਅੱਜ ਵੀ ਜਦੋਂ ਉਸ ਝਰਨੇ ਨੂੰ ਵੇਖਦੇ ਹਾਂ ਤਾਂ ਪਹਿਲੀ ਨਜ਼ਰ ਇਹ ਭੁਲੇਖਾ ਪੈਂਦਾ ਹੈ ਕਿ ਜਿਵੇਂ ਉਸ ਉੱਚੇ ਪਹਾੜ ਤੋਂ ਪਾਣੀ ਨਹੀਂ ਦੁੱਧ ਡਿੱਗ ਰਿਹਾ ਹੋਵੇ । ਦੂਰ ਤੋਂ ਦੇਖਿਆ ਪਾਣੀ ਦੀ ਲਿਸ਼ਕੋਰ ਦੁੱਧ ਦਾ ਭੁਲੇਖਾ ਪਾਉਂਦੀ ਹੈ। ਜਦੋਂ ਮੈਂ ਉਸ ਪਹਾੜ ਨੂੰ ਨਜ਼ਦੀਕ ਤੋਂ ਵੇਖਿਆ ਤਾਂ ਮੇਰੇ ਤਜਰਬੇ ਵਿੱਚ ਇੱਕ ਗੱਲ ਆਈ ਕਿ ਉਹ ਪਹਾੜ ਅਤੇ ਉਸਦੇ ਆਲੇ ਦੁਆਲੇ ਦੇ ਪਹਾੜ ਵੀ ਜੇ ਦੇਖੀਏ ਤਾਂ ਉਹਨਾਂ ਵਿੱਚ ਸੰਗੇ ਮਰਮਰ ਦੀ ਚਟਾਨ ਤੇ ਰੰਗਤ ਵਧੇਰੇ ਹੈ। ਸ਼ਾਇਦ ਇਸੇ ਕਰਕੇ ਜਦੋਂ ਡਿੱਗ ਰਹੇ ਪਾਣੀ ਦੇ ਹੇਠੋਂ ਸੰਗੇ ਮਰਮਰ ਚਮਕਦਾ ਹੈ ਤਾਂ ਉਹ ਦੁੱਧ ਦਾ ਭੁਲੇਖਾ ਪਾਉਂਦਾ ਹੈ। ਮੈਂ ਹੈਰਾਨ ਹਾਂ ਭਾਰਤੀ ਲੋਕਾਂ ਦੀ ਇਸ ਮਾਨਸਿਕਤਾ ਤੋਂ ਕਿ ਕਿਵੇਂ ਹਰ ਕੁਦਰਤੀ ਵਰਤਾਰੇ ਨੂੰ ਵਿਗਿਆਨਿਕ ਤੇ ਤਾਰਿਕਕ ਨਜ਼ਰੀਏ ਤੋਂ ਵੇਖਣ ਦੀ ਥਾਂ ਇੱਕ ਮਿੱਥ ਜਾਂ ਇੱਕ ਮਾਨਤਾ ਨੂੰ ਜੋੜ ਲੈਂਦੇ ਹਨ । ਉਸ ਅਸਥਾਨ ਤੇ ਇੱਕ ਧਾਰਮਿਕ ਥਾਂ ਬਣਾ ਲੈਂਦੇ ਹਨ। ਉਥੇ ਮੱਥੇ ਟੇਕਦੇ ਹਨ, ਸੁੱਖਾਂ ਸੁੱਖਦੇ ਹਨ ਅਤੇ ਉਥੋਂ ਮੰਨਤਾਂ ਤੇ ਸੁੱਖਾਂ ਪੂਰੀਆਂ ਹੋਣ ਦਾ ਭਰਮ ਵੀ ਪਾਲ ਲੈਂਦੇ ਹਨ। ਜਦ ਕਿ ਇਹ ਇੱਕ ਕੁਦਰਤੀ ਸੱਚਾਈ ਵੀ ਹੈ ਤੇ ਵਿਗਿਆਨਿਕ ਸੱਚ ਵੀ ਹੈ ਕਿ ਬੰਦਾ ਜੋ ਸਿਰਜਦਾ ਹੈ, ਜੋ ਬਣਾਉਂਦਾ ਹੈ, ਜੋ ਹਾਸਲ ਕਰਦਾ ਹੈ ਆਪਣੀ ਮਿਹਨਤ ਅਤੇ ਸ਼ਿੱਦਤ ਦੇ ਬਲਬੂਤੇ ਤੇ ਹੀ ਪ੍ਰਾਪਤ ਕਰਦਾ ਹੈ ਪਰ ਜੇ ਇਹਨਾਂ ਦਾ ਮਿੱਥਾਂ ਦਾ ਮਨੋਰੰਜਕ ਪੱਖ ਵੇਖੀਏ ਤਾਂ ਇਹ ਆਪਣੇ ਆਪ ਵਿੱਚ ਦਿਲਚਸਪ ਵੀ ਬਹੁਤ ਲੱਗਦੀਆਂ ਹਨ।

- ਡਾ. ਰਾਮ ਮੂਰਤੀ

# ਪਰੌਂਠਾ



- ਸੁਰਿੰਦਰ ਸਿੰਘ ਸੁੰਨੜ

ਆਪਣੇ ਆਪ 'ਤੇ ਵਿਸ਼ਵਾਸ ਕਰਨ ਨੂੰ ਦਿਲ ਨਹੀਂ ਸੀ ਕਰ ਰਿਹਾ। ਮਨ ਹੀ ਮਨ ਵਿੱਚ ਕਈ ਮੰਦਰ ਬਣਾਉਣੇ ਚਾਹੇ ਲੇਕਿਨ ਸੰਪੂਰਣਤਾ ਕਿਸੇ ਵਿੱਚ ਵੀ ਨਾ ਮਿਲੀ। ਯਕੀਨ ਨਹੀਂ ਸੀ ਆ ਰਿਹਾ ਕਿ ਐਨਾ ਪੜ੍ਹ ਲਿਖ ਕੇ ਇਸ ਤਰ੍ਹਾਂ ਦਾ ਮੰਨਿਆਂ ਪਰਮੰਨਿਆਂ ਪਰਿਵਾਰ, ਜਿਸ ਦੇ ਪਿਉ ਦਾਦੇ ਅਫਸਰੀ ਠਾਠ ਨਾਲ ਰਹੇ ਹੋਣ। ਦੋ ਭਰਾ ਗਜ਼ਟਡ ਅਫਸਰ ਲੇਕਿਨ ਮੈਨੂੰ ਨੌਕਰੀ ਨਹੀਂ ਸੀ ਮਿਲ ਰਹੀ। ਸੂਰਜ ਚੜ੍ਹਦੇ ਦਾ ਤੇ ਛੁਪਣ ਲੱਗੇ ਦਾ ਕੋਈ ਬਹੁਤਾ ਫਰਕ ਹੀ ਨਹੀਂ ਸੀ ਮਹਿਸੂਸ ਹੋ ਰਿਹਾ। ਕੀ ਕਰਾਂ ਕੀ ਨਾ ਕਰਾਂ, ਕਿੱਧਰ ਨੂੰ ਜਾਵਾਂ ਕੋਈ ਵੀ ਫੈਸਲਾ ਕਰਨ ਦਾ ਕੋਈ ਕਾਰਨ ਨਹੀਂ ਸੀ ਦਿਸ ਰਿਹਾ। ਜਦੋਂ ਹੋਸਟਲ ਵਿੱਚ ਰਹਿ ਕੇ ਪੜ੍ਹਦਾ ਸਾਂ ਤਾਂ ਹਰ ਮਹੀਨੇ ਜੇਬ ਖਰਚਾ ਮੰਗਣਾ ਆਪਣਾ ਹੱਕ ਲਗਦਾ ਸੀ ਲੇਕਿਨ ਅੱਜ ਸਭ ਕੁਝ ਹੀ ਅਰਥਹੀਣ ਹੋ ਗਿਆ ਜਾਪਦਾ। ਪਿੰਡ ਹੀ ਰਹਿਣਾ। ਰਸੋਈ ਵਾਲੇ ਨੌਕਰ ਨੇ ਸਵੇਰ ਦੀ ਚਾਹ ਮੰਜੇ 'ਤੇ ਦੇ ਜਾਣੀ, ਰੋਟੀ ਵੇਲੇ ਰੋਟੀ ਮਿਲ ਜਾਣੀ। ਸ਼ਾਮ ਦਾ ਖਾਣਾ ਖਾਣ ਤੋਂ ਬਾਅਦ ਦੋ ਚਾਰ ਚੱਕਰ ਏਧਰ ਉਧਰ ਲਾ ਕੇ ਬਿਸਤਰੇ ਵਿੱਚ ਅਸਤ ਹੋ ਜਾਣਾ।

ਮਾਰਚ ਦਾ ਮਹੀਨਾ ਚੜ੍ਹ ਪਿਆ ਸੀ। ਇੱਕ ਦਿਨ ਸਵੇਰੇ ਚਾਹ ਦਾ ਕੱਪ ਪੀ ਕੇ ਘਰੋਂ ਬਾਹਰ ਨਿਕਲਣ ਲੱਗਾ। ਮੱਠੀ ਮੱਠੀ ਠੰਡ ਸੀ। ਆਪਣੇ ਬਿਸਤਰੇ 'ਤੇ ਵਿਛੀ ਚਾਦਰ ਦੀ ਬੁੱਕਲ ਮਾਰ ਲਈ। ਘਰੋਂ ਤੁਰਕੇ ਨਹਿਰ ਤੱਕ ਸਾਡੇ ਆਪਣੇ ਖੇਤਾਂ ਵਿੱਚੋਂ ਦੀ ਤੁਰਦਾ ਫਿਰਦਾ ਨਹਿਰ 'ਤੇ ਪਹੁੰਚ ਗਿਆ। ਬਿਨਾਂ ਸੋਚੇ ਸਮਝੇ ਬਿਨਾਂ ਕਿਸੇ ਦਲੀਲ ਦੇ ਨਹਿਰ ਦੇ ਕੰਢੇ ਕੰਢੇ ਤੁਰਿਆ ਗਿਆ, ਨਹਿਰੇ ਨਹਿਰ ਤੁਰਦਾ ਜਲੰਧਰ ਪਹੁੰਚ ਗਿਆ। ਪੰਜ ਕੁ ਮੀਲ ਦਾ ਪੈਂਡਾ ਸੀ। ਜਲੰਧਰ ਪਹੁੰਚ ਕੇ ਖਿਆਲ ਆਇਆ ਕਿ ਇਸ ਸ਼ਹਿਰ ਦੇ ਬਹੁਤ ਲੋਕ ਸਾਨੂੰ ਜਾਣਦੇ ਹਨ, ਕੋਈ ਦੇਖੂ ਤਾਂ ਕੀ ਸੋਚੂ? ਇਸ ਖਿਆਲ ਨਾਲ ਚਾਦਰ ਸਿਰ 'ਤੇ ਲਪੇਟ ਕੇ ਬੁੱਕਲ ਮਾਰ ਲਈ, ਅੱਧਾ ਕੁ ਮੂੰਹ ਬੁੱਕਲ ਵਿੱਚ ਲੈ ਕੇ ਹੌਲੀ ਹੌਲੀ ਤੁਰਿਆ ਗਿਆ ਤੇ ਰੇਲਵੇ ਸਟੇਸ਼ਨ ਪਹੁੰਚ ਗਿਆ। ਬੜੀ ਭੀੜ ਸੀ, ਜਿੱਧਰ ਨੂੰ ਲੋਕ ਤੁਰੇ ਜਾਣ ਉਧਰ ਨੂੰ ਮੈਂ ਵੀ ਤੁਰਿਆ ਜਾਵਾਂ। ਅੰਮ੍ਰਿਤਸਰ ਵੱਲੋਂ ਆਉਂਦੀ ਗੱਡੀ ਰੁਕੀ, ਬਹੁਤ ਲੋਕ ਉਸ ਗੱਡੀ ਵਿੱਚ ਭੱਜ-ਭੱਜ ਕੇ ਚੜ੍ਹ ਰਹੇ ਸੀ। ਮੈਂ ਵੀ ਭੱਜ ਕੇ ਚੜ੍ਹ ਗਿਆ। ਗੱਡੀ ਤੁਰ ਪਈ। ਜਿੱਥੇ ਜਿੱਥੇ ਕਿਸੇ ਨੂੰ ਸੀਟ ਮਿਲੀ ਲੋਕੀਂ ਬੈਠਦੇ ਗਏ। ਹੌਲੀ ਹੌਲੀ ਮੁਸਾਫਰ ਇੱਕ ਦੂਜੇ ਨਾਲ ਗੱਲਬਾਤ ਕਰਨ ਲੱਗ ਪਏ। ਮੇਰੇ ਲਾਗੇ ਬੈਠੀ ਇੱਕ ਔਰਤ ਮੈਨੂੰ ਪੁੱਛਣ ਲੱਗੀ, ਵੀਰਾ ਤੂੰ ਕਿੱਥੇ ਜਾਣਾ? ਮੈਨੂੰ ਤਾਂ ਖੁਦ ਨਹੀਂ ਸੀ ਪਤਾ ਕਿ ਮੈਂ ਕਿੱਥੇ ਜਾਣਾ। ਵੀਰਾ ਸੁੱਖ ਤਾਂ ਹੈ? ਕੀ ਗੱਲ ਬੋਲਦਾ ਕਿਉਂ ਨਹੀਂ, ਓਹ ਤਾਂ ਵਿਚਾਰੀ ਹਮਦਰਦੀ ਦਿਖਾ ਰਹੀ ਸੀ ਲੇਕਿਨ ਉਸ ਦੀ ਹਮਦਰਦੀ ਨੇ ਮੈਨੂੰ ਉਸ ਦੇ ਕੋਲ ਬੈਠਣਾ ਔਖਾ ਕਰ ਦਿੱਤਾ। ਪਰ ਚੱਲਦੀ ਗੱਡੀ 'ਚੋਂ ਜਾਵਾਂ ਤਾਂ ਕਿੱਥੇ ਜਾਵਾਂ। ਏਨੇ ਨੂੰ ਗੱਡੀ ਲੁਧਿਆਣੇ ਆ ਕੇ ਰੁਕੀ। ਮੈਂ ਫਟਾ ਫਟ ਗੱਡੀ 'ਚੋਂ ਉਤਰ ਗਿਆ।

ਜੇ ਕੋਈ ਮੇਰੇ ਵੱਲ ਅੱਖਾਂ ਨਾਲ ਅੱਖਾਂ ਪਾ ਕੇ ਦੇਖਦਾ ਤਾਂ ਮੈਂ ਇਕ ਦਮ ਨੀਵੀਂ ਪਾ ਲੈਂਦਾ। ਮੈਨੂੰ ਲਗਦਾ ਜਿਵੇਂ ਕੋਈ ਸਵਾਲ ਕਰ ਰਿਹਾ ਹੋਵੇ, ਕਿਉਂਕਿ ਕਿਸੇ ਵੀ ਸਵਾਲ ਦਾ ਜਵਾਬ ਤਾਂ ਮੇਰੇ ਕੋਲ ਸੀ ਨਹੀਂ। ਲੋਕਾਂ ਦੀ ਭੀੜ ਤੋਂ ਪਾਸੇ ਜਾਣ ਦੀ ਕੋਸ਼ਿਸ਼ ਵਿੱਚ ਮੈਂ ਇਕਾਂਤ ਭਾਲਦਾ ਭਾਲਦਾ ਲੁਧਿਆਣੇ ਤੋਂ ਬਾਹਰ ਨਿਕਲ ਗਿਆ। ਏਨੇ ਨੂੰ ਮਾੜਾ ਮਾੜਾ ਹਨ੍ਹੇਰਾ ਹੋਣ ਲੱਗ ਪਿਆ ਸੀ। ਸ਼ਹਿਰ ਦੇ ਬਾਹਰਵਾਰ ਇੱਕ ਬੰਦ ਹੋ ਚੁੱਕੀ ਦੁਕਾਨ ਦੇ ਮੋਹਰੇ ਬਣੇ ਥੜ੍ਹੇ ਤੇ ਮੈਂ ਬੈਠ ਗਿਆ। ਥੜ੍ਹੇ ਤੇ ਕੋਈ ਸਾਰਾ ਦਿਨ ਕੋਲਿਆਂ ਦੀ

ਭੱਠੀ ਬਾਲ ਕੇ ਕੁਝ ਪਕਾਉਂਦਾ ਰਿਹਾ ਹੋਣਾ। ਭੱਠੀ ਹਾਲੇ ਪੂਰੀ ਗਰਮ ਸੀ । ਸਾਰਾ ਦਿਨ ਤੁਰ ਤੁਰ ਕੇ ਥੱਕਿਆ ਮੈਂ ਉਸ ਥੜ੍ਹੇ ਤੇ ਚਾਦਰ ਉੱਪਰ ਲੈ ਕੇ ਲੇਟ ਗਿਆ ਤੇ ਮੈਨੂੰ ਨੀਂਦ ਆ ਗਈ। ਤੜਕੇ ਉੱਠਿਆ ਠੰਡ ਲੱਗ ਰਹੀ ਸੀ। ਭੱਠੀ ਦੀ ਗਰਮੀ ਰਾਤੋ ਰਾਤ ਠੰਡੀ ਹੋ ਚੁੱਕੀ ਸੀ। ਚਾਦਰ ਦੀ ਬੁੱਕਲ ਮਾਰ ਕੇ ਮੈਂ ਹੌਲੀ ਹੌਲੀ ਤੁਰ ਪਿਆ। ਤੁਰਨ ਨਾਲ ਸਰੀਰ ਥੋੜ੍ਹਾ ਗਰਮੀ ਵਿੱਚ ਆ ਗਿਆ। ਸੂਰਜ ਵੀ ਚੜ੍ਹ ਪਿਆ, ਮੈਂ ਜੀ ਟੀ ਰੋਡ ਦੇ ਪਾਸੇ ਪਾਸੇ ਤੁਰਿਆ ਗਿਆ। ਹਾਲੇ ਸਵੇਰਾ ਹੀ ਸੀ ਕਿ ਮੈਂ ਫਲੌਰ ਪਹੁੰਚ ਗਿਆ। ਸੜਕ ਦੇ ਦੋਵੇਂ ਪਾਸੇ ਲੋਕ ਤੁਰੇ ਫਿਰਦੇ ਨਜ਼ਰ ਆਏ ਲੋਕਾਂ ਤੋਂ ਪਰੇ ਪਰੇ ਰਹਿਣ ਲਈ ਮੈਂ ਖੱਬੇ ਪਾਸੇ ਜਾਂਦੀ ਇੱਕ ਸੜਕ ਤੇ ਮੁੜ ਗਿਆ। ਉਸ ਸੜਕ ਤੇ ਮੈਂ ਹਾਲੇ ਥੋੜਾ ਦੂਰ ਹੀ ਗਿਆ ਸਾਂ ਕਿ ਮੀਲ ਪੱਥਰ ਤੇ ਜੰਡਿਆਲਾ ਲਿਖਿਆ ਪੜ੍ਹ ਕੇ ਮੈਨੂੰ ਪਤਾ ਲੱਗ ਗਿਆ ਕਿ ਮੈਂ ਆਪਣੇ ਪਿੰਡ ਵੱਲ ਨੂੰ ਹੀ ਜਾ ਰਿਹਾ ਹਾਂ। ਇੱਕ ਗੱਲ ਦਾ ਹੌਂਸਲਾ ਹੋ ਗਿਆ ਕਿ ਜੇ ਮੈਨੂੰ ਹੁਣ ਕੋਈ ਪੁੱਛੂ ਕਿੱਥੇ ਚੱਲਿਆਂ ਤਾਂ ਮੈਂ ਆਪਣਾ ਪਿੰਡ ਦੱਸ ਸਕਦਾ ਹਾਂ। ਸੜਕ ਤੇ ਡਿਗਿਆ ਕਿਸੇ ਦਾ ਗੰਨਾਂ ਚੁੱਕ ਕੇ ਚੂਪਦਾ ਤੁਰਿਆ ਗਿਆ। ਗੰਨਾਂ ਚੂਪਣ ਨਾਲ ਜਿਵੇਂ ਯਾਦ ਆ ਗਿਆ ਕਿ ਮੈਂ ਤਾਂ ਕੱਲ ਦਾ ਕੁਝ ਖਾਧਾ ਹੀ ਨਹੀਂ। ਖੈਰ ਭੁੱਖ ਨੂੰ ਭੁਲਾਉਣ ਦੀ ਕੋਸ਼ਿਸ਼ ਕਰਦਾ ਤੁਰਿਆ ਗਿਆ।

ਤਕਰੀਬਨ ਦੁਪੈਹਰ ਦਾ ਸਮਾਂ ਹੋ ਗਿਆ, ਅੱਗੇ ਇੱਕ ਪਿੰਡ ਨਜ਼ਰ ਆਇਆ। ਪਿੰਡ ਦਾ ਸਕੂਲ ਸੜਕ ਦੇ ਬਿਲਕੁਲ ਨਾਲ ਸੀ। ਸਕੂਲ ਦੇ ਸਾਹਮਣੇ ਸੜਕ ਦੇ ਕੰਡੇ ਤੇ ਕਈ ਦਰਖਤ ਸਨ। ਦੁਪੈਹਰ ਵੇਲੇ ਗਰਮੀ ਥੋੜ੍ਹੀ ਥੋੜ੍ਹੀ ਚੁੱਭ ਰਹੀ ਸੀ । ਮੈਂ ਥਕਾਵਟ ਵੀਮਹਿਸੂਸ ਕਰ ਰਿਹਾ ਸੀ। ਜ਼ਰਾ ਕ ਆਰਾਮ ਕਰਨ ਦੀ ਸੋਚ ਕੇ ਇੱਕ ਦਰਖਤ ਹੇਠਾਂ ਮੈਂ ਬੈਠ ਗਿਆ। ਮੈਂ ਹਾਲੇ ਬੈਠਾ ਹੀ ਸੀ ਕਿ ਘੰਟੀ ਵੱਜੀ ਸਕੂਲ ਵਿੱਚ ਅੱਧੀ ਛੁੱਟੀ ਹੋਈ।

ਬੱਚੇ ਦੌੜੇ ਦੌੜੇ ਆਏ, ਪੰਜ ਸੱਤ ਬੱਚੇ ਉਸੇ ਦਰਖਤ ਹੇਠਾਂ ਆ ਬੈਠੇ ਤੇ ਉਨ੍ਹਾਂ ਆਪੋ ਆਪਣਾ ਲੰਚ ਖੋਹਲ ਕੇ ਖਾਣਾ ਸ਼ੁਰੂ ਕਰ ਦਿੱਤਾ। ਇੱਕ ਲੜਕਾ ਮੇਰੇ ਤੋਂ ਦੋ ਕੁ ਗਜ ਦੂਰ ਬੈਠਾ ਸੀ। ਕੱਪੜੇ ਲੱਤੇ ਤੋਂ ਕਿਸੇ ਸਰਦੇ ਪੁਜਦੇ ਘਰ ਦਾ ਲਗਦਾ ਸੀ । ਉਸ ਨੇ ਆਪਣਾ ਰੋਟੀ ਵਾਲਾ ਡੱਬਾ ਖੋਲਿਆ, ਵਿੱਚੋਂ ਇੱਕ ਪਰੌਂਠਾ ਕੱਢਿਆ ਤੇ ਖਾਣ ਲੱਗ ਪਿਆ। ਏਨੀ ਵਧੀਆ ਮਹਿਕ ਆਈ ਕਿ ਰੋਕਦਿਆਂ ਰੋਕਦਿਆਂ ਵੀ ਮੈਂ ਉਸ ਦਸ ਬਾਰਾਂ ਸਾਲ ਦੇ ਬੱਚੇ ਦੀਆਂ ਸਾਰੀਆਂ ਬੁਰਕੀਆਂ ਗਿਣਦਾ ਰਿਹਾ। ਉਸ ਬੱਚੇ ਦਾ ਹਾਣੀ ਪਰਮਾਣੀ ਇੱਕ ਲੜਕਾ, ਜਿਸ ਨੇ ਲੰਬਾ ਜਿਹਾ ਝੱਗਾ ਪਾਇਆ ਹੋਇਆ ਸੀ, ਸਿਰੋਂ ਪੈਰੋਂ ਨੰਗਾ, ਝੱਗੇ ਵਿੱਚ ਵੀ ਇੱਕ ਦੋ ਮੋਰੀਆਂ ਸਨ। ਇੱਕ ਮੋਰੀ ਵਿੱਚ ਦੀ ਤਾਂ ਉਸ ਦਾ ਢਿੱਡ ਨਜ਼ਰ ਆ ਰਿਹਾ ਸੀ। ਹੌਲੀ ਹੌਲੀ ਲਾਗੇ ਆ ਖੜ੍ਹਾ ਹੋਇਆ ਤੇ ਪਰੌਂਠਾ ਖਾ ਰਹੇ ਬੱਚੇ ਦੀਆਂ ਬੁਰਕੀਆਂ ਮੇਰੇ ਨਾਲੋਂ ਵੀ ਵੱਧ ਨੀਝ ਨਾਲ ਗਿਨਣ ਲੱਗਾ। ਉਸ ਦਾ ਧਿਆਨ ਏਨਾ ਗਵਾਚਿਆ ਹੋਇਆ ਸੀ ਬੁਰਕੀਆਂ ਵਿੱਚ ਕਿ ਦੋ ਵਾਰ ਉਸ ਦੀ ਆਪਣੀ ਉਂਗਲੀ ਫਟੀ ਹੋਈ ਕਮੀਜ ਦੀ ਮੋਰੀ ਵਿੱਚ ਗਈ ਤੇ ਅਚੇਤ ਹੀ ਉਸ ਨੇ ਆਪਣਾ ਕਮੀਜ਼ ਥੋੜ੍ਹਾ ਜਿਹਾ ਹੋਰ ਪਾੜ ਲਿਆ।

ਇੱਕ ਤਾਜ਼ੀ ਸੂਈ ਲਗਦੀ ਕੁੱਤੀ ਵੀ ਸਾਡੇ ਲਾਗੇ ਹੋ ਕੇ ਬੈਠ ਗਈ। ਮੈਂ, ਨੰਗੇ ਢਿੱਡ ਵਾਲਾ ਮੁੰਡਾ ਅਤੇ ਤਾਜ਼ੀ ਸੂਈ ਕੁੱਤੀ ਅਸੀਂ ਤਿੰਨੇ ਬੜੇ ਧਿਆਨ ਨਾਲ ਪਰੌਂਠਾ ਖਾ ਰਹੇ ਬੱਚੇ ਵੱਲ ਟਿਕਟਿਕੀ ਲਾ ਕੇ ਦੇਖ ਰਹੇ ਸਾਂ। ਇੱਕ ਪਰੌਂਠਾ ਖਾ ਕੇ ਉਹ ਸ਼ਾਇਦ ਰੱਜ ਗਿਆ। ਉਸ ਦੇ ਡੱਬੇ ਵਿੱਚ ਇੱਕ ਹੋਰ ਪਰੌਂਠਾ ਸੀ। ਉਸ ਨੇ ਅੱਧਾ ਪਰੌਂਠਾ ਤੋੜ ਕੇ ਕੁੱਤੀ ਵੱਲ ਸੁੱਟਿਆ, ਕੁੱਤੀ ਨੇ ਹਾਲੇ ਮਾੜਾ ਜਿਹਾ ਮੂੰਹ ਲਾਇਆ ਹੀ ਸੀ ਕਿ ਲਾਗੇ ਖੜੋਤੇ ਮੁੰਡੇ ਨੇ ਕੁੱਤੀ ਨੂੰ ਦਬਕ ਕੇ ਪਰੌਂਠਾ ਚੁੱਕ ਲਿਆ ਤੇ ਫਟਾ ਫਟ ਖਾ ਗਿਆ। ਕੁੱਤੀ ਦਾ ਜੂਠਾ ਖਾ ਗਿਆ, ਕੁੱਤੀ ਦਾ ਜੂਠਾ ਖਾ ਗਿਆ, ਰੌਲਾ ਸੁਣ ਕੇ ਕਈ ਹੋਰ ਬੱਚੇ ਵੀ ਕੱਠੇ ਹੋ ਗਏ। ਜੋ ਅੱਧਾ ਪਰੌਂਠਾ ਹਾਲੇ ਬਚਿਆ ਸੀ, ਉਹ ਫਿਰ ਉਸ ਲੜਕੇ ਨੇ ਕੁੱਤੀ ਵੱਲ ਨੂੰ ਸੁੱਟਣਾ ਚਾਹਿਆ ਪਰ ਇਸ ਵਾਰ ਉਸ ਲੰਬੇ ਝੱਗੇ ਵਾਲੇ ਮੰਡੇ ਨੇ ਬੜੀ ਫੁਰਤੀ ਕੀਤੀ।

ਛਾਲ ਮਾਰ ਕੇ ਚੁੱਕ ਲਿਆ ਕੁੱਤੀ ਨੂੰ ਮੂੰਹ ਵੀ ਨਾ ਲਾਉਣ ਦਿੱਤਾ। ਸਾਰੇ ਬੱਚੇ---- ਹੋ ਈ ਓਏ- ਹੋ ਈ ਓਏ ਰੌਲਾ ਪਾਉਂਦੇ ਰਹੇ। ਸਿਰੋਂ ਪੈਰੋਂ ਨੰਗਾ ਉਹ ਮੁੰਡਾ ਪਰੌਠੇ ਦਾ ਮਜ਼ਾ ਲੈਂਦਾ ਟਪੂਸੀਆਂ ਮਾਰਦਾ ਸਕੂਲ ਵੱਲ ਨੂੰ ਚਲਾ ਗਿਆ।

# ਇਲਾਹੀ ਨਦਰ ਦੇ ਪੈਂਡੇ

(ਮਹਾਂਕਾਵਿ) (ਭਾਗ - 4)

**ਚੇਤਨ ਸਿੰਘ,**
ਸਾਬਕਾ ਡਾਇਰੈਕਟਰ
ਭਾਸ਼ਾ ਵਿਭਾਗ, ਪੰਜਾਬ



*(ਪ੍ਰੋ. ਹਰਿੰਦਰ ਸਿੰਘ ਮਹਿਬੂਬ ਦਾ ਰਚਿਆ ਸ਼ਾਹਕਾਰ ਮਹਾਂਕਾਵਿ ਭਾਗ ਚੌਥਾ ਗੁਰੂ ਗੋਬਿੰਦ ਸਿੰਘ ਜੀ ਦੇ ਮਹਾਨ ਜੀਵਨ ਤੇ ਉਦੇਸ਼ ਬਾਰੇ ਹੈ। ਸੰਕੇਤ ਤੱਥਾਂ ਮਿਥਾਂ ਦੀ ਯੋਗ, ਕਠਨ, ਢੁਕਵੀਂ ਸ਼ਬਦਾਵਲੀ ਤੇ ਖ਼ਿਆਲ ਦੀ ਪ੍ਰਵਾਜ਼ ਨੂੰ ਸਮਝਣਾ ਆਮ ਪਾਠਕ ਲਈ ਔਖਾ ਹੈ। ਐਪਰ 'ਸਹਿਜੇ ਰਚਿਓ ਖ਼ਾਲਸਾ' ਦਾ ਦੀਰਘ ਅਧਿਐਨ ਮਹਾਂਕਾਵਿ ਸਮਝਣ ਵਿਚ ਸਹਾਇਤਾ ਕਰਦਾ ਹੈ। ਮਹਾਕਾਵਿ ਨੂੰ ਵਾਰਤਕ ਵਿਚ ਲਿਖਣ ਸਮਝਣ (Parapharase) ਲਈ ਇਹ ਮੇਰੇ ਨਿੱਜੀ ਨੋਟਸ ਹਨ। ਪਾਠਕ ਆਪਣੀ ਉਚੀ ਸੁਰਤਿ ਨਾਲ ਇਸ ਦੀ ਉਚਿਆਈ ਤੱਕ ਪਹੁੰਚ ਸਕਦੇ ਹਨ।*

ਵਾਰਤਕ ਰੂਪ – ਚੇਤਨ ਸਿੰਘ

(2)

**ਰੌਸ਼ਨੀ ਦੇ ਰਾਹ**

**(ਪਹੋਏ ਦੇ ਜੋਗੀਆਂ ਦੇ ਗੀਤ)**

ਘੱਘਰ ਦਰਿਆ ਦੇ ਸ਼ਾਂਤ ਵਹਿ ਰਹੇ ਨਿਰਮਲ ਪਾਣੀ ਕਿਸੇ ਪੁਰਾਤਨ ਤਵਾਰੀਖ਼ ਦੇ ਪੰਨੇ ਫ਼ਰੋਲ ਰਹੇ ਹਨ। ਇਹਨਾਂ ਪਾਣੀਆਂ ਵਿੱਚ ਸਮੇਂ ਦੇ ਇਲਾਹੀ ਗੀਤ ਸਮੋਏ ਹੋਏ ਹਨ ਜਿਹੜੇ ਧਾਰਮਕ ਗ੍ਰੰਥਾਂ ਦੀ ਰੂਹਾਨੀ ਗੂੰਜ ਵਿੱਚੋਂ ਪੈਦਾ ਹੋਏ ਸਨ। ਇਹ ਧਰਤੀ ਇਕ ਅਜਿਹੇ ਬਾਲ ਪੈਗੰਬਰ ਦੀ ਉਡੀਕ ਵਿੱਚ ਸੀ ਜਿਹੜਾ ਅੱਜ ਇਹਨਾਂ ਨਿਰਮਲ ਪਾਣੀਆਂ ਦੇ ਕੰਢੇ ਪੈਦਾ ਹੋਇਆ ਹੈ। ਇਸ ਫ਼ਰਿਆਦ ਦੇ ਸੁਣੇ ਜਾਣ ਨਾਲ ਮਾਨਵ ਜਿੱਤ ਦਾ ਸੁਹਜ-ਸੁਆਦ ਬੇਚੈਨ ਪੁਸ਼ਤਾਂ ਨੂੰ ਧੀਰਜ ਦੇ ਰਿਹਾ ਹੈ। ਉੱਚੇ ਪਹਾੜਾਂ ਵਿੱਚ ਰਹਿਣ ਵਾਲੇ ਇਨ੍ਹਾਂ ਜੋਗੀਆਂ ਨੇ ਪਹੋਏ ਦੇ ਮੈਦਾਨਾਂ ਵਿੱਚ ਆਸਣ ਲਗਾਏ ਹੋਏ ਹਨ। ਭਾਵੇਂ ਉਨ੍ਹਾਂ ਨੇ ਰਿੱਧੀਆਂ-ਸਿੱਧੀਆਂ ਦੀਆਂ ਮਾਣ ਮੱਤੀਆਂ ਪ੍ਰਾਪਤ ਕਰ ਲਈਆਂ ਸਨ ਪਰ ਤਾਂ ਵੀ ਉਨ੍ਹਾਂ ਦੀ ਅੰਦਰਲੀ ਅਵਸਥਾ ਰੂਹਾਨੀਅਤ ਤੋਂ ਸੱਖਣੀ ਸੀ। ਜਦੋਂ ਇਹੋ ਜਿਹੇ ਵੱਡੇ ਜੋਗੀ ਵੀ ਨਾਸ਼ਮਾਨ ਸੰਸਾਰ ਵਿੱਚ ਅੰਤ੍ਰੀਵ ਤੌਰ 'ਤੇ ਖ਼ਾਲੀ ਖ਼ਾਲੀ ਹਨ ਤਾਂ ਉਨ੍ਹਾਂ ਦੇ ਝੂਠੇ ਗੁਮਾਨ ਦੇ ਆਸਣ ਨੇ ਇੱਕ ਦਿਨ ਚੂਰ ਚੂਰ ਹੋਣਾ ਹੀ ਸੀ। ਉਧਰ ਸਰਸਵਤੀ ਦੇ ਕੰਢੇ ਵੈਰਾਗਵਾਨ ਹੋਏ ਜੋਗੀਆਂ ਨੂੰ ਵੀ ਕੋਈ ਰੂਹਾਨੀ ਅਨੁਭਵ ਹੋਇਆ ਹੈ।

ਘੁੜਾਮ ਸ਼ਹਿਰ ਦੇ ਜੋਗੀਆਂ ਦੀ ਰੂਹ ਉਦਰ ਗਈ ਕਿਉਂਕਿ ਸਾਰੀ ਉਮਰ ਜੋਗ ਦੀਆਂ ਜਿੱਤਾਂ ਦਾ ਨਸ਼ਾ ਝੂਠਾ ਆਸਰਾ ਬਣਿਆ ਰਿਹਾ। ਉਨ੍ਹਾਂ ਨੂੰ ਇਹ ਗਿਆਨ ਹੋ ਗਿਆ ਕਿ ਭਾਵੇਂ ਅਸੀਂ ਜੋਗ ਦੀਆਂ ਉੱਚੀਆਂ ਮੰਜਲਾਂ ਪ੍ਰਾਪਤ ਕਰ ਲਈਆਂ ਹਨ, ਪਰ ਧਰਤ ਦਾ ਦੁੱਖ ਵੰਡਾਉਂਣ ਲਈ ਇਹ ਜੋਗ-ਜੁਗਤਾਂ ਤਾਂ ਵੀ ਨਿਗੁਣੀਆਂ ਹਨ। ਇਸ ਲਈ ਪੀਰ ਜੀ ਆਪਣੇ ਭੇਦ ਜੋਗੀਆਂ ਨੂੰ ਖ਼ੁਸ਼ੀ ਖ਼ੁਸ਼ੀ ਦੱਸ ਰਿਹਾ ਹੈ ਕਿ ਇਸ ਧਰਤ ਦਾ ਹਨ੍ਹੇਰਾ ਦੂਰ ਕਰਨ ਲਈ ਦੂਰ ਗੰਗਾ ਦੇ ਕੰਢੇ ਪੂਰਬ ਵਿੱਚ ਇੱਕ ਬਾਲ-ਪੈਗੰਬਰ ਦੇ ਰੂਪ ਵਿੱਚ ਪ੍ਰਕਾਸ਼ ਦਾ ਪਹੁ-ਫੁਟਾਲਾ ਹੋ ਗਿਆ ਹੈ। ਪੀਰ ਜੀ ਨੂੰ ਜਾਪਿਆ ਕਿ ਸਾਰੀ ਧਰਤੀ ਦੇ ਰੂਹਾਨੀ ਤੌਰ 'ਤੇ ਸੁੱਕ ਗਏ ਜਾਂ ਮੁਰਝਾਏ ਜੀਵਾਂ ਦੀ ਤਪਸ਼ ਨੂੰ ਹੁਣ ਠੰਡੀ ਪਤਰਾਲੀ ਛਾਓਂ ਦੇਣ ਵਾਲਾ ਪੁਰਖ ਪੈਦਾ ਹੋ ਗਿਆ ਹੈ। ਧਰਤੀ ਦੇ ਸੁੱਤੇ ਭਾਗ ਹੁਣ ਜਾਗ ਪਏ ਹਨ।

ਸਰਸਵਤੀ ਪੱਤਣਾਂ ਦੇ ਕੰਢੇ ਜੋਗੀਆਂ ਨੂੰ ਨੀਂਦ ਵਿੱਚ ਇਹੋ ਜਿਹੇ ਰਹੱਸਮਈ ਸੁਪਨੇ ਆਉਂਦੇ ਹਨ। ਇਸ ਮਿੱਠੀ ਨੀਂਦ ਵਿੱਚ ਉਨ੍ਹਾਂ ਨੂੰ ਰੂਹਾਨੀ ਧਰਵਾਸੇ ਮਿਲਦੇ ਹਨ। ਇਸ ਸੁਪਨਮਈ ਅਵਸਥਾ ਵਿੱਚ ਉਨ੍ਹਾਂ ਦੇ ਹਿਰਦਿਆਂ ਵਿੱਚ ਹੁੰਦਾ ਇਹ ਪ੍ਰਕਾਸ਼ ਉਨ੍ਹਾਂ ਲਈ ਇੱਕ ਨਵਾਂ ਤੇ ਅਸਲ ਜੋਗ ਹੈ। ਇਹੋ ਜਿਹੀ ਸੁਭਾਗੜੀ ਨੀਂਦ ਵਿਰਲਿਆਂ ਨੂੰ ਨਸੀਬ ਹੁੰਦੀ ਹੈ। ਇਨ੍ਹਾਂ ਵਹਿੰਦੇ ਦਰਿਆਵਾਂ ਦੇ ਪੱਤਣਾਂ ਕਿਨਾਰੇ ਆਸਣ ਲਾਈ ਬੈਠੇ ਜੋਗੀ ਇਸ ਮਿੱਠੀ ਨੀਂਦ ਵਿੱਚ ਵੇਖੇ ਭਵਿੱਖ ਨੂੰ ਦੱਸਣ ਦਾ ਹੁਣ ਯਤਨ ਕਰਨਗੇ। ਦੂਰ ਉੱਚੇ ਆਕਾਸ਼ਾਂ ਵਿੱਚ ਟਿਕੇ ਹੋਏ ਤਾਰੇ ਵੀ ਇਸ ਤਵਾਰੀਖ਼ੀ ਰਾਤ ਦੇ ਰੂਹਾਨੀ ਭੇਦ ਦੇ ਜ਼ਾਮਨ ਬਣੇ ਰਹਿਣਗੇ। ਸਾਰੀ ਕੁਦਰਤ ਵਿੱਚ ਬਾਲ ਗੁਰੂ ਗੋਬਿੰਦ ਸਿੰਘ ਦੇ ਆਗਮਨ ਦੀ

ਕੰਨਸੋਆ ਫ਼ੈਲ ਰਹੀ ਹੈ। ਪੋਹ ਦੀ ਸੱਤਵੀਂ ਦਾ ਦਿਨ ਸਾਰੀ ਧਰਤ ਨੂੰ ਕਿਸੇ ਵਿਸ਼ੇਸ਼ ਰੂਹਾਨੀ ਰੰਗ ਵਿੱਚ ਰੰਗ ਰਿਹਾ ਹੈ। ਜੋਗੀਆਂ ਨੂੰ ਅੰਤਰ ਆਤਮੇ ਪ੍ਰਤੀਤ ਹੋ ਰਿਹਾ ਹੈ ਕਿ ਉਨ੍ਹਾਂ ਦੇ ਜੋਗ ਦੀ ਜੁਗਤੀ ਮਾਨਵ ਕਲਿਆਣਕਾਰੀ ਨਹੀਂ ਸੀ। ਇਸ ਪਾਖੰਡ ਜੋਗ ਨੇ ਰੂਹਾਨੀਅਤ ਤੋਂ ਸੱਖਣੀਆਂ ਜਿੰਦਾਂ ਨੂੰ ਕੋਈ ਸੱਚ ਦੇ ਮਾਰਗ ਦੀ ਦੱਸ ਹੀ ਨਹੀਂ ਪਾਈ। ਇਨ੍ਹਾਂ ਡੂੰਘੀਆਂ ਖਾਈਆਂ ਵਰਗੀਆਂ ਖ਼ਾਲੀ ਰੂਹਾਂ ਨੇ ਮਨੁੱਖ ਨੂੰ ਇਕੱਲ ਹੀ ਦਿੱਤੀ। ਇਨ੍ਹਾਂ ਜੋਗੀਆਂ ਨੂੰ ਹੈਰਾਨੀ ਹੋ ਰਹੀ ਹੈ ਕਿ ਅੱਜ ਦੀ ਸੱਤਵੀਂ ਨੂੰ ਪੈਦਾ ਹੋਣ ਵਾਲੇ ਬਾਲ ਦੇ ਆਗਮਨ ਦੀ ਉਨ੍ਹਾਂ ਨੂੰ ਪਹਿਲਾਂ ਕੰਨਸੋਅ ਕਿਉਂ ਨਾ ਸੁਣੀ? ਉਨ੍ਹਾਂ ਨੂੰ ਜਾਪਿਆ ਜਿਵੇਂ ਪੱਤਣਾਂ ਦੇ ਕੰਢਿਆਂ 'ਤੇ ਰਹਿੰਦਿਆਂ ਉਮਰਾਂ ਤਾਂ ਵਿਹਾਅ ਦਿੱਤੀਆਂ ਪਰ ਸੱਚ ਦੇ ਅੰਤਮ ਘਰ ਵਾਲੇ ਕਿਨਾਰੇ ਵੱਲ ਇੱਕ ਵੀ ਕਦਮ ਸਫ਼ਲਾ ਨਾ ਹੋਇਆ। ਹੁਣ ਉਨ੍ਹਾਂ ਦੀ ਜ਼ਿਹਨੀ ਚੇਤਨਾ ਨੂੰ ਮਹਿਸੂਸ ਹੋ ਰਿਹਾ ਹੈ ਕਿ ਇਸ ਬਾਲ ਆਗਮਨ ਦੀਆਂ ਪੈੜਾਂ ਕਮਾਲ ਦੀਆਂ ਹੋਣਗੀਆਂ। ਇਹ ਜੋਗੀ ਪੂਰਬ ਵਿੱਚ ਜਗੇ ਦੀਪ ਦੀ ਲੋਅ ਵਿੱਚ ਆਪੇ ਦੀ ਪਛਾਣ ਕਰਨ ਲਈ ਚੱਲ ਪਏ ਹਨ। ਸਾਰਾ ਮਾਰਗ ਉਨ੍ਹਾਂ ਨੂੰ ਸੁਹਾਵਣਾ ਲੱਗਦਾ ਹੈ। ਹਰ ਪੜਾਅ 'ਤੇ ਉਨ੍ਹਾਂ ਦੇ ਦਿਲਾਂ ਨੂੰ ਖਿੱਚ ਪੈ ਰਹੀ ਹੈ ਤੇ ਕੋਈ ਸੱਦ ਸੁਣੀਂਦੀ ਹੈ। ਪੱਤਣਾਂ 'ਤੇ ਉਹ ਪੂਰਬ ਵਿਚ ਜਨਮੇ ਬਾਲ ਪੈਗੰਬਰ ਦੀ ਆਮਦ ਦਾ ਜ਼ਿਕਰ ਵਾਰ-ਵਾਰ ਕਰਦੇ ਹਨ ਕਿ ਉਸ ਨੇ ਨਵਾਂ ਇਤਿਹਾਸ (ਨਵੀਂ ਲਕੀਰ) ਸਿਰਜ ਵਿਖਾਉਂਣਾ ਹੈ। ਉਸ ਦੀ ਸਮਸ਼ੀਰ ਨੇ 'ਖ਼ਾਲਸਾ' ਸਿਰਜਣਾ ਹੈ। ਉਸ ਦੇ ਜੀਵਨ ਕਾਲ ਵਿੱਚ ਦਮਾਮੇ ਉੱਪਰ ਵਾਰ ਵਾਰ ਚੋਟਾਂ ਪੈਣਗੀਆਂ। ਉਹਦਾ ਬਾਜ਼ ਵੀ ਉਸ ਦੇ ਕੌਤਕਾਂ 'ਚ ਸ਼ਰੀਕ ਹੋਵੇਗਾ। ਉਹਦੀ ਬਾਣੀ ਵਿੱਚ ਡੂੰਘੇ ਇਲਾਹੀ ਭੇਦ ਹੋਣਗੇ। ਉਸ ਦੇ ਦਰਸ਼ਨਾਂ ਦੀ ਸਿੱਕ ਵਿੱਚ ਸਾਡੇ ਜੰਗਲਾਂ ਦੇ ਰਸਤੇ ਸੌਖ਼ੇ ਤਹਿ ਹੋਣਗੇ। ਸਾਡਾ ਜੋਗ ਕਿਸੇ ਕੰਮ ਨਾ ਆਇਆ। ਸਾਨੂੰ ਤੇ ਉਸ ਦੀ ਸੋਹਣੀ ਕਲਗੀ ਨਜ਼ਰ ਪਈ ਆਉਂਦੀ ਹੈ ਜਿਸ ਨੇ ਰਣ-ਤੱਤੇ ਵਿੱਚ ਵੈਰੀਆਂ ਨੂੰ ਪਾਣੀ ਦੇ ਨਾਲ ਮੱਲ੍ਹਮ ਪੱਟੀ ਲਾਉਂਣ ਦੀ ਪ੍ਰੇਰਨਾ ਦੇਣੀ ਹੈ। ਇੱਕ ਜੋਗੀ ਗੰਗਾ ਮਈਆ ਦੇ ਵੱਡੇ ਭਾਗ ਜਾਣ ਕੇ ਗੰਗਾ ਨਾਲ ਇਉਂ ਗੱਲਾਂ ਪਿਆ ਕਰਦਾ ਹੈ,

"ਹੇ ਗੰਗਾ! ਤੇਰੇ ਵਹਿਣ ਵਿੱਚ ਕਿੰਨੀ ਰਵਾਨੀ ਤੇ ਡੂੰਘਿਆਈ ਹੈ। ਤੇਰੇ ਕੰਢੇ ਉੱਤੇ ਕਦੀ ਇਲਾਹੀ ਨੂਰ ਲਿਸ਼ਕਦਾ ਹੈ ਤੇ ਕਦੇ ਗਿਆਨ-ਗੋਸ਼ਟੀਆਂ ਹੁੰਦੀਆਂ ਹਨ ਅਤੇ ਕਦੇ ਉੱਚੀ ਅਤੇ ਧੀਮੀ ਆਵਾਜ਼ ਵਿੱਚ ਰਾਗ ਗੂੰਜਦੇ ਹਨ। ਤੇਰੇ ਕੰਢਿਆਂ ਤੇ ਆਦਿ ਕਾਲ ਤੋਂ ਜੋਗੀਆਂ ਨੇ ਹੱਠ ਯੋਗ ਦੀ ਸਾਧਨਾ ਕੀਤੀ। ਤੇਰੇ ਇਨ੍ਹਾਂ ਪਾਣੀਆਂ ਕੰਢੇ ਗੀਤਾ ਅਤੇ ਵੇਦਾਂ ਦਾ ਗਿਆਨ ਫ਼ੈਲਿਆ ਪਰ ਫਿਰ ਵੀ ਤੈਨੂੰ ਕਿਸੇ ਅੰਤਮ ਸੱਚ ਵਾਲੇ ਗਿਆਨ ਦੀ ਇੰਤਜ਼ਾਰ ਰਹੀ। ਇਹ ਵੀ ਸੱਚ ਹੈ ਕਿ ਤੇਰੇ ਕੋਲੋਂ ਕਈ ਵਾਰ ਨੂਰੀ ਜਲਵਿਆਂ ਦੇ ਭੇਦ ਸੰਭਾਲੇ ਵੀ ਨਹੀਂ ਗਏ। ਭਾਵੇਂ ਤੂੰ ਬੇਸ਼ੁਮਾਰ ਗਿਆਨ ਗੋਸ਼ਟੀਆਂ ਹੁੰਦੀਆਂ ਸੁਣੀਆਂ ਹਨ ਪਰ 'ਆਖਰੀ ਅਲੇਖ' ਦਾ ਭੇਤ ਵੀ ਤੇਰੀ ਪਕੜ ਤੋਂ ਦੂਰ ਰਿਹਾ। ਸ਼ੇਖਾਂ, ਪੀਰਾਂ, ਫ਼ਕੀਰਾਂ ਤੇ ਜੋਗੀਆਂ ਨੇ ਆਪਣੀ ਆਪਣੀ ਪਹੁੰਚ ਅਨੁਸਾਰ ਇਨਸਾਨ ਨੂੰ ਕਰਮ-ਕਾਂਡ ਦੀਆਂ ਉਲਝੀਆਂ ਤੰਦਾਂ ਵਿੱਚ ਉਲਝਾਈ ਰੱਖਿਆ। ਸੱਚੇ ਗੁਰੂ ਬਾਝੋਂ ਕੁੰਭ ਵਰਗੇ ਮੇਲਿਆਂ ਨੇ ਵੀ ਤੈਨੂੰ ਅੰਤਿਮ ਧਰਵਾਸ ਨਾ ਦਿੱਤੀ। ਪਰ ਐ ਗੰਗਾ ਅੱਜ ਤੇਰੇ ਧਰਾਤਲ ਰੂਪੀ ਮਸਤਕ ਉੱਪਰ ਸੁੱਚੇ ਅੱਖਰਾਂ ਨੇ ਡੂੰਘੀਆਂ ਰੇਖਾਵਾਂ ਮਾਰ ਦਿੱਤੀਆਂ ਹਨ। ਅੱਜ ਇਨਸਾਨੀਅਤ ਵਿੱਚ ਸੁਗੰਧੀਆਂ ਦੀ ਹਵਾ ਫ਼ੈਲਾਉਣ ਵਾਲੇ ਬੋਧ ਗਇਆ ਦਾ ਬ੍ਰਿਛ ਮੁੱਢ-ਕਦੀਮੀ ਗਿਆਨ ਦਾ ਗ਼ਵਾਹ ਬਣ ਗਿਆ ਹੈ। ਹੇ ਗੰਗਾ ਤੇਰੇ ਭਾਗਾਂ ਦੀ ਨਵੀਂ ਰੁੱਤ ਅੱਜ ਸ਼ੁਰੂ ਹੋਣ ਬਾਰੇ ਸਾਰੇ ਗ਼ਵਾਹੀ ਭਰ ਰਹੇ ਹਨ।"

ਘੁਮਾਣ ਦੇ ਸਥਾਨ ਤੱਕ ਪੁੱਜਦਿਆਂ ਜੋਗੀਆਂ ਦੇ ਕਦਮਾਂ ਵਿੱਚ ਨਵਾਂ ਰੂਹਾਨੀ ਤਾਲ ਨਜ਼ਰ ਆ ਰਿਹਾ ਹੈ, ਜਿਵੇਂ ਉਨ੍ਹਾਂ ਦਾ ਮੰਜ਼ਲ 'ਤੇ ਪਹੁੰਚ ਕੇ ਸਬਰ ਮੁੱਕ ਰਿਹਾ ਹੋਵੇ। ਖੁਸ਼ੀ ਵਿੱਚ ਗੰਗਾ ਦੀਆਂ ਲਹਿਰਾਂ ਉੱਚੀਆਂ ਹੋ ਹੋ ਵਗ ਰਹੀਆਂ ਹਨ। ਇਨ੍ਹਾਂ ਅਸਗਾਹ ਪਾਣੀਆਂ ਵਿੱਚ ਕੋਈ ਉਨਮਨੀ ਅਵਸਥਾ ਵਾਲਾ ਰੰਗ ਚੜ੍ਹਿਆ ਹੋਇਆ ਹੈ। ਜੋਗੀ ਤੇ ਗੰਗਾ ਨੇ ਕੱਚੀ ਗੜ੍ਹੀ ਦੀ ਅਜਿੱਤ ਘੜੀ ਅਤੇ ਗੁਰੂ ਸਾਹਿਬ ਦੀ ਗੜ੍ਹੀ ਛੱਡਣ ਸਮੇਂ 'ਸੱਚੀ ਨਵੀਂ ਬਾਂਗ' ਦੀ ਆਵਾਜ਼ ਜਿਵੇਂ ਵੈਰੀ ਦੇ ਦਲਾਂ ਵਿੱਚ ਭੈਅ ਪੈਦਾ ਕਰ ਰਹੀ ਹੋਵੇ। ਅੱਜ ਗੰਗਾ ਦੇ ਨਵੇਂ ਜਾਗੇ ਨੇਤਰਾਂ ਨੂੰ ਸਰਬੰਸ ਵਾਰੇ ਜਾਣ ਦੇ ਦ੍ਰਿਸ਼ ਨਜ਼ਰ ਆਉਂਦੇ ਹਨ। ਉਨ੍ਹਾਂ ਦੀ ਹੁਣੇ ਜਾਗੀ ਸੁਰਤ ਨੂੰ ਕਦੇ ਮਾਛੀਵਾੜੇ ਦੇ ਅਤੇ ਕਦੇ ਨੀਲੇ ਬਾਣੇ ਦੇ ਦ੍ਰਿਸ਼ ਦਿਸ ਰਹੇ ਹਨ ਤੇ ਕਿਸੇ ਦ੍ਰਿਸ਼ ਵਿੱਚ "ਗੁਰੂ ਜੀ ਗੁਰੂ ਕੀ ਕਾਂਸੀ' ਵਿਖੇ ਕਲਮਸਰ ਦੀ ਕਰਾਮਾਤ ਨਾਲ ਆਦਿ ਗ੍ਰੰਥ ਲਿਖਾਉਂਦੇ ਹੋਣ ਦੇ ਸੱਚੇ ਸੱਚੇ ਝਉਲੇ ਪੈ ਰਹੇ ਹਨ। ਉੱਚੀ ਸੁਰਤ ਵਾਲਿਆਂ ਨੇ ਪੰਥ ਸਿਰਜਣਾ ਦੇ ਅਨੇਕਾਂ ਰੂਪ ਸੰਪੂਰਨ ਹੁੰਦਿਆਂ ਦੇ ਨਜ਼ਾਰੇ ਵੀ ਦੇਖ ਲਏ।

***

# ਬਰਤਾਨੀਆਂ ਨੇ ਭਾਰਤੀਆਂ ਦੀ ਕਨੇਡਾ ਵਿੱਚ ਇਮੀਗਰੇਸ਼ਨ ਰੋਕਣ ਦੀ ਸਹਿਮਤੀ ਕਿਉਂ ਦਿੱਤੀ ?

-ਸੁਰਿੰਦਰ ਸਿੰਘ ਸੰਘਾ

ਭਾਰਤ ਤੋਂ ਲੋਕਾਂ ਦੇ ਆਉਣ ਤੇ ਜੋ ਪਾਬੰਦੀਆਂ ਲੱਗ ਰਹੀਆਂ ਸਨ, ਨੂੰ 1 ਮੋਟੇ ਤੇ ਬਾਹਰਮੁੱਖੀ ਤੌਰ 'ਤੇ ਤਾਂ ਇਹ ਸਮਝ ਸਕਦੇ ਹਾਂ ਕਿ ਮੁੱਖ ਤੌਰ 'ਤੇ ਕਨੇਡਾ ਵਿੱਚ ਪੈਦਾ ਹੋਈਆਂ ਨਸਲਵਾਦੀ ਭਾਵਨਾਵਾਂ ਕਰ ਕੇ ਸੀ। ਅਸਲੀ ਕਾਰਨ ਸਿਆਸੀ ਸਨ। ਅੰਗਰੇਜ਼ ਨਹੀਂ ਚਾਹੁੰਦੇ ਸਨ ਕਿ ਕਨੇਡਾ ਵਰਗੇ ਦੇਸ਼ ਵਿੱਚ ਭਾਰਤੀ ਲੋਕ ਗੋਰੇ ਕਾਮਿਆਂ ਨਾਲ ਕੰਮ ਕਰਨ। ਅੰਗਰੇਜ਼ਾਂ ਨੇ ਤਲਵਾਰ ਦੇ ਜ਼ੋਰ ਨਾਲ ਭਾਰਤ 'ਤੇ ਜੋ ਰਾਜ ਕਾਇਮ ਕੀਤਾ ਸੀ, ਦਬ-ਦਬੇ ਨਾਲ ਜੋ ਭਾਰਤੀਆਂ ਵਿੱਚ ਹੀਣਤਾ ਕਾਇਮ ਕੀਤੀ ਸੀ, ਉਸ ਨੂੰ ਉਹ ਹਰ ਕੀਮਤ 'ਤੇ ਕਾਇਮ ਰੱਖਣਾ ਚਾਹੁੰਦੇ ਸਨ। ਇਸੇ ਕਰ ਕੇ ਉਹ ਇਹ ਨਹੀਂ ਚਾਹੁੰਦੇ ਸਨ ਕਿ ਭਾਰਤੀ ਲੋਕ ਆਸਟਰੇਲੀਆ, ਨਿਊਜ਼ੀਲੈਂਡ ਅਤੇ ਕਨੇਡਾ, ਜੋ ਉਨ੍ਹਾਂ ਦੇ ਅਧੀਨ ਸਨ ਉੱਥੇ ਜਾ ਕੇ ਗੋਰਿਆਂ ਨਾਲ ਮਿਲਣ ਜੁਲਣ ਅਤੇ ਕੰਮ ਕਰਨ, ਜਿਸ ਨਾਲ ਉਨ੍ਹਾਂ ਵਿੱਚ ਆਤਮ- ਵਿਸ਼ਵਾਸ ਪੈਦਾ ਹੋਵੇ। ਇਸ ਨਾਲ ਉਨ੍ਹਾਂ ਵਿੱਚ ਬਰਾਬਰਤਾ ਵਾਲੀਆਂ ਭਾਵਨਾਵਾਂ ਵੱਧ ਜਾਣਗੀਆਂ, ਜਿਸ ਨੂੰ ਉਹ ਕਿਸੇ ਸੂਰਤ ਵਿੱਚ ਵੀ ਮੰਨਣ ਲਈ ਤਿਆਰ ਨਹੀਂ ਸਨ। ਅੰਗਰੇਜ਼ ਬਸਤੀਵਾਦੀਆਂ ਨੇ ਗੋਰਿਆਂ ਦੀ ਉਚੱਤਾ ਦੀ ਧਾਰਨਾ ਨੂੰ ਮਜ਼ਬੂਤੀ ਨਾਲ ਕਾਇਮ ਰੱਖਣ ਲਈ ਲੋਕਾਂ ਨੂੰ ਨਸਲਾਂ ਦੇ ਆਧਾਰ 'ਤੇ ਵੰਡਿਆ ਹੋਇਆ ਹੋਣ ਕਰ ਕੇ ਭਾਰਤੀਆਂ ਦੀ ਇਨ੍ਹਾਂ "ਚਿੱਟੀਆਂ" ਬਸਤੀਆਂ ਵਿੱਚ ਇਮੀਗਰੇਸ਼ਨ ਬਹੁਤ ਸੀਮਤ ਰੱਖੀ ਹੋਈ ਸੀ। ਉਨ੍ਹਾਂ ਦੀ ਨੀਤੀ ਦਾ ਉਦੇਸ਼ ਸੀ :

ਨਸਲੀ ਵਿਤਕਰੇ ਨੂੰ ਬਣਾਈ ਰੱਖੋ।

ਈਸਟ ਇੰਡੀਅਨਾਂ ਨੂੰ ਆਰਥਿਕ ਅਤੇ ਸਮਾਜਕ ਬਰਾਬਰਤਾ ਹਾਸਲ ਕਰਨ ਤੋਂ ਰੋਕੋ।

'ਚਿੱਟਿਆਂ' ਦੀ ਸਰਵਉਚੱਤਾ' ਦੀ ਧਾਰਨਾ ਨੂੰ ਕਾਇਮ ਰੱਖੋ।

ਅੰਗਰੇਜ਼ਾਂ ਦਾ ਵਿਚਾਰ ਸੀ ਕਿ ਜੇਕਰ ਈਸਟ ਇੰਡੀਅਨ ਗੋਰਿਆਂ ਨਾਲ ਮੇਲ-ਜੋਲ ਅਤੇ ਇਕੱਠੇ ਕੰਮ ਕਰਨਗੇ ਤਾਂ ਅਜਿਹਾ ਹੋ ਸਕਦਾ ਹੈ:

ਜੋ ਉਨਾਂ ਵਿੱਚ ਹੀਣਤਾ ਦਾ ਬਿਰਤਾਂਤ ਸਿਰਜਿਆ ਹੋਇਆ, ਉਸ ਨੂੰ ਚੁਣੌਤੀ ਹੋਵੇਗੀ

ਉਨ੍ਹਾਂ ਵਿੱਚ ਸਮਾਨਤਾ ਅਤੇ ਗ਼ੈਰਤ ਦੀ ਭਾਵਨਾ ਨੂੰ ਉਤਸ਼ਾਹ ਮਿਲੇਗਾ।

ਇਸ ਨਾਲ ਬ੍ਰਿਟਿਸ਼ ਕੰਟਰੋਲ ਅਤੇ ਦਬ-ਦਬਾ ਕਮਜ਼ੋਰ ਹੋਵੇਗਾ। ਅੰਗਰੇਜ਼ਾਂ ਨੂੰ ਇਹ ਵੀ ਪਤਾ ਲੱਗ ਗਿਆ ਸੀ ਕਿ ਭਾਰਤ ਵਿੱਚ ਅੰਗਰੇਜ਼ੀਰਾਜ ਦੇ ਕੱਟੜ ਵਿਰੋਧੀ ਤਾਰਕ ਨਾਥ ਦਾਸ ਅਤੇ ਗੁਰਾਂਦਿੱਤਾ ਕੁਮਾਰ ਸੋਸ਼ਲਿਸਟ ਪਾਰਟੀ ਨਾਲ ਮਿਲ ਕੇ ਵੈਨਕੂਵਰ ਦੇ ਪੰਜਾਬੀ ਭਾਈਚਾਰੇ ਵਿੱਚ ਇਨਕਲਾਬੀ ਵਿਚਾਰਾਂ ਦਾ ਪ੍ਰਚਾਰ ਕਰ ਰਹੇ ਹਨ। ਇਹ ਪ੍ਰਚਾਰ ਸੀ :

1. ਭਾਰਤੀਆਂ ਨਾਲ ਜੋ ਨਸਲਵਾਦੀ ਵਰਤਾਓ ਹੋ ਰਿਹਾ ਹੈ, ਉਹ ਸਿਰਫ਼ ਭਾਰਤ ਦੀ ਗ਼ੁਲਾਮੀ ਕਰ ਕੇ ਹੀ ਹੈ ਕਿਉਂਕਿ ਔਖੇ ਸਮੇਂ ਵਿੱਚ ਉਨ੍ਹਾਂ ਦੀ ਬਾਂਹ ਫੜ੍ਹਨ ਵਾਲਾ ਕੋਈ ਦੇਸ਼ ਨਹੀਂ ਹੈ। ਉਹ ਇਹ ਉਦਾਹਰਣ ਵੀ ਦਿੰਦੇ ਸਨ ਕਿ ਜਦੋਂ ਕਨੇਡਾ ਨੇ ਏਸ਼ੀਅਨਾਂ ਦੀ ਆਮਦ ਰੋਕਣ ਲਈ ਸਖ਼ਤ ਪਾਬੰਦੀਆਂ ਲਗਾਈਆਂ ਸਨ ਤਾਂ ਵਪਾਰਕ ਹਿੱਤਾਂ ਕਰ ਕੇ ਕਨੇਡਾ ਸਰਕਾਰ ਨੇ ਜਾਪਾਨ ਤੋਂ 400 ਇਮੀਗਰਾਂਟ ਸਲਾਨਾ ਲੈਣ ਦਾ ਸਮਝੌਤਾ ਕੀਤਾ ਸੀ । ਇਹ ਆਗੂ ਅੰਗਰੇਜ਼ਾਂ ਵੱਲੋਂ ਭਾਰਤ ਦੀ ਲੁੱਟ-ਖਸੁੱਟ ਦਾ ਵੀ ਪਰਦਾਫ਼ਾਸ਼ ਕਰਦੇ ਸਨ।

2. ਉਹ ਲਗਾਤਾਰ ਬਸਤੀਵਾਦ ਵਿਰੋਧੀ ਪ੍ਰਚਾਰ ਕਰਦੇ । ਉਹ ਉਨ੍ਹਾਂ ਨੂੰ ਭਾਰਤ ਦੀ ਗ਼ੁਲਾਮੀ ਨੂੰ ਤੋੜਨ ਲਈ ਉਤਸ਼ਾਹਤ ਕਰਦੇ।

ਇਨ੍ਹਾਂ ਸਾਰੀਆਂ ਸਕੀਮਾਂ ਨੂੰ ਖ਼ੁਫ਼ੀਆ ਰੱਖਿਆ ਜਾਂਦਾ ਸੀ।

ਇਨ੍ਹਾਂ ਕਾਰਨਾਂ ਕਰ ਕੇ ਬਰਤਾਨੀਆਂ ਨੇ ਈਸਟ ਇੰਡੀਅਨਾਂ ਦੀ ਨਿਗਰਾਨੀ ਹੋਰ ਕਰੜੀ ਕਰ ਦਿੱਤੀ ਅਤੇ ਇਨਕਲਾਬੀ ਦੇਸ਼ ਭਗਤਾਂ ਨੂੰ ਬਦਨਾਮ ਕਰਨ ਲਈ ਪ੍ਰਚਾਰ

ਮੁਹਿੰਮ ਤੇਜ਼ ਕਰ ਦਿੱਤੀ। ਇਸ ਕੰਮ ਲਈ ਕਲਕੱਤੇ ਤੋਂ ਤੇਜ਼-ਤਰਾਰ ਪੁਲਿਸ ਅਫ਼ਸਰ ਵਿਲੀਅਮ ਹਾਪਕਿਨਸਨ ਨੂੰ ਭੇਜਿਆ ਸੀ । ਉਪਰੋਕਤ ਕਾਰਨਾਂ ਕਰ ਕੇ ਕਨੇਡਾ ਸਰਕਾਰ ਵੱਲੋਂ ਭਾਰਤੀਆਂ ਦੀ ਆਮਦ ਰੋਕਣ ਲਈ ਬਰਤਾਨੀਆਂ ਦੀ ਪੂਰੀ ਸਹਿਮਤੀ ਸੀ।

ਬਰਤਾਨੀਆਂ ਅਤੇ ਕਨੇਡੀਅਨ ਸਰਕਾਰਾਂ ਦੇ ਇਨ੍ਹਾਂ ਯਤਨਾ ਦੇ ਬਾਵਜੂਦ ਕਨੇਡਾ ਆਏ ਭਾਰਤੀਆਂ ਵਿੱਚ ਇਨਕਲਾਬੀ ਭਾਵਨਾਵਾਂ ਕਾਇਮ ਰਹੀਆਂ ਅਤੇ ਉਨ੍ਹਾਂ ਨੇ ਆਪਣੀਆ ਮੰਗਾਂ ਮਨਾਉਣ ਲਈ ਆਪਣਾ ਸੰਘਰਸ਼ ਜਾਰੀ ਰੱਖਿਆ। ਇਹਨਾਂ ਨਸਲਵਾਦੀ ਕਾਨੂੰਨਾਂ ਦੇ ਲਾਗੂ ਹੋਣ ਤੋਂ ਪਹਿਲਾਂ ਤੋਂ ਜੋ ਭਾਰਤੀ ਕਨੇਡਾ ਆਏ ਸਨ ਉਹਨਾਂ ਵਿੱਚੋਂ ਕਾਫ਼ੀ ਸਰਹੱਦ ਪਾਰ ਕਰ ਕੇ ਅਮਰੀਕਾ ਚਲੇ ਗਏ।ਅੰਕੜਿਆਂ ਅਨੁਸਾਰ ਕਨੇਡਾ ਵਿੱਚ 1911 ਵਿੱਚ ਸਿਰਫ਼ 2342 ਈਸਟ ਇੰਡੀਅਨ ਹੀ ਰਹਿ ਗਏ ਸਨ। ਭਾਰਤੀਆਂ ਦੀ ਆਮਦ ਨੂੰ ਪੂਰੀ ਤਰ੍ਹਾਂ ਰੋਕਣ ਨਾਲ ਵੀ ਕਨੇਡੀਅਨ ਸਰਕਾਰ ਦੀ ਪੂਰੀ ਤਸੱਲੀ ਨਾ ਹੋਈ, ਇੱਕ ਨਵੀਂ ਸਾਜਿਸ਼ ਅਧੀਨ ਕਨੇਡਾ ਵਿੱਚ ਬਾਕੀ ਰਹਿੰਦੇ ਈਸਟ ਇੰਡੀਅਨਾਂ ਨੂੰ ਹਾਂਡਰਸ, ਜੋ ਕਿ ਇੱਕ ਬਰਤਾਨਵੀ ਬਸਤੀ ਸੀ, ਵਿੱਚ ਭੇਜਣ ਦੀ ਕਨੇਡੀਅਨ ਸਰਕਾਰ ਦੇ ਘਰੋਗੀਮਹਿਕਮੇ ਦੇ ਸਕੱਤਰ ਜ ਬ ਹਾਰਕਿਨ ਨੇ ਆਪਣੀ ਵਿਉਂਤ ਤਿਆਰ ਕੀਤੀ। ਇਸ ਰਿਪੋਰਟ ਵਿੱਚ ਦੱਸਿਆ ਗਿਆ ਕਿ “ਹਿੰਦੀਆਂ ਲਈ ਇੱਥੋਂ ਦਾ ਮੌਸਮ ਮੁਆਫਿਕ ਨਹੀਂ, ਉਹਨਾਂ ਨੂੰ ਠੰਡ ਇੱਥੋਂ ਦੀ ਭਾਉਂਦੀ ਨਹੀਂ, ਇਸ ਲਈ ਇਹਨਾਂ ਨੂੰ ਕਿਸੇ ਹੋਰ ਬਰਤਾਨਵੀ ਟਾਪੂ ਵਿੱਚ ਭੇਜ ਦਿੱਤਾ ਜਾਵੇ।” ਉਸ (ਹਾਰਕਿਨ) ਨੇ ਬਸਤੀਆਂ ਦੇ ਲੰਦਨ ਦਫ਼ਤਰ ਤੋਂ ਇੱਕ ਗੁਲਾਮ ਮਜ਼ਦੂਰਾਂ ਨੂੰ ਢੋਣ ਵਾਲਾ ਜਹਾਜ਼ ਵੀ ਮੰਗਵਾ ਘਲਿਆ ਤੇ ਆਖਿਆ ਕੇ ਹਿੰਦੋਸਤਾਨ ਵਿੱਚੋਂ ਭਰਤੀ ਕਰ ਕੇ ਲਿਆਣ ਨਾਲੋਂ ਇੱਥੋਂ ਹੀ ਜਹਾਜ਼ ਭਰਕੇ ਲਿਜਾਇਆ ਜਾਵੇ। ਹਾਪਕਿਨਸਨ ਨੇ ਸਰਕਾਰ ਦੇ ਨੁਮਾਇੰਦਿਆ ਨਾਲ ਮਿਲ ਕਿ ਹਿੰਦੀਆਂ ਨੂੰ ਹਾਂਡੂਰਸ ਜਾਣ ਲਈ ਰਾਜ਼ੀ ਕਰਨ ਦੀ ਬਹੁਤ ਕੋਸ਼ਿਸ਼ ਕੀਤੀ। ਭਾਰਤੀ ਭਾਈਚਾਰੇ ਦੀ ਯੋਗ ਲੀਡਰਸ਼ਿਪ ਜਿਸ ਦੀ ਅਗਵਾਈ ਪੜ੍ਹੇ ਲਿਖੇ ਪ੍ਰੋਫੈਸਰ ਤੇਜਾ ਸਿੰਘ ਕਰ ਰਹੇ ਸਨ ਨੇ ਹਾਂਡਰਸ ਜਾਣ ਤੋਂ ਸਾਫ਼ ਨਾਂਹ ਕਰ ਦਿੱਤੀ। ਇਸ ਸਾਜਿਸ਼ ਦੇ ਅਸਫ਼ਲ ਹੋਣ ਤੋਂ ਬਾਅਦ ਪੈਦਾ ਹੋਏ ਹਾਲਾਤ ਦੇ ਮੱਦੇ ਨਜ਼ਰ “ਲੰਦਨ ਅਤੇ ਭਾਰਤ ਦੀਆਂ ਸਰਕਾਰਾਂ ਨੇ ਦੁਬਾਰਾ ਵਿਚਾਰ ਕਰ ਕੇ 10 ਦਸੰਬਰ 1908 ਨੂੰ ਕਨੇਡਾ ਦੀ ਸਰਕਾਰ ਨੇ ਮਤਾ ਪਾਸ ਕਰ ਦਿੱਤਾ ਕਿ ਹਿੰਦੀਆਂ ਨੂੰ ਜਬਰਦਸਤੀ ਹਾਂਡੂਰਸ ਭੇਜਣ ਦਾ ਕੋਈ ਵਿਚਾਰ ਨਹੀਂ ਹੈ।”10 ਉਪਰੋਕਤ ਵੇਰਵਾ ਦੇਣ ਦਾ ਭਾਵ ਇਹ ਹੀ ਹੈ ਕਿ ਕਿਵੇਂ ਕਨੇਡਾ, ਇੰਗਲੈਂਡ ਅਤੇ ਭਾਰਤ ਦੀਆਂ ਬਸਤੀਵਾਦੀ ਵਿਤਕਰੇ ਭਰੀਆਂ ਨਸਲਵਾਦੀ ਹਕੂਮਤਾਂ ਨੇ ਮਿਲ ਕੇ, ਹਰ ਹਰਬਾ ਵਰਤ ਕੇ, ਭਾਰਤੀਆਂ ਦੀ ਕਨੇਡਾ ਵਿੱਚ ਇਮੀਗਰੇਸ਼ਨ ਰੋਕਣ ਦੇ ਪੂਰੇ ਯਤਨ ਕੀਤੇ ਸਨ। ਸਾਰੀਆਂ ਸਰਕਾਰਾਂ ਦੇ ਖ਼ਤਰਨਾਕ ਮਨਸੂਬਿਆਂ ਦਾ ਹਿੰਦੀਆਂ ਨੂੰ ਪਤਾ ਲੱਗ ਗਿਆ ਸੀ ਕਿ ਕਿਵੇਂ ਕਨੇਡੀਅਨ ਸਰਕਾਰ ਹਰ ਹਰਬਾ ਵਰਤ ਕੇ ਉਨ੍ਹਾਂ ਨੂੰ ਕਨੇਡਾ ਤੋਂ ਬਾਹਰ ਕੱਢਣ ਲਈ ਬਜ਼ਿਦ ਸੀ । ਜਿਸ ਦੇ ਫਲਸਰੂਪ ਕਨੇਡਾ ਵਿੱਚ ਜੋ ਭਾਰਤੀ ਰਹਿ ਗਏ ਸਨ ਨੇ ਆਪਣੇ ਯੋਗ ਆਗੂਆਂ ਦੀ ਅਗਵਾਈ ਵਿੱਚ ਆ ਰਹੀਆਂ ਮੁਸ਼ਕਿਲਾਂ ਨੂੰ ਜੱਥੇਬੰਦਕ ਰੂਪ ਵਿੱਚ ਇਕੱਠੇ ਹੋ ਕਿ ਜੱਥਬੰਦੀਆਂ ਬਣਾਉਣ ਦਾ ਸਿਲਸਿਲਾ ਸ਼ੁਰੂ ਕਰਨ ਤੇ ਵਿਚਾਰ ਕਰਨਾ ਸ਼ੁਰੂ ਕਰ ਦਿੱਤਾ। ਇਸ ਸਮੇ ਦੌਰਾਨ ਭਾਰਤੀ ਭਾਈਚਾਰੇ ਨੇ ਇਹ ਸਮਝ ਲਿਆ ਸੀ ਕਿ ਨਸਲਵਾਦੀ ਮਾਹੌਲ ਨਾਲ ਨਜਿੱਠਣ ਲਈ ਆਪਸੀ ਭਿੰਨ- ਭੇਦ ਪਾਸੇ ਰੱਖ ਕੇ ਸਾਂਝੇ ਤੌਰ ’ਤੇ ਜੱਦੋ-ਜਹਿਦ ਕਰਨੀ ਪਵੇਗੀ।ਆਪਸ ਵਿੱਚ ਇਕੱਠੇ ਹੋ ਕੇ ਇੱਕ ਦੂਜੇ ਦੀ ਮੱਦਦ ਕਰਨੀ ਪਵੇਗੀ, ਆਪਣੇ ਨਿਸ਼ਾਨੇ ਪ੍ਰਾਪਤ ਕਰਨ ਲਈ ਆਪਸ ਵਿੱਚ ਇੱਕ ਦੂਜੇ ਦੇ ਸਹਾਈ ਹੋਣਾ ਪਵੇਗਾ।ਆਪਣੇ ਸਾਰੇ ਸਾਧਨ ਇੱਕ ਥਾਂ ਇਕੱਠੇ ਕਰ ਕੇ ਆਪਣੇ ਨਿਸ਼ਾਨਿਆ ਦੀ ਪ੍ਰਾਪਤੀ ਲਈ ਯਤਨ ਕਰਨੇ ਪੈਣਗੇ। ਸਰਕਾਰਾਂ ਸਾਹਮਣੇ ਆਪਣੀਆਂ ਸਮੱਸਿਆਵਾਂਅਤੇ ਉਹਨਾਂ ਨੂੰ ਸੁਲਝਾਉਣ ਲਈ ਆਪਣਾ ਪੱਖ ਰੱਖਣਾ ਪਵੇਗਾ। ਉਨ੍ਹਾਂ ਨੂੰ ਇਹ ਸਮਝ ਵੀ ਆ ਰਿਹਾ ਸੀ ਕਿ ਆਪਸ ਵਿੱਚ ਮਿਲ ਕੇ ਉਹ ਇਸ ਔਖੇ ਸਮੇਂ ਵਿੱਚ ਇੱਕ ਦੂਜੇ ਦੀ ਮੱਦਦ ਕਰ ਸਕਦੇ ਹਨ। ਇਹ ਵੀ ਪਤਾ ਲੱਗ ਗਿਆ ਸੀ ਕੇ ਜਦੋਂ ਲੋਕ ਸਾਂਝੇ ਤੌਰ ’ਤੇ ਕੰਮ ਕਰਦੇ ਹਨ ਤਾਂ ਉਹਨਾਂ ਨੂੰ ਇੱਕ ਦੂਜੇ ਤੋਂ ਸਿੱਖਣ ਨੂੰ ਬਹੁਤ ਕੁਝ ਮਿਲਦਾ ਹੈ। ਆਪਸ ਵਿੱਚ ਵਿਚਾਰ ਵਟਾਂਦਰੇ ਤੋਂ ਪਿੱਛੋਂ ਸਾਂਝੀ ਸੋਚ ਬਣਨ ਨਾਲ ਮੈਂਬਰਾਂ ਵਿੱਚ ਆਤਮ-ਵਿਸ਼ਵਾਸ ਹੋਰ ਵਧਦਾ ਹੈ। ਏਕਤਾ ਵਾਲੇ ਸੰਗਠਨ ਬਨਾਣ ਨਾਲ ਉਸ ਦੇ ਮੈਂਬਰ ਆਪਣੇ ਆਪ ਨੂੰ ਸੁਰੱਖਿਅਤ ਤੇ ਤਾਕਤਵਰ ਸਮਝਦੇ ਹਨ।ਆਪਣੇ ਆਪ ਨੂੰ ਮਜ਼ਬੂਤ ਕਰਨ ਨਾਲ ਉਨ੍ਹਾਂ ਨੂੰ ਬਾਹਰਲੇ ਖ਼ਤਰਿਆਂ ਤੋਂ ਡਰ ਘੱਟ ਮਹਿਸੂਸ ਹੁੰਦਾ ਹੈ।

ਗਰੁੱਪ ਬਣਨ ਨਾਲ ਮੈਂਬਰਾਂ ਨੂੰ ਨਵੀਆਂ ਹਾਲਤਾਂ ਨਾਲ ਨਿਪਟਣ ਲਈ ਹੋਰ ਗਿਆਨ, ਸਾਧਨ ਅਤੇ ਹਿੰਮਤ ਮਿਲਦੀ ਹੈ। ਉਨ੍ਹਾਂ ਨੂੰ ਇਹ ਵੀ ਸਮਝ ਲੱਗਣ ਲੱਗ ਪਈ ਸੀ, ਕਿ "ਇਕੱਠੇ ਰਹਾਂਗੇ, ਖੜ੍ਹੇ ਰਹਾਂਗੇ, ਵੰਡੇ ਰਹਾਂਗੇ, ਹਾਰ ਜਾਵਾਂਗੇ। ਏਕਤਾ ਵਿੱਚ ਹੀ ਤਾਕਤ ਹੈ" ਹੌਸਲਾ ਅਤੇ ਗਿਆਨ ਜੱਥੇਬੰਦਕ ਹੋ ਕੇ ਹੀ ਮਿਲਦਾ ਹੈ, ਬਾਰੇ ਉਨ੍ਹਾਂ ਵਿੱਚ ਚੇਤਨਤਾ ਵਧਣ ਲੱਗ ਪਈ। ਬਹੁਤ ਸਾਰੇ ਸਮਾਜਿਕ ਖੋਜਕਾਰਾਂ ਅਨੁਸਾਰ "ਸਮੂਹ ਬਣਨ ਨਾਲ ਮੈਂਬਰਾਂ ਨੂੰ ਆਪਣੀਆਂ ਜ਼ਿੰਮੇਵਾਰੀਆਂ ਦਾ ਵੀ ਅਹਿਸਾਸ ਹੁੰਦਾ ਹੈ।"ਇਹ ਸਾਰੀ ਸੋਝੀ ਉਨ੍ਹਾਂ ਨੂੰ ਮੁਖ ਤੌਰ 'ਤੇ ਆਪਣੇ ਆਗੂਆਂ ਅਤੇ ਜਿਨ੍ਹਾਂ ਹਾਲਤਾਂ ਵਿੱਚੋਂ ਉਹ ਲੰਘ ਰਹੇ ਸਨ, ਦੇ ਤਲਖ ਤਜਰਬਿਆਂ ਵਿੱਚੋਂ ਮਿਲੀ। ਜੱਥੇਬੰਦੀ ਦੇ ਗਠਨ ਦੇ ਉੱਦੇਸ਼ ਹੁੰਦੇ ਹਨ : ਕਾਰਜ ਪ੍ਰਾਪਤੀ, ਸਮੱਸਿਅਵਾਂ ਦੇ ਹੱਲ ਕਰਨੇ, ਆਪਸੀ ਨੇੜਤਾ ਵਧਾਉਣਾ, ਸਮਾਜਿਕ ਅਤੇ ਮਨੋਵਿਗਿਆਨਿਕ ਲੋੜਾਂ ਦੀ ਪੂਰਤੀ ਵੱਲ ਵਧਣਾ। ਜੱਥੇਬੰਦੀ ਨੂੰ ਚਲਾਉਣ ਲਈ ਪ੍ਰਵਾਨਿਤ ਅਤੇ ਯੋਗ ਆਗੂਆਂ ਦੀ ਜ਼ਰੂਰਤ ਹੁੰਦੀ ਹੈ ਜੋ ਕਿ ਮੈਂਬਰਾਂ ਦਾ ਸਹਿਯੋਗ ਪ੍ਰਾਪਤ ਕਰਨ ਦੇ ਯੋਗ ਹੋਣ। ਸਮੂਹ ਦਾ ਪ੍ਰਚਾਰ ਕਰਨ ਲਈ ਕੇਂਦਰ ਅਤੇ ਪ੍ਰਚਾਰ ਸਾਧਨਾ ਦੀ ਲੋੜ ਹੁੰਦੀ ਹੈ ਜਿਵੇਂ ਕਿ ਅਖ਼ਬਾਰ ਦੀ ਜ਼ਰੂਰਤ ਹੁੰਦੀ ਹੈ। ਜਦੋਂ ਅਸੀਂ ਭਾਰਤੀ ਮੂਲ ਦੇ ਲੋਕਾਂ ਜੋ ਵੀਹਵੀਂ ਸਦੀ ਦੇ ਆਰੰਭ ਵਿੱਚ ਕਨੇਡਾ ਆਏ ਸਨ ਦੀਆਂ ਔਕੜਾਂ, ਸਰਕਾਰਾਂ ਅਤੇ ਕਨੇਡਾ ਦੀ ਮੁਖ ਵੱਸੋਂ ਜੋ ਕਿ ਕਨੇਡਾ ਨੂੰ 'ਚਿੱਟੇ ਲੋਕਾਂ'ਲੋਕਾਂ ਦਾ ਦੇਸ਼ ਹੀ ਰੱਖਣਾ ਚਾਹੁੰਦੇ ਸਨ ਦੀਆਂ ਗਤੀਵਿਧੀਆਂ ਵੱਲ ਨਜ਼ਰ ਮਾਰਦੇ ਹਾਂ ਤਾਂ ਇਸ ਨਿਰਨੇ ਤੇ ਸਹਿਜੇ ਹੀ ਅੱਪੜਿਆ ਜਾ ਸਕਦਾ ਹੈ ਕਿ ਭਾਰਤੀਆਂ ਨੂੰ ਆਪਣੀ ਸਾਂਝੀ ਆਵਾਜ਼ ਬੁਲੰਦ ਕਰਨ ਲਈ ਜੱਥੇਬੰਦੀਆਂ ਦੀ ਲੋੜ ਸੀ। ਜ਼ਮੀਨੀ ਹਾਲਾਤ ਵੀ ਤਿਆਰ ਸਨ। ਹਿੰਦੀਆਂ ਦਾ ਬਰਤਾਨਵੀ ਪਰਜਾ ਵਾਲਾ ਭਰਮ ਵੀ ਦੂਰ ਹੋ ਰਿਹਾ ਸੀ। ਉਹਨਾਂ ਨੂੰ ਇਹ ਅਹਿਸਾਸ ਹੋ ਰਿਹਾ ਸੀ ਕਿ ਵਸੇਬੇਸਬੰਧੀ ਮੁਸ਼ਕਿਲਾਂ ਅਤੇ ਨਸਲਵਾਦੀ ਮਾਹੌਲ ਦਾ ਟਾਕਰਾ ਇਕੱਲੇ ਰਹਿ ਕੇ ਨਹੀਂ ਕੀਤਾ ਜਾ ਸਕਦਾ। ਭਾਰਤੀ ਭਾਈਚਾਰੇ ਵਿੱਚ ਵਿਚਾਰਵਾਨ, ਸਾਹਸੀ ਅਤੇ ਦੂਰਅੰਦੇਸ਼ ਆਗੂ ਜਿਵੇਂ, ਬਾਬੂ ਤਾਰਿਕ ਨਾਥ ਦਾਸ ਜੋ ਕਿ ਬੰਗਾਲ ਤੋਂ ਸੀ, ਜਿਸ ਨੇ ਆਪਣੀ ਕਲਕੱਤਾ ਯੂਨੀਵਰਸਿਟੀ ਦੀ ਪੜ੍ਹਾਈ ਸਮੇਂ ਤੋਂ ਹੀ ਬੰਗਾਲ ਵਿੱਚ ਅੰਗਰੇਜ਼ੀ ਰਾਜ ਵਿਰੁੱਧ ਚਲ ਰਹੀਆਂ ਇਨਕਲਾਬੀ ਲਹਿਰਾਂ ਵਿੱਚ ਮੋਹਰੀ ਸੀ। ਉਹ ਭਾਰਤ ਦੀਆਂ ਸੂਹੀਆਂ ਏਜੰਸੀਆਂ ਦੀਆਂ ਨਜ਼ਰਾਂ ਵਿੱਚ ਵੀ ਸੀ, ਉਹਨਾਂ ਤੋਂ ਬਚਣਲਈ ਉਹ ਜਪਾਨ ਤੋਂ ਹੁੰਦਾ ਹੋਇਆ 1906 ਵਿੱਚ ਅਮਰੀਕਾ ਆ ਗਿਆ ਸੀ। ਬਰਕਲੇ ਯੂਨੀਵਰਸਿਟੀ ਵਿੱਚੋਂ ਇੰਟਰਪਰੈਟਰ ਦਾ ਕੋਰਸ ਪਾਸ ਕਰ ਕੇ 1907 ਵਿੱਚ ਵੈਨਕੂਵਰ ਦੇ ਅਮਰੀਕਨ ਸਫ਼ਾਰਤਖ਼ਾਨੇ ਵਿੱਚ ਇਮੀਗਰੇਸ਼ਨ ਮਹਿਕਮੇ ਵਿੱਚ ਦੋਭਾਸ਼ੀਏ ਦੀ ਨੌਕਰੀ ਕਰ ਲਈ ਸੀ। ਨੌਕਰੀ ਕਰਨ ਦੇ ਨਾਲ ਉਸਦਾ ਮਕਸਦ ਜੋ ਹਿੰਦੋਸਤਾਨੀ ਵੈਨਕੂਵਰ ਦੇ ਆਸ ਪਾਸ ਰਹਿੰਦੇ ਸਨ, ਨੂੰ ਭਾਰਤ ਦੀ ਆਜ਼ਾਦੀ ਲਈ ਤਿਆਰ ਕਰਨਾ ਵੀ ਸੀ।"ਹਰ ਸਮੇਂ ਉਹਨਾਂ ਦੀ ਮੱਦਦ ਕਰਦਾ, ਉਹ ਇਹ ਸਮਝਦਾ ਸੀ ਕਿ ਨਵੇਂ ਆਏ ਅਵਾਸੀਆਂ ਨੂੰ ਵਿੱਦਿਤ ਕਰ ਕੇ ਹੀ ਸਿਆਸੀ ਤੌਰ 'ਤੇ ਚੇਤੰਨ ਕੀਤਾ ਜਾ ਸਕਦਾ ਹੈ। ਇਸੇ ਮਕਸਦ ਨਾਲ ਉਸ ਨੇ ਨਿਊਵੈਸਟ ਮਨਿਸਟਰ ਸ਼ਹਿਰ ਵਿੱਚ ਜੋ ਕਿ ਲੱਕੜ ਦੀ ਮਿੱਲ, ਜਿਸ ਵਿੱਚ ਬਹੁਤ ਸਾਰੇ ਹਿੰਦੀ ਕੰਮ ਕਰਦੇ ਸਨ, ਉਨ੍ਹਾਂ ਦੀ ਸਹੂਲਤ ਲਈ ਨਾਈਟ ਸਕੂਲ ਖੋਲ੍ਹਿਆ ਹੋਇਆ ਸੀ। ਇਸ ਵਿੱਚ ਭਾਰਤ ਦੀ ਆਜ਼ਾਦੀ ਲਈ ਲੋਕਾਂ ਨੂੰ ਤਿਆਰ ਕੀਤਾ ਜਾਂਦਾ ਸੀ।"12 ਅਪਰੈਲ 1908 ਨੂੰ ਤਾਰਿਕ ਨਾਥ ਨੇ 'ਦਾ ਫਰੀ ਹਿੰਦੋਸਤਾਨ' ਨਾਂ ਦਾ ਅੰਗਰੇਜ਼ੀ ਵਿੱਚ ਪੇਪਰ ਕੱਢਿਆ ਜੋ ਕਨੇਡਾ ਵਿੱਚ ਛੱਪਣ ਵਾਲਾ ਪਹਿਲਾ ਭਾਰਤੀ ਪਰਚਾ ਸੀ। ਤਾਰਿਕ ਨਾਥ ਦੀ ਮੁਸ਼ਕਿਲ ਇਹ ਸੀ ਕਿ ਉਸ ਨੂੰ ਪੰਜਾਬੀ ਨਹੀਂ ਆਉਂਦੀ ਸੀ । ਜਿਸ ਦੀ ਕਮੀ ਉਸ ਦੇ ਕੱਲਕੱਤੇ ਦੇ ਸਾਥੀ ਗੁਰਾਂਦਿੱਤਾਂ ਕੁਮਾਰ ਜੋ ਕਿ 1907 ਨੂੰ ਕਨੇਡਾ ਦੇ ਵਿਕਟੋਰੀਆ ਸ਼ਹਿਰ ਵਿੱਚ ਆ ਗਿਆ ਸੀ, ਨੇ ਪੂਰੀ ਕਰ ਦਿੱਤੀ। "ਇਹ ਅਖ਼ਬਾਰ ਸੋਸ਼ਲਿਸਟ ਵਿਚਾਰਾਂ ਵਾਲਾ ਪੇਪਰ ਸੀ।" ਤਾਰਿਕ ਨਾਥ ਦੀਆਂ ਅਤੇ ਹੋਰ ਭਾਰਤੀਆਂ ਦੀਆਂ ਗਤੀਵਿਧੀਆਂ ਤੇ ਨਜ਼ਰ ਰੱਖਣ ਲਈ 1908 ਵਿੱਚ ਕਲਕੱਤੇ ਤੋਂ ਵਿਲੀਅਮ ਹਾਪਕਿਨਸਨ ਨਾ ਦਾ ਪੁਲਿਸ ਅਫ਼ਸਰ, ਜੋ ਕਿ ਹਿੰਦੀ ਬੋਲ ਅਤੇ ਪੰਜਾਬੀ ਸਮਝ ਸਕਦਾ ਸੀ, ਵੈਨਕੂਵਰ ਲਿਆਂਦਾ ਗਿਆ। ਜੋ ਕਨੇਡਾ, ਭਾਰਤ ਅਤੇ ਇੰਗਲੈਂਡ ਦੀਆਂ ਸਰਕਾਰਾਂ ਲਈ ਕੰਮ ਕਰਦਾ ਸੀ। ਹਾਪਕਿਨਸਨ ਦੀਆਂ ਰਿਪੋਰਟਾਂ ਦੇ ਆਧਾਰ 'ਤੇ ਨਿਊਵੈਸਟ ਵਾਲਾ ਮਿੱਲ ਸਾਈਡ ਸਕੂਲ ਸਰਕਾਰ ਨੇ ਬੰਦ ਕਰਵਾ ਦਿੱਤਾ ਅਤੇ ਇਸ ਦੀਆਂ ਰਿਪੋਰਟਾਂ ਕਾਰਨ ਹੀ ਤਾਰਿਕ ਨਾਥ ਨੂੰ ਅਮਰੀਕਾ ਨੇ ਆਪਣੇ ਵੈਨਕੂਵਰ ਸਫ਼ਾਰਤਖ਼ਾਨੇ

ਵਿੱਚੋਂ ਨੌਕਰੀ ਤੋਂ ਜਵਾਬ ਦੇ ਦਿੱਤਾ, ਜਿਸ ਕਰ ਕੇ ਤਾਰਿਕ ਨਾਥ ਨੇੜਲੇ ਅਮਰੀਕਾ ਦੇ ਸ਼ਹਿਰ ਸਿਆਟਲ ਚਲਾ ਗਿਆ।

ਸਿਆਟਲ ਜਾ ਕੇ ਵੀ ਤਾਰਕ ਨਾਥ ਤੋਂ ਕਨੇਡੀਅਨ ਗ਼ਦਰ ਲਹਿਰ ਦੇ ਆਗੂ ਔਕੜ ਪੈਣ 'ਤੇ ਹਰ ਸਮੇਂ ਉਸ ਦੀ ਸਲਾਹ ਲੈਂਦੇ ਰਹੇ, ਜਿਹਨਾਂ ਦੀਆਂ ਉਦਾਹਰਣਾ ਇਤਿਹਾਸ ਵਿੱਚ ਦਰਜ ਹਨ।

ਗੁਰਾਂਦਿੱਤਾ ਕੁਮਾਰ, ਜੋ ਕਿ ਯੂਨਾਈਟਿਡ ਭਾਰਤ ਦੇ ਫਰੰਟੀਅਰ ਸੂਬੇ ਦੇਸ਼ਹਿਰ ਬੰਨੂ ਦੇ ਰਹਿਣ ਵਾਲਾ ਸੀ, ਕਾਫ਼ੀ ਪੜਿ•ਆ ਲਿਖਿਆ ਨੌਜਵਾਨ ਸੀ। ਉਹ ਆਪਣਾ ਜੱਦੀ ਸ਼ਹਿਰ ਛੱਡ ਕਿ ਕਲਕੱਤੇ ਚਲਾ ਗਿਆ ਸੀ, ਉੱਥੇ ਉਸ ਦਾ ਮੇਲ ਬਾਬੂ ਤਾਰਿਕ ਨਾਥ ਨਾਲ ਹੋਇਆ। ਆਪਸੀ ਵਿਚਾਰਾਂ ਦੀ ਸਾਂਝ ਕਾਰਨ ਦੋਵੇਂ ਇੱਕ ਦੂਜੇ ਦੇ ਕਾਫ਼ੀ ਕਰੀਬ ਹੋ ਗਏ। ਤਾਰਿਕ ਨਾਥ ਦੇ ਸਿਆਟਲ ਜਾਣ ਕਾਰਨ ਜੋ ਸਿਆਸੀ ਸਰਗਰਮੀਆਂ ਵੈਨਕੂਵਰ ਵਿੱਚ ਰਹਿੰਦਿਆਂ ਤਾਰਿਕ ਨਾਥ ਨੇ ਸ਼ੁਰੂ ਕੀਤੀਆਂ ਸਨ, ਦੀ ਸਾਰੀ ਜ਼ਿੰਮੇਵਾਰੀ ਕੁਮਾਰ 'ਤੇ ਆ ਗਈ। ਬਾਬੂ ਹਰਨਾਮ ਸਿੰਘ ਸਾਹਰੀ ਜੋ ਕਿ ਕਾਫ਼ੀ ਪੜਿ•ਆ ਲਿਖਿਆ ਸੀ, ਉਹ ਵੀ ਉਹ ਵੀ ਫ਼ੌਜ ਵਿੱਚੋਂ ਫਾਰਗਹੈ ਕਿ ਹਾਂਗਕਾਂਗ ਤੋਂ ਹੁੰਦਾ ਹੋਇਆ ਵਿਕਟੋਰੀਆ ਆ ਗਿਆ। ਇੱਥੇ ਕੁਮਾਰ ਅਤੇ ਹਰਨਾਮ ਸਿੰਘ ਦਾ ਆਪਸੀ ਮਿਲਾਪ ਹੋ ਗਿਆ ਜਿਸਦੇ ਸਿੱਟੇ ਵੱਜੋਂ ਦੋਹਾਂ ਦੀ ਆਪਸੀ ਸਾਂਝ ਵੱਧ ਗਈ। ਵੈਨਕੂਵਰ ਵਿੱਚ ਇਹ ਦੋਨੋਂ ਬਾਬੂ ਤਾਰਿਕ ਨਾਥ ਨਾਲ ਆਪਣੇ ਭਾਈਚਾਰੇ ਵਿੱਚ ਚੱਲ ਰਹੀਆਂ ਗਤੀਵਿੱਧੀਆਂ ਵਿੱਚ ਸ਼ਾਮਿਲ ਹੋ ਗਏ। ਉਸ ਸਮੇਂ ਬ੍ਰਿਟਿਸ਼ ਕੋਲੰਬੀਆ ਵਿੱਚ ਸੋਸ਼ਲਿਸਟ ਪਾਰਟੀ (ਮਾਰਕਸੀ ਵਿਚਾਰਾਂ ਵਾਲੀ) ਹਾਲੇ ਸੰਗਠਿਤ ਹੋ ਰਹੀ ਸੀ, ਨਾਲ ਇਹਨਾਂ ਤਿੰਨਾ ਆਗੂਆਂ ਦੀ ਵਿਚਾਰਾਂ ਦੀ ਸਾਂਝ ਕਾਰਨ ਕਾਫ਼ੀ ਨੇੜਤਾ ਹੋ ਗਈ ਸੀ। 1906 ਦੇ ਦੌਰਾਨ ਭਾਈ ਭਾਗ ਸਿੰਘ, ਭਾਈ ਬਲਵੰਤ ਸਿੰਘ ਵੀ ਫ਼ੌਜ ਵਿੱਚੋਂ ਨਾਮ ਕਟਾ ਕੇ ਵੈਨਕੂਵਰ ਆ ਗਏ ਸਨ। ਸਮੇਂ ਦੇ ਹਾਲਾਤ ਅਤੇ ਤਾਰਿਕ ਨਾਥ ਅਤੇ ਕੁਮਾਰ ਦੀ ਸੰਗਤ ਨਾਲ ਭਾਗ ਸਿੰਘ ਅਤੇ ਬਲਵੰਤ ਸਿੰਘ ਦੇ ਵਿਚਾਰਾਂ ਵਿੱਚ ਕਾਫ਼ੀ ਤਬਦੀਲੀ ਆਉਣ ਕਾਰਨ ਉਹਨਾਂ ਨੇ ਵੀ ਭਾਈਚਾਰੇ ਵਿੱਚ ਆਪਣੀ ਵਿਸ਼ੇਸ਼ ਥਾਂ ਬਣਾ ਲਈ। ਇਸ ਸਮੇਂ ਦੌਰਾਨ ਹਿੰਦੋਸਤਾਨੀਆਂ ਦੇ ਵਿਰੁੱਧ ਨਸਲਵਾਦੀ ਮਾਹੌਲ ਬਣਿਆ ਹੋਇਆ ਸੀ। ਇਹ ਸੋਸ਼ਲਿਸਟ ਹੀ ਸਨ ਜੋ ਭਾਰਤੀਆਂ ਨਾਲ ਹੋ ਰਹੇ ਵਿਤਕਰੇ ਵਿਰੁੱਧ ਉਨ੍ਹਾਂ ਨਾਲ ਖੜ੍ਹਦੇ। ਕਨੇਡਾ ਵਿੱਚ ਸਮੂਹਿਕ ਮੇਲ ਮਿਲਾਪ ਦੇ ਯਤਨ 19 ਜਨਵਰੀ, 1908 ਨੂੰ ਖ਼ਾਲਸਾ ਦੀਵਾਨ ਸੁਸਾਇਟੀ ਵਾਲੇ ਗੁਰਦਵਾਰੇ ਦੇ ਬਣਨ ਨਾਲ ਸ਼ੁਰੂ ਹੋਏ। ਜਿੱਥੇ ਇਹ ਸਿੱਖ ਧਰਮ ਦਾ ਕੇਂਦਰ ਤਾਂ ਹੈ ਹੀ ਸੀ, ਇਸ ਦੇ ਹਫ਼ਤਾਵਾਰੀ ਇਕੱਠਾਂ ਵਿੱਚ ਭਾਰਤੀ ਭਾਈਚਾਰੇ ਨੂੰ ਆ ਰਹੀਆ ਸਮੱਸਿਆਵਾਂ ਤੇ ਵੀ ਵਿਚਾਰ ਸਾਂਝੇ ਹੋਣ ਲੱਗ ਪਏ ਸਨ। ਇਨ੍ਹਾਂ ਇਕੱਠਾਂ ਨਾਲ ਭਾਰਤੀਆਂ ਨੂੰ ਆਪਣੀ ਹਾਲਾਤ ਉੱਤੇ ਵਿਚਾਰ ਵਟਾਂਦਰਾ ਅਤੇ ਸਾਂਝੇ ਫ਼ੈਸਲੇ ਲੈਣ ਦਾ ਰਾਹ ਵੀ ਖੁੱਲ ਗਿਆ। ਦੇਸੋਂ ਨਵੇਂ ਆਏ ਲੋਕਾਂ ਨੂੰ ਕੰਮ ਮਿਲਣ ਤੱਕ ਇਸ ਗੁਰਦਵਾਰੇ ਵਿੱਚ ਰਹਿਣ ਦੀ ਸਹੂਲਤ ਵੀ ਮਿਲਣ ਲੱਗ ਪਈ। ਇਸ ਤਰ੍ਹਾਂ ਇਹ ਸੰਸਥਾ ਕਨੇਡਾ ਦੇ ਭਾਰਤੀਆਂ ਦੇ ਘੋਲ ਦਾ ਕੇਂਦਰ ਵੀ ਬਣ ਗਈ । ਰਾਮਨਾਥ ਪੁਰੀ ਨੇ ਉਰਦੂ ਵਿੱਚ "ਸਰਕੂਲਰ-ਏ-ਆਜ਼ਾਦੀ" ਨਾਂ ਦਾ ਪਰਚਾ ਕੱਢਿਆ। ਗੁਰਾਂਦਿੱਤਾ ਕੁਮਾਰ ਨੇ "ਸਵਦੇਸ਼ ਸੇਵਕ" ਪੰਜਾਬੀ ਅਤੇ ਉਰਦੂ ਮਾਸਿਕ ਪਰਚਾ ਜਨਵਰੀ 1910 ਵਿੱਚ ਵੈਨਕੂਵਰ ਤੋਂ ਸ਼ੁਰੂ ਕੀਤਾ। ਦਸੰਬਰ, 1909 ਨੂੰ ਲੰਦਨ ਵਿਚਲੇ ਇੰਡੀਆ ਹਾਊਸ ਜੋ ਕਿ ਸ਼ਿਆਮ ਜੀ ਕ੍ਰਿਸ਼ਨ ਵਰਮਾ ਨੇ ਬਣਾਇਆ ਸੀ ਵਰਗਾ "ਸਵਦੇਸ਼ ਸੇਵਕ ਹੋਮ" ਵੈਨਕੂਵਰ ਵਿੱਚ ਸਥਾਪਤ ਕੀਤਾ ਜਿਸ ਵਿੱਚ ਭਾਰਤ ਤੋਂ ਆਏ ਲੋਕਾਂ ਨੂੰ ਅੰਗਰੇਜ਼ੀ ਦਾ ਗਿਆਨ ਦੇਣ ਦੇ ਨਾਲ ਸਿਆਸੀ ਸਿਖਲਾਈ ਲਈ ਰਾਤ ਦੇ ਸਕੂਲ ਦੀ ਸਹੂਲਤ ਸੀ। ਇਸ ਕੇਂਦਰ ਵਿੱਚ ਸੋਸ਼ਲਿਸਟ ਵਿਚਾਰਾਂ ਵਾਲਾ ਸਾਹਿਤ ਵੀ ਮਿਲਦਾ ਸੀ। ਭਾਰਤੀ ਭਾਈਚਾਰੇ ਦੇ ਆਗੂਆਂ ਦੇਸੋਸ਼ਲਿਸਟ ਪਾਰਟੀ, ਜੋ ਕਿ ਹਾਲੇ ਸੰਗਠਿਤ ਹੋ ਰਹੀ ਸੀ, ਨਾਲ ਸਬੰਧ ਕਾਇਮ ਹੋ ਗਏ ਸਨ, ਇੱਕੋ ਇੱਕ ਸਿਆਸੀ ਪਾਰਟੀ ਸੀ ਜੋ ਭਾਰਤੀਆਂ ਨਾਲ ਹੁੰਦੀਆਂ ਵਧੀਕੀਆਂ ਵਿਰੁੱਧ ਉਨ੍ਹਾਂ ਨਾਲ ਨਾਲ ਖੜ੍ਹਦੀ ਸੀ। ਇਸ ਤਰਾਂ, ਜੱਥੇਬੰਦੀਆਂ ਬਣਨ ਲਈ ਸਾਰੀ ਜ਼ਮੀਨ ਤਿਆਰ ਹੋ ਗਈ ਅਤੇ ਸੰਸਥਾਵਾਂ ਬਣਨੀਆਂ ਸ਼ੁਰੂ ਹੋ ਗਈਆਂ। ਗੱਲ ਕੀ ਕਿ ਯੋਗ ਆਗੂਆਂ ਦੀ ਅਗਵਾਈ ਕਾਰਨ ਭਾਰਤੀਆਂ ਨੂੰ ਸਮਝ ਪੇ ਗਈ ਸੀ ਕਿ ਆਪਸ ਵਿੱਚ ਸਾਰੇ ਧਾਰਮਿਕ ਅਤੇ ਜ਼ਾਤੀ ਵਿਖਰੇਵਿਆਂ ਨੂੰ ਛੱਡ ਕੇ ਇਹਨਾਂ ਪੈਦਾ ਹੋਏ ਹਾਲਾਤਾ ਦਾ ਟਾਕਰਾ ਕਰਨ ਲਈ ਇੱਕ ਮੰਚ ਤੇ ਇਕੱਠੇ ਹੋਣਾ ਪਵੇਗਾ।

***

# ਫ਼ਕੀਰ ਦੀ ਦੁਆ

(ਨਾਟਕ)

ਮਹਿੰਦਰ ਸਿੰਘ

**ਦ੍ਰਿਸ਼ ਪਹਿਲਾਂ**

ਸਥਾਨ– ਰੇਲਵੇ ਸਟੇਸ਼ਨ ਦਾ ਮੁਸਾਫ਼ਰਖ਼ਾਨਾ

ਪਾਤਰ– ਗੋਪੀ, ਸੁੱਖੀ, ਫ਼ਕੀਰ, ਬੂਟ ਪਾਲਿਸ਼ ਕਰਨ ਵਾਲਾ ਮੁੰਡਾ

**ਗੋਪੀ ਅਤੇ ਸੁੱਖੀ ਦੀ ਪਹਿਲੀ ਮੁਲਾਕਾਤ**

(ਰੇਲਵੇ ਸਟੇਸ਼ਨ ਦਾ ਮੁਸਾਫ਼ਿਰਖਾਨਾ ਯਾਤਰੀਆਂ ਨਾਲ ਖਚਾਖੱਚ ਭਰਿਆ ਹੋਇਆ ਹੈ। ਸੁੱਖੀ ਬੁਕਿੰਗ ਕਾਊਂਟਰ ਤੋਂ ਟਿਕਟ ਲੈ ਕੇ ਆਪਣੇ ਪਰਸ ਵਿੱਚ ਰੱਖ ਕੇ, ਪਿੱਛੇ ਮੁੜ ਕੇ ਇੱਧਰ ਉੱਧਰ ਦੇਖਦੀ ਹੈ। ਉਹਨੂੰ ਇੱਕ ਬੈਂਚ 'ਤੇ ਇੱਕ ਵਿਅਕਤੀ ਦੇ ਬੈਠਣ ਜੋਗੀ ਜਗ੍ਹਾ ਦਿਸਦੀ ਹੈ। ਸੁੱਖੀ ਉਸ ਬੈਂਚ ਦੇ ਕੋਲ ਜਾ ਕੇ ਦੇਖਦੀ ਹੈ ਕਿ ਖ਼ਾਲੀ ਜਗ੍ਹਾ 'ਤੇ ਇੱਕ ਅਖ਼ਬਾਰ ਪਈ ਹੈ ਅਤੇ ਉਹਦੇ ਕੋਲ ਇੱਕ ਸਰਦਾਰ ਮੁੰਡਾ ਬੈਠਾ ਆਪਣੇ ਬੂਟ ਪਾਲਿਸ਼ ਕਰਵਾ ਰਿਹਾ ਹੈ। ਸੁੱਖੀ ਉਸ ਮੁੰਡੇ ਦੇ ਕੋਲ ਜਾ ਕੇ ਪੁੱਛਦੀ ਹੈ):–

**ਸੁੱਖੀ** - 'ਐਕਸਕਊਜ਼ ਮੀ' (ਸਰਦਾਰ ਮੁੰਡਾ ਸਿਰ ਉੱਚਾ ਕਰ ਕੇ ਸੁੱਖੀ ਵਲ ਦੇਖਦਾ ਹੈ) ਕੀ ਮੈਂ ਇਸ ਸੀਟ 'ਤੇ ਬੈਠ ਸਕਦੀ ਹਾਂ?'

**ਸਰਦਾਰ ਮੁੰਡਾ** - 'ਹਾਂ–ਹਾਂ, ਕਿਉਂ ਨਈਂ' (ਉਸ ਮੁੰਡੇ ਨੇ ਅਖ਼ਬਾਰ ਚੁੱਕ ਕੇ ਆਪਣੀ ਲੱਤ 'ਤੇ ਰੱਖ ਲਈ ਅਤੇ ਥੋੜ੍ਹਾ ਜਿਹਾ ਪਰ੍ਹਾਂਹ ਨੂੰ ਖਿਸਕ ਗਿਆ। ਸੁੱਖੀ ਆਪਣੇ ਜੈਂਪਰ ਨੂੰ ਹੱਥ ਨਾਲ ਸੁਆਰ ਕੇ ਸੀਟ 'ਤੇ ਬੈਠ ਗਈ। ਸੁੱਖੀ ਨੇ ਆਪਣੇ ਹੱਥ ਵਿੱਚ ਫੜੀ ਹੋਈ ਨੋਟਬੁੱਕ ਆਪਣੇ ਅਤੇ ਉਸ ਸਰਦਾਰ ਮੁੰਡੇ ਦੇ ਵਿਚਕਾਰ ਰੱਖ ਲਈ ਅਤੇ ਆਪਣਾ ਪਰਸ ਆਪਣੀਆਂ ਲੱਤਾਂ 'ਤੇ ਰੱਖ ਲਿਆ।)

(ਬੂਟ ਪਾਲਿਸ਼ ਕਰਨ ਵਾਲੇ ਮੁੰਡੇ ਨੇ ਆਪਣੀ ਲੱਕੜ ਦੀ ਸੰਦੂਕੜੀ 'ਤੇ ਬੂਟ ਪਾਲਿਸ਼ ਕਰਨ ਵਾਲਾ ਬੁਰਸ਼ ਖੜਕਾਇਆ। ਉਸ ਸਰਦਾਰ ਮੁੰਡੇ ਨੇ ਪਾਲਿਸ਼ ਕੀਤੇ ਹੋਏ ਬੂਟ ਵਾਲਾ ਪੈਰ ਸੰਦੂਕੜੀ ਤੋਂ ਚੁਕਿਆ ਅਤੇ ਦੂਸਰਾ ਪੈਰ ਸੰਦੂਕੜੀ 'ਤੇ ਟਿਕਾ ਦਿੱਤਾ। ਬੂਟ ਪਾਲਿਸ਼ ਕਰਨ ਵਾਲਾ ਮੁੰਡਾ ਦੂਜਾ ਬੂਟ ਪਾਲਿਸ਼ ਕਰਨ ਲੱਗ ਪਿਆ।)

**ਸਰਦਾਰ ਮੁੰਡਾ** - 'ਮਾਫ਼ ਕਰਨਾ, ਜੇ ਮੈਂ ਗ਼ਲਤ ਹੋਵਾਂ, ਤੁਹਾਡਾ ਨਾਮ ਸੁਖਵਿੰਦਰ ਤੇ ਨਈਂ?'

**ਸੁੱਖੀ** - 'ਹਾਂ ਮੇਰਾ ਨਾਮ ਤਾਂ ਸੁੱਖਵਿੰਦਰ ਹੀ ਹੈ, ਪਰ ਤੁਹਾਨੂੰ ਕਿਸੇਂ ਪਤਾ ਮੇਰੇ ਨਾਮ ਦਾ?'

**ਸਰਦਾਰ ਮੁੰਡਾ** - 'ਮੇਰਾ ਨਾਮ ਗੁਰਪ੍ਰੀਤ ਸਿੰਘ ਹੈ। ਤੁਹਾਡੇ ਕਾਲਜ ਦੇ ਇਸ ਸਾਲ ਦੇ ਐਨੁਅਲ ਫੰਕਸ਼ਨ ਤੇ ਪ੍ਰਾਈਜ਼ ਡਿਸਟ੍ਰੀਬਿਊਸ਼ਨ ਮੌਕੇ ਤੁਸੀਂ ਫਸਟ ਪ੍ਰਾਈਜ਼ ਪ੍ਰਾਪਤ ਕੀਤਾ ਸੀ ਅਤੇ ਵੀਰਪਾਲ ਕੌਰ ਨੇ ਸੈਕਿੰਡ।' (ਬੂਟ ਪਾਲਿਸ਼ ਕਰਨ ਵਾਲੇ ਮੁੰਡੇ ਨੇ ਬੂਟ ਪਾਲਿਸ਼ ਕੀਤੇ ਅਤੇ ਦਸ ਰੁਪਏ ਦਾ ਨੋਟ ਲਿਆ ਅਤੇ ਚਲਾ ਗਿਆ)।

**ਸੁੱਖੀ** - 'ਉਸ ਮੁੰਡੇ ਨੂੰ ਧਿਆਨ ਨਾਲ ਦੇਖਦੇ ਹੋਏ) 'ਤੁਸੀਂ ਗੋਪੀ ਜੀ ਹੋ? ਜਿਨ੍ਹਾਂ ਨੇ ਫੁੱਟਬਾਲ ਦਾ ਫਾਈਨਲ ਮੈਚ ਜਿੱਤ ਕੇ ਸ਼ੀਲਡ ਪ੍ਰਾਪਤ ਕੀਤੀ ਸੀ?'

**ਗੋਪੀ** - 'ਹਾਂ, ਹੁਣ ਤੁਸੀਂ ਪਛਾਣਿਆ। ਤੁਸੀਂ ਹੁਣ ਕਿਹੜੀ ਗੱਡੀ 'ਤੇ ਜਾਣੈ?''

**ਸੁੱਖੀ** - 'ਅੰਬਾਲਾ ਕੈਂਟ ਐਕਸਪ੍ਰੈੱਸ 'ਤੇ।'

**ਗੋਪੀ** - 'ਤੁਹਾਡੀ ਟ੍ਰੇਨ ਆਉਣ ਵਿੱਚ ਤਾਂ ਅਜੇ ਬਹੁਤ ਟਾਈਮ ਪਿਆ ਹੈ। ਚਲੋ ਫਿਰ ਕੈਂਟੀਨ 'ਤੇ ਚੱਲ ਕੇ ਚਾਹ ਸ਼ਾਹ ਪੀਨੇ ਆਂ।'

(ਇੰਨੇ ਨੂੰ ਉੱਥੇ ਇੱਕ ਫ਼ਕੀਰ ਆ ਗਿਆ, ਜਿਸ ਦੇ ਫਟੇ ਪੁਰਾਣੇ ਕੱਪੜੇ ਪਾਏ ਹੋਏ ਸਨ, ਵਾਲ ਖਿੱਲਰੇ ਹੋਏ ਸਨ। ਖੱਬੇ ਹੱਥ ਵਿੱਚ ਸੋਟੀ ਅਤੇ ਸੱਜੇ ਹੱਥ ਵਿੱਚ ਇਕ ਸਿਲਵਰ ਦਾ ਪਿਆਲਾ ਫੜਿਆ ਹੋਇਆ ਸੀ।

**ਫ਼ਕੀਰ** - (ਇਨ੍ਹਾਂ ਦੋਹਾਂ ਦੇ ਸਾਹਮਣੇ ਖੜ੍ਹਾ ਹੋ ਕੇ) 'ਪਰਮਾਤਮਾ ਤੁਹਾਡੀ ਦੋਨਾਂ ਦੀ ਜੋੜੀ ਸਲਾਮਤ ਰੱਖੇ'।

**ਸੁੱਖੀ** - ਬੇਸ਼ਰਮ, ਬੇਹਯਾ, ਜੋ ਮੂੰਹ ਆਇਆ ਬੋਲੀ ਜਾਂਦੇ ਆ।'

(ਸੁੱਖੀ ਗੋਪੀ ਤੋਂ ਥੋੜ੍ਹੀ ਪਰਾਂਹ ਨੂੰ ਖਿਸਕ ਗਈ। ਗੋਪੀ ਨੇ ਆਪਣੇ ਬਟੂਏ 'ਚੋਂ ਦਸਾਂ ਦਾ ਨੋਟ ਕੱਢ ਕੇ ਫ਼ਕੀਰ ਦੇ ਪਿਆਲੇ ਵਿੱਚ ਪਾ ਦਿੱਤਾ। ਫ਼ਕੀਰ ਉੱਥੋਂ ਚਲਾ ਗਿਆ।)

**ਦ੍ਰਿਸ਼ ਦੂਜਾ**

ਸਥਾਨ – ਰੇਲਵੇ ਸਟੇਸ਼ਨ ਦੀ ਕੈਂਟੀਨ

ਪਾਤਰ – ਗੋਪੀ, ਸੁੱਖੀ, ਪਾਲੀ ਤੇ ਸਹੇਲੀਆਂ

**ਗੋਪੀ ਤੇ ਪਾਲੀ ਦਾ ਮਿਲਾਪ**

(ਗੋਪੀ ਤੇ ਸੁੱਖੀ ਕੈਂਟੀਨ 'ਤੇ ਚਲੇ ਗਏ ਅਤੇ ਇੱਕ ਟੇਬਲ 'ਤੇ ਆਹਮੋ-ਸਾਹਮਣੇ ਬੈਠ ਗਏ। ਕੈਂਟੀਨ ਦੇ ਵੇਟਰ ਨੇ ਪਾਣੀ ਦੇ ਦੋ ਗਲਾਸ ਲਿਆ ਕੇ ਟੇਬਲ 'ਤੇ ਰੱਖੇ ਅਤੇ ਇਨ੍ਹਾਂ ਦੇ ਕੋਲ ਖੜ੍ਹਾ ਹੋ ਗਿਆ।)

**ਗੋਪੀ** - (ਵੇਟਰ ਨੂੰ) 'ਦੋ ਪਲੇਟ ਸਮੋਸੇ ਛੋਲੇ ਪਾ ਕੇ, ਦੋ ਗਲਾਸ ਲੱਸੀ ਦੇ ਮਲਾਈ ਪਾ ਕੇ'।

**ਵੇਟਰ** - 'ਹੁਣੇ ਲਿਆਇਆ ਜੀ' ਕਹਿ ਕੇ ਚਲਾ ਗਿਆ।

**ਗੋਪੀ** - (ਸੁੱਖੀ ਨੂੰ) 'ਦੇਖੋ ਵਾਹਿਗੁਰੂ ਨੇ ਕਿੱਦਾਂ ਮੇਲ ਮਿਲਾਏ'।

**ਸੁੱਖੀ** - 'ਇਹ ਤਾਂ ਉਹੀ ਜਾਣਦੈ, ਅਸੀਂ ਤੇ ਉਹਦੀਆਂ ਕੱਠਪੁਤਲੀਆਂ ਹਾਂ, ਜਿਵੇਂ ਜਿਵੇਂ ਉਹ ਨਚਾਈ ਜਾਂਦੈ, ਅਸੀਂ ਨੱਚੀ ਜਾਂਦੇ ਹਾਂ।''

(ਵੇਟਰ ਟੇਬਲ 'ਤੇ ਦੋ ਪਲੇਟ ਸਮੋਸੇ ਰੱਖ ਕੇ ਚਲਾ ਗਿਆ। ਦੋਵੇਂ ਸਮੋਸੇ ਖਾਣ ਲੱਗ ਪਏ।) ਇੰਨੇ ਨੂੰ ਸੁੱਖੀ ਦੀਆਂ ਸਹੇਲੀਆਂ ਵੀ ਉਸੇ ਕੈਂਟੀਨ 'ਤੇ ਆ ਕੇ, ਇੱਕ ਸਾਈਡ 'ਤੇ ਲੱਗੀਆਂ ਕੁਰਸੀਆਂ 'ਤੇ ਬੈਠ ਗਈਆਂ।)

(ਵੇਟਰ ਲੱਸੀ ਦੇ ਦੋ ਗਲਾਸ ਲਿਆ ਕੇ ਟੇਬਲ 'ਤੇ ਰੱਖ ਕੇ ਚਲਾ ਗਿਆ।)

**ਵੇਟਰ** - (ਸੁੱਖੀ ਦੀਆਂ ਸਹੇਲੀਆਂ ਕੋਲ ਜਾ ਕੇ ਪੁੱਛਦਾ ਹੈ) 'ਹਾਂ ਜੀ, ਕੀ ਲਿਆਵਾਂ ਤੁਹਾਡੇ ਲਈ?'

**ਇੱਕ ਕੁੜੀ** - (ਪਾਲੀ ਨੂੰ) ਪਾਲੀ, ਤੂੰ ਦੱਸ ਕੀ ਲਿਆਵੇ ?

**ਪਾਲੀ** - 'ਪਹਿਲਾਂ ਤੂੰ ਸਾਨੂੰ ਪਾਣੀ ਪਿਲਾ, ਫਿਰ ਦੱਸਦੇ ਆਂ।'

(ਵੇਟਰ ਚਲਾ ਗਿਆ ਅਤੇ ਇੱਕ ਵੱਡੀ ਸਾਰੀ ਟ੍ਰੇਅ ਵਿੱਚ ਪਾਣੀ ਦੇ ਅੱਡ ਗਲਾਸ ਲਿਆ ਕੇ ਉਨ੍ਹਾਂ ਦੇ ਟੇਬਲ ਰੱਖ ਦਿੱਤੇ। ਸਾਰੀਆਂ ਨੇ ਹੱਥੋਂ-ਹੱਥ ਪਾਣੀ ਦੇ ਗਲਾਸ ਖਾਲੀ ਕਰ ਕੇ ਟ੍ਰੇਅ ਵਿੱਚ ਰੱਖ ਦਿੱਤੇ। ਵੇਟਰ ਖ਼ਾਲੀ ਗਲਾਸ ਰੱਖ ਕੇ ਆ ਕੇ ਫਿਰ ਉਨ੍ਹਾਂ ਦੇ ਕੋਲ ਖੜ੍ਹਾ ਹੋ ਗਿਆ।)

**ਪਾਲੀ** - 'ਅੱਠਾਂ ਪਲੇਟਾਂ 'ਚ ਇੱਕ-ਇੱਕ ਸਮੋਸਾ ਲਿਆਈਂ ਛੋਲੇ ਪਾ ਕੇ।'

(ਵੇਟਰ ਆਰਡਰ ਲੈ ਕੇ ਚਲਾ ਗਿਆ)

(ਅਚਾਨਕ ਇੱਕ ਕੁੜੀ ਦੀ ਨਜ਼ਰ ਸੁੱਖੀ 'ਤੇ ਪੈ ਗਈ। ਉਹਨੇ ਆਪਣੇ ਨਾਲ ਦੀ ਕੁੜੀ ਨੂੰ ਦੱਸ ਦਿੱਤਾ। ਫਿਰ ਸਾਰੀਆਂ ਤੇ ਅੱਗੇ ਤੋਂ ਅੱਗੇ ਇੱਕ ਦੂਜੀ ਨੂੰ ਦੱਸ ਦਿੱਤਾ।)

(ਵੇਟਰ ਅੱਡ ਪਲੇਟਾਂ ਲਿਆ ਕੇ ਟੇਬਲ 'ਤੇ ਰੱਖ ਕੇ ਚਲਾ ਗਿਆ।)

'ਵੇਟਰ ਨੇ ਗੋਪੀ ਨੂੰ ਬਿੱਲ ਫੜਾਇਆ। ਗੋਪੀ ਨੇ ਬਿੱਲ ਪੇ ਕਰ ਦਿੱਤਾ। ਗੋਪੀ ਤੇ ਸੁੱਖੀ ਉੱਥੋਂ ਚੱਲਣ ਹੀ ਲੱਗੇ ਸੀ, ਕਿ ਇੱਕ ਆਵਾਜ਼ ਆਈ।) :-

ਪਾਲੀ - 'ਸੁੱਖੀ ਦੀਦੀ ਕੁੱਛ ਹੋਰ ਭੇਜੀਏ?'

ਸੁੱਖੀ - (ਹੈਰਾਨ ਹੋ ਕੇ, ਕੁੜੀਆਂ ਵੱਲ ਦੇਖ ਕੇ), 'ਨੀ, ਤੁਸੀਂ ਕਦੋਂ ਆਈਆਂ?'

ਪਾਲੀ - 'ਬਸ ਅਸੀਂ ਵੀ ਤੁਹਾਡੇ ਮਗਰ ਮਗਰ ਹੀ ਸੀ।'

(ਸਾਰੀਆਂ ਕੁੜੀਆਂ ਸੁੱਖੀ ਦੇ ਕੋਲ ਚਲੀਆਂ ਗਈਆਂ)।

ਪਾਲੀ - (ਸੁੱਖੀ ਦੇ ਕੰਨ ਕੋਲ ਮੂੰਹ ਕਰ ਕੇ) 'ਇਹ ਮੁੰਡਾ ਕੌਣ ਏ?'

ਸੁੱਖੀ - 'ਤੂੰ ਪਛਾਣਿਆ ਨਈਂ? ਜਦੋਂ ਸਾਨੂੰ ਪ੍ਰਾਈਜ਼ ਮਿਲੇ ਸੀ, ਉਸੇ ਦਿਨ ਇਹਨੂੰ ਵੀ ਸ਼ੀਲਡ ਮਿਲੀ ਸੀ, ਇਹ ਵੀ ਆਪਣੇ ਕਾਲਜ ਦਾ ਹੀ ਮੁੰਡਾ ਐ (ਗੋਪੀ)।'

ਪਾਲੀ ਨੇ ਹੱਥ ਮਿਲਾਉਣ ਲਈ ਗੋਪੀ ਵੱਲ ਹੱਥ ਵਧਾਇਆ, ਗੋਪੀ ਅਤੇ ਪਾਲੀ ਨੇ ਇੱਕ ਦੂਜੇ ਨੂੰ ਹੱਥ ਮਿਲਾਏ ਅਤੇ ਸਮਾਇਲ ਦਿੱਤੀ। ਸਾਰੇ ਹੀ ਕੈਂਟੀਨ ਤੋਂ ਬਾਹਰ ਆ ਗਏ।)

ਪਾਲੀ - 'ਅੱਛਾ-ਅੱਛਾ, ਮੈਂ ਸਮਝ ਗਈ।'

(ਪਾਲੀ ਨੇ ਹੱਥ ਮਿਲਾਉਣ ਲਈ ਗੋਪੀ ਵੱਲ ਹੱਥ ਵਧਾਇਆ, ਗੋਪੀ ਅਤੇ ਪਾਲੀ ਨੇ ਇੱਕ ਦੂਜੇ ਨੂੰ ਹੱਥ ਮਿਲਾਏ ਅਤੇ ਸਮਾਇਲ ਦਿੱਤੀ। ਸਾਰੇ ਹੀ ਕੈਂਟੀਨ ਤੋਂ ਬਾਹਰ ਆ ਗਏ।)

**ਦ੍ਰਿਸ਼ ਤੀਜਾ**

ਸਥਾਨ - ਰੇਲਵੇ ਸਟੇਸ਼ਨ ਦਾ ਮੁਸਾਫ਼ਿਰਖ਼ਾਨਾ

ਪਾਤਰ - ਗੋਪੀ, ਸੁੱਖੀ ਪਾਲੀ ਅਤੇ ਕੁੜੀਆਂ

**ਸੁੱਖੀ, ਪਾਲੀ ਅਤੇ ਕੁੜੀਆਂ ਨੇ ਟ੍ਰੇਨ ਫੜ ਕੇ ਚਲੀਆਂ ਜਾਣਾ।**

(ਸਾਰੇ ਹੀ ਰੇਲਵੇ ਦੇ ਮੁਸਾਫ਼ਿਰਖ਼ਾਨੇ ਪਹੁੰਚ ਗਏ।)

(ਮੁਸਾਫ਼ਿਰਖ਼ਾਨੇ ਦੇ ਸਪੀਕਰ ਤੋਂ ਅਨਾਊਂਸਮੈਂਟ ਹੁੰਦੀ ਹੈ)' ਯਾਤਰੀ ਕ੍ਰਿਪਯਾ ਧਿਆਨ ਦੇਂ।

ਅੰਬਾਲਾ ਕੈਂਟ ਜਾਨੇ ਵਾਲੀ ਐਕਸਪ੍ਰੈੱਸ ਟ੍ਰੇਨ ਪਲੇਟਫਾਰਮ ਨੰਬਰ ਦੋ ਪਰ ਆ ਰਹੀ ਹੈ। ਇਸ ਟ੍ਰੇਨ ਮੇਂ ਸਫ਼ਰ ਕਰਨੇ ਵਾਲੇ ਯਾਤ੍ਰੀ, ਪਲੇਟਫਾਰਮ ਨੰਬਰ ਦੋ ਪਰ ਪਹੁੰਚ ਜਾਏਂ। ਸੂਚਨਾ ਸਮਾਪਤ'।

ਸੁੱਖੀ - (ਗੋਪੀ ਨੂੰ) 'ਆਓ ਹੁਣ ਚੱਲੀਏ।'

ਗੋਪੀ – 'ਨਈਂ, ਮੈਨੂੰ ਸ਼ਹਿਰ ਵਿੱਚ ਕੋਈ ਜ਼ਰੂਰੀ ਕੰਮ ਐ, ਮੈਂ ਧਾਲੀ ਆ ਜਾਵਾਂਗਾ।'

(ਸਾਰੀਆਂ ਕੁੜੀਆਂ ਗੋਪੀ ਨੂੰ ਬਾਏ ਬਾਏ ਕਰਦੀਆਂ ਚਲੀਆਂ ਗਈਆਂ।)

**ਦ੍ਰਿਸ਼ ਚੌਥਾ**

ਸਥਾਨ – ਸ਼ਹਿਰ ਦੀ ਇੱਕ ਸੜਕ

ਪਾਤਰ – ਸ਼ੁਭਮ ਅਤੇ ਪਾਲੀ

**ਸ਼ੁਭਮ ਅਤੇ ਪਾਲੀ ਦੀ ਪਹਿਲੀ ਮੁਲਾਕਾਤ।**

(ਪਾਲੀ ਦੇ ਹੱਥ ਵਿੱਚ ਕਿਤਾਬਾਂ ਹਨ। ਉਹ ਸੜਕ 'ਤੇ ਪੈਦਲ ਹੀ ਜਾ ਰਹੀ ਹੈ। ਪਿੱਛਿਓਂ ਸ਼ੁਭਮ ਕਾਰ ਲੈ ਕੇ ਆ ਰਿਹਾ ਹੈ। ਕਾਰ ਪਾਲੀ ਦੇ ਕੋਲ ਆ ਕੇ ਰੁਕਦੀ ਹੈ। ਪਾਲੀ ਖੜ੍ਹੀ ਹੋ ਕੇ ਕਾਰ ਵੱਲ ਦੇਖਦੀ ਹੈ।

ਸ਼ੁਭਮ ਕਾਰ 'ਚੋਂ ਬਾਹਰ ਆ ਕੇ : (ਪਾਲੀ ਨੂੰ) 'ਮੇਰੀ ਜਾਨ, ਧੁੱਪ 'ਚ ਕਿਉਂ ਜਾ ਰਹੇ ਹੋ, ਤੁਹਾਡੇ ਲਈ ਕਾਰ ਹਾਜ਼ਰ ਹੈ। ਕਿਉਂ ਆਪਣੇ ਚੰਦ ਵਰਗੇ ਕੋਮਲ ਚਿਹਰੇ ਨੂੰ, ਧੁੱਪੇ ਪਏ ਸਾੜਦੇ ਓ। ਸੇਵਕ ਨੂੰ ਸੇਵਾ ਦਾ ਮੌਕਾ ਦਿਓ।'

ਪਾਲੀ – 'ਲੱਗਦੈ ਸੇਵਕ ਦੀ ਸੇਵਾ ਕਰਨੀ ਪੈਣੀ ਐਂ।'

ਸ਼ੁਭਮ – 'ਮੈਡਮ ਜੀ, ਜਦੋਂ ਤੁਸੀਂ ਆਪਣੀਆਂ ਸਹੇਲੀਆਂ ਮੂਹਰੇ, ਕਾਰ 'ਚੋਂ ਨਿਕਲ ਕੇ ਜਾਓਗੇ, ਸੋਚੋ, ਤੁਹਾਡੀ ਕਿੰਨੀ ਇੱਜ਼ਤ ਬਣੇਗੀ। ਮੈਡਮ ਜੀ ਆਪਣੀ ਇੱਜ਼ਤ ਕਰਾਉਣੀ ਸਿੱਖੋ।

ਪਾਲੀ – 'ਤੂੰ ਜਾਏਂਗਾ, ਜਾਂ ਲਾਹਵਾਂ ਜੁੱਤੀ?'

ਸ਼ੁਭਮ – (ਕਾਰ ਦੀ ਫਰੰਟ ਸੀਟ ਦੀ ਬਾਰੀ ਖੋਲ੍ਹ ਕੇ) 'ਜੁੱਤੀ ਲਾਹੁਣ ਦੀ ਲੋੜ ਨਈਂ, ਤੁਸੀਂ ਜੁੱਤੀ ਸਮੇਤ ਬੈਠੋ।'

ਪਾਲੀ – 'ਇਸ ਬੇਸ਼ਰਮ ਨੇ ਇੱਦਾਂ ਨਈਂ ਮਗਰੋਂ ਲਹਿਣਾ' (ਕਾਰ ਵਿੱਚ ਫਰੰਟ ਸੀਟ 'ਤੇ ਬਹਿ ਕੇ ਬਾਰੀ ਬੰਦ ਕਰ ਲਈ)।

ਸ਼ੁਭਮ – (ਨੱਚਦਾ ਹੋਇਆ) 'ਫਸ ਗਈ ਚਿੜੀ ਜਾਲ 'ਚ।' (ਗੱਡੀ ਲੈ ਕੇ ਤੁਰ ਪਿਆ।)

**ਦ੍ਰਿਸ਼ ਪੰਜਵਾਂ**

ਸਥਾਨ – ਕਾਲਜ

ਪਾਤਰ – ਸ਼ੁਭਮ, ਪਾਲੀ ਅਤੇ ਹੋਰ ਵਿਦਿਆਰਥੀ

**ਪਾਲੀ ਨੂੰ ਕਾਰ 'ਚੋਂ ਨਿਕਲਦੀ ਦੇਖ ਕੇ ਕੁੜੀਆਂ ਉਹਦੀ ਇੱਜ਼ਤ ਕਰਦੀਆਂ ਹਨ।**

(ਸ਼ੁਭਮ ਦੀ ਵਾਰ ਕਾਲਜ ਦੇ ਮੂਹਰੇ ਜਾ ਕੇ ਰੁਕਦੀ ਹੈ।)

ਪਾਲੀ – (ਕਾਰ 'ਚੋਂ ਨਿਕਲ ਕੇ ਆਪਣੀਆਂ ਸਹੇਲੀਆਂ ਨਾਲ ਜਾ ਕੇ ਖੜ੍ਹੀ ਹੋ ਜਾਂਦੀ ਹੈ।)

ਇੱਕ ਸਹੇਲੀ – (ਪਾਲੀ ਨੂੰ) 'ਨੀ ਤੂੰ ਤਾਂ ਇਹ ਬਹੁਤ ਚੰਗਾ ਕੀਤਾ, ਜਿਹੜੀ ਕਾਰ ਵਿੱਚ ਆਉਣ ਲੱਗ ਪਈ ਏ, ਗਰਮੀ ਨੇ ਵੀ ਕਹਿਰ ਕੀਤਾ ਹੋਇਆ ਏ?'

(ਕੋਲ ਖੜ੍ਹੇ 4-5 ਮੁੰਡੇ, ਪਾਲੀ ਨੂੰ ਕਾਰ 'ਚੋਂ ਨਿਕਲਦਿਆਂ ਦੇਖ ਕੇ ਹੱਸ ਰਹੇ ਸਨ।)

ਇੱਕ ਮੁੰਡਾ – 'ਯਾਰ ਮੈਂ ਵੀ ਕੱਲ੍ਹ ਨੂੰ ਕਾਰ 'ਚ ਹੀ ਆਊਂਗਾ।'

ਦੂਸਰਾ ਮੁੰਡਾ – 'ਤੁਹਾਡੇ ਕੋਲ ਕਾਰ ਹੈਗੀ ਆ?'

ਪਹਿਲਾ ਮੁੰਡਾ – 'ਨਾ ਵੀ ਹੋਈ ਤਾਂ ਇੱਕ ਦਿਨ ਲਈ ਕਿਸੇ ਤੋਂ ਮੰਗ ਲਵਾਂਗੇ, ਇੱਕ ਦਿਨ ਲਈ ਤਾਂ ਟੌਹਰ ਬਣ ਜੂ।'

(ਸਾਰੇ ਮੁੰਡੇ ਖਿੜ ਖਿੜਾ ਕੇ ਹੱਸ ਪਏ।)

ਪਾਲੀ – (ਮੁੰਡਿਆਂ ਵੱਲ ਦੇਖ ਕੇ) 'ਮਰ ਜਾਣੇ ਕਿੱਦਾਂ ਟਿੱਚਰਾਂ ਕਰਦੇ ਆ।'

ਇੱਕ ਮੁੰਡਾ – 'ਚਲੋ ਹੁਣ ਕਲਾਸਾਂ 'ਚ ਚਲੀਏ, ਟਾਈਮ ਹੋ ਗਿਆ ਐ।'

(ਸਾਰੇ ਮੁੰਡੇ ਕੁੜੀਆਂ ਆਪੋ ਆਪਣੀਆਂ ਕਲਾਸਾਂ ਵੱਲ ਨੂੰ ਤੁਰ ਪਏ।)

ਦ੍ਰਿਸ਼ ਛੇਵਾਂ

ਸਥਾਨ – ਕਾਲਜ ਦਾ ਕਲਾਸ ਰੂਮ

ਪਾਤਰ – ਪ੍ਰੋਫ਼ੈਸਰ ਗੋਪੀ, ਚੰਦਰ ਮੋਹਨ ਵਿਦਿਆਰਥੀ

**ਕਮੇਡੀ**

ਪ੍ਰੋਫ਼ੈਸਰ – (ਵਿਦਿਆਰਥੀ ਬੈਠੇ ਹਨ, ਪ੍ਰੋਫ਼ੈਸਰ ਗੋਪੀ ਲੈਕਚਰ ਦੇ ਰਹੇ ਹਨ।— 'ਸਾਨੂੰ ਸਮੇਂ ਦੀ ਕਦਰ ਕਰਨੀ ਚਾਹੀਦੀ ਐ, ਜੇ ਅਸੀਂ ਸਮੇਂ ਦੀ ਕਦਰ ਨਹੀਂ ਕਰਾਂਗਦੇ, ਤਾਂ ਅਸੀਂ ਬਹੁਤ ਪੱਛੜ ਜਾਵਾਂਗੇ।'

ਚੰਦਰ ਮੋਹਨ – (ਮੱਥੇ 'ਤੇ ਪੱਟੀ ਬੰਨ੍ਹੀ ਹੋਈ ਐ, ਕਲਾਸਰੂਮ ਦੇ ਮੂਹਰੇ ਖੜ੍ਹਾ ਹੋ ਕੇ) 'ਮੇ ਆਈ ਕਮ ਇਨ ਸਰ?'

ਪ੍ਰੋਫ਼ੈਸਰ – 'ਚੰਦਰ ਮੋਹਨ! ਇਹ ਤੇਰੇ ਆਉਣ ਦਾ ਟਾਈਮ ਐ?' ਘੜੀ 'ਤੇ ਦੇਖ ਕੀ ਵੱਜਾ ਐ?

ਚੰਦਰ ਮੋਹਨ – 'ਸਰ, ਜਦੋਂ ਮੈਂ ਆ ਰਿਹਾ ਸੀ, ਰਸਤੇ ਵਿੱਚ ਕੁੜੀਆਂ ਗੁੱਲੀ ਡੰਡਾ ਖੇਡ ਰਹੀਆਂ ਸਨ, ਪਰ, ਜਦੋਂ ਮੈਂ ਉਨ੍ਹਾਂ ਵੱਲ ਦੇਖਿਆ, ਤਾਂ ਇੱਕ ਕੁੜੀ ਨੇ ਗੁੱਲੀ ਨੂੰ ਟੁੱਲ ਮਾਰਿਆ, ਤਾਂ ਗੁੱਲੀ ਸਿੱਧੀ ਮੇਰੇ ਮੱਥੇ 'ਚ ਵੱਜੀ। ਪਰ ਘੜੀ ਬੱਚ ਗਈ, ਘੜੀ 'ਤੇ

ਕੁੱਛ ਨਈਂ ਵੱਜਾ।' (ਸਾਰੇ ਮੁੰਡੇ ਹੱਸ ਪਏ)।

ਪ੍ਰੋਫ਼ੈਸਰ – 'ਓਏ ਮੈਂ ਤੈਥੋਂ ਟਾਈਮ ਪੁੱਛਿਆ, ਟਾਈਮ ਦੱਸ ਕੀ ਹੋਇਆ?'

ਚੰਦਰ ਮੋਹਨ –'ਸਰ ਜਦੋਂ ਗੁੱਲੀ ਮੱਥੇ 'ਚ ਵੱਜੀ ਸੀ, ਉਸ ਵੇਲੇ ਸਾਢੇ ਨੌਂ ਦਾ ਟਾਈਮ ਸੀ।'

ਪ੍ਰੋਫ਼ੈਸਰ – (ਗੁੱਸੇ ਵਿੱਚ) 'ਓਏ ਵਕਤ ਕੀ ਐ?'

ਚੰਦਰ ਮੋਹਨ – 'ਸਰ ਵਕਤ ਬਹੁਤ ਹੀ ਮਾੜਾ ਸੀ, ਤਦੇ ਤਾਂ ਮੱਥੇ ਵਿੱਚ ਗੁੱਲੀ ਵੱਜੀ।' (ਮੁੰਡੇ ਫਿਰ ਹੱਸ ਪਏ)।

ਪ੍ਰੋਫ਼ੈਸਰ – (ਬਹੁਤ ਹੀ ਗੁੱਸੇ ਵਿੱਚ) 'ਓਏ ਮੈਂ ਤੈਥੋਂ ਸਮਾਂ ਪੁੱਛਦਾਂ, ਸਮਾਂ ਦੱਸ ਕੀ ਏ?'

ਚੰਦਰ ਮੋਹਨ – 'ਸਰ ਸਮੇਂ ਦੀ ਹੀ ਤਾਂ ਸਾਰੀ ਗੱਲ ਐ, ਸਮਾਂ ਹੀ ਮਾੜਾ ਸੀ, ਤਾਹੀਉਂ ਮੇਰੇ ਮੱਥੇ 'ਚ ਗੁੱਲੀ ਵੱਜੀ।'

(ਕਲਾਸ ਦੇ ਮੁੰਡੇ, ਹੱਸ–ਹੱਸ ਕੇ ਦੋਹਰੇ ਹੋਈ ਜਾਂਦੇ ਸੀ।)

ਪ੍ਰੋਫ਼ੈਸਰ – 'ਓਏ ਪਾਗਲਾ ਵੇਲਾ ਦੱਸ ਵੇਲਾ?'

ਚੰਦਰ ਮੋਹਨ – 'ਸਰ ਜਦੋਂ ਮੱਥੇ 'ਚ ਗੁੱਲੀ ਵੱਜੀ ਸੀ, ਉਦੋਂ ਸ਼ਾਹ ਵੇਲਾ ਸੀ।'

(ਮੁੰਡੇ ਹੱਸ ਹੱਸ ਕੇ ਇੱਕ ਦੂਜੇ ਦੇ ਉੱਪਰ ਡਿੱਗ ਰਹੇ ਸਨ।)

(ਘੰਟੀ ਵੱਜੀ, ਕਾਲਜ ਦਾ ਸਮਾਂ ਸਮਾਪਤ ਹੋ ਗਿਆ। ਸਾਡੇ ਵਿਦਿਆਰਥੀ ਬਾਹਰ ਨੂੰ ਜਾਣ ਲੱਗ ਪਏ।)

ਪ੍ਰੋਫ਼ੈਸਰ – (ਮੱਥੇ 'ਤੇ ਹੱਥ ਮਾਰ ਕੇ) 'ਉਹ ਰੱਬਾ, ਇਹ ਪਾਗ਼ਲ ਤੂੰ ਮੇਰੀ ਕਲਾਸ ਵਿੱਚ ਹੀ ਭੇਜਣਾ ਸੀ।' ਕਹਿ ਕੇ ਪ੍ਰੋਫ਼ੈਸਰ ਵੀ ਕਲਾਸ ਰੂਮ ਤੋਂ ਚਲੇ ਗਿਆ।

**ਦ੍ਰਿਸ਼ ਸੱਤਵਾਂ**

ਸਥਾਨ – ਕਾਲਜ ਤੋਂ ਬਾਹਰ ਦਾ ਦ੍ਰਿਸ਼

ਪਾਤਰ – ਸੁੱਖੀ, ਪਾਲੀ, ਸ਼ੁਭਮ

**ਸੁੱਖੀ ਨੇ ਪਾਲੀ ਨੂੰ ਸ਼ੁਭਮ ਦੀਆਂ ਗ਼ਲਤ ਹਰਕਤਾਂ ਤੋਂ ਜਾਣੂ ਕਰਵਾਉਣਾ।**

(ਕਾਲਜ ਦੇ ਬਾਹਰ ਕਾਰਾਂ, ਐਕਟਿਵਾ ਅਤੇ ਆਟੋ ਰਿਕਸ਼ਾ ਆਦਿ ਦੀ ਭੀੜ ਲੱਗ ਗਈ। ਸ਼ੁਭਮ ਦੀ ਕਾਰ ਵੀ ਸਾਰਿਆਂ ਤੋਂ ਵੱਖਰੀ, ਥੋੜ੍ਹੀ ਦੂਰ ਖੜ੍ਹੀ ਹੈ। ਸਾਰੇ ਵਿਦਿਆਰਥੀ ਆਪੋ–ਆਪਣੀਆਂ ਗੱਡੀਆਂ 'ਤੇ ਬੈਠ ਕੇ ਜਾ ਰਹੇ ਹਨ। ਸੁੱਖੀ ਤੇ ਪਾਲੀ ਵੀ ਕਾਲਜ 'ਚੋਂ ਬਾਹਰ ਆ ਕੇ ਖੜ੍ਹੀਆਂ ਹੋ ਗਈਆਂ ਤੇ ਆਪਸ 'ਚ ਗੱਲਾਂ ਕਰਨ ਲੱਗ ਪਈਆਂ।)

ਪਾਲੀ – 'ਸੁੱਖੀ, ਤੂੰ ਕਾਹਦੇ ਵਿੱਚ ਬੈਠ ਕੇ ਘਰ ਜਾਏਂਗੀ?'

ਸੁੱਖੀ – 'ਮੈਂ ਤਾਂ ਆਟੋ ਵਿੱਚ ਬੈਠ ਕੇ ਜਾਇਆ ਕਰਦੀ ਹਾਂ, ਤੂੰ ਕਿਵੇਂ ਜਾਏਂਗੀ?'

ਪਾਲੀ – (ਸ਼ੁਭਮ ਵੱਲ ਇਸ਼ਾਰਾ ਕਰ ਕੇ) 'ਔਹ ਦੇਖ ਮੁੰਡਾ, ਕਾਰ ਨਾਲ ਢੋਅ ਲਾ ਕੇ ਖੜ੍ਹਾ, ਉਹ ਮੈਨੂੰ ਹੀ ਉਡੀਕ ਰਿਹਾ।'

ਸੁੱਖੀ – 'ਉਹ ਮੁੰਡਾ ਕੌਣ ਏ?'

ਪਾਲੀ – 'ਪਤਾ ਨਈਂ, ਸਵੇਰੇ ਵੀ ਮੈਨੂੰ ਉਹੀ ਕਾਲਜ ਛੱਡ ਕੇ ਗਿਆ ਸੀ। ਕਹਿੰਦਾ ਸੀ, ਮੈਂ ਛੁੱਟੀ ਵੇਲੇ ਤੁਹਾਨੂੰ ਘਰ ਛੱਡ ਆਵਾਂਗਾ।'

ਸੁੱਖੀ – 'ਤੂੰ ਪਾਗਲ ਏਂ, ਜੇ ਉਹ ਘਰ ਦੀ ਬਜਾਏ, ਹੋਰ ਕਿਤੇ ਲੈ ਗਿਆ, ਫਿਰ ਤੂੰ ਕੀ ਕਰੇਂਗੀ?'

ਪਾਲੀ – 'ਇੱਦਾਂ ਕਿੱਦਾਂ ਹੋ ਜੂ?'

ਸੁੱਖੀ – 'ਸਵੇਰੇ ਉਹਨੇ ਤੇਤੋਂ ਕਿੰਨਾ ਕਿਰਾਇਆ ਲਿਆ ਸੀ?'

ਪਾਲੀ – 'ਕੁੱਛ ਵੀ ਨਈਂ।'

ਸੁੱਖੀ – 'ਬੇਵਕੂਫ਼ੇ, ਡੰਗਰੇ, ਤੂੰ ਕਿਹੜੀ ਦੁਨੀਆਂ 'ਚ ਰਹਿਨੀ ਏਂ? ਕੀ ਉਹਨੂੰ ਪੈਟਰੋਲ ਫ੍ਰੀ ਮਿਲਦਾ ਐ, ਕੀ ਲੱਖਾਂ ਦੀ ਗੱਡੀ ਉਹਨੂੰ ਕਿਸੇ ਨੇ ਮੁਫ਼ਤ ਦਿੱਤੀ ਹੋਏਗੀ?'

ਪਾਲੀ –'ਉਹ ਤਾਂ ਕਹਿੰਦਾ ਸੀ, ਮੈਨੂੰ ਤੇਰੇ ਡੈਡੀ ਨੇ ਕਿਹਾ ਸੀ, ਤੂੰ ਇਹਨੂੰ ਕਾਲਜ ਛੱਡ ਵੀ ਆਇਆ ਕਰ, ਲੈ ਵੀ ਆਇਆ ਕਰ।''

ਸੁੱਖੀ – 'ਦੁਰ ਫਿੱਟੇ ਮੂੰਹ ਤੇਰਾ, ਇਹੋ ਜਿਹੀ ਦਾ, ਮੈਨੂੰ ਲੱਗਦੈ, ਤੂੰ ਬੀ.ਏ. 'ਚ ਨਈਂ, ਪਹਿਲੀ ਦੂਜੀ 'ਚ ਪੜ੍ਹਦੀ ਏਂ।' (ਕਾਰ ਵਾਲੇ ਮੁੰਡੇ ਨੇ ਪਾਲੀ ਨੂੰ ਆਉਣ ਦਾ ਇਸ਼ਾਰਾ ਕੀਤਾ।)

ਪਾਲੀ – (ਕਾਰ ਵਾਲੇ ਮੁੰਡੇ ਵੱਲ ਇਸ਼ਾਰਾ ਕਰ ਕੇ) 'ਅਹਿ ਦੇਖ, ਮੈਨੂੰ ਆਉਣ ਦੇ ਇਸ਼ਾਰੇ ਕਰਦੈ ?

ਸੁੱਖੀ – 'ਤੂੰ ਇੱਧਰ ਆ ਮੇਰੇ ਨਾਲ, ਆਪਾਂ ਦੋਵੇਂ ਆਟੋ ਵਿੱਚ ਇਕੱਠੀਆਂ ਜਾਵਾਂਗੀਆਂ।'

(ਦੋਨੋਂ ਆਟੋ ਵਿੱਚ ਬੈਠ ਕੇ ਚਲੀਆਂ ਗਈਆਂ। ਪਾਲੀ ਫਿਰ ਵੀ ਆਟੋ 'ਚੋਂ ਸਿਰ ਕੱਢ ਕੇ ਪਿੱਛੇ ਨੂੰ ਕਾਰ ਵੱਲ ਦੇਖਦੀ ਹੈ।)

ਦ੍ਰਿਸ਼ ਅੱਠਵਾਂ

ਸਥਾਨ – ਸੋਹਣ ਸਿੰਘ ਦਾ ਘਰ

ਪਾਤਰ – ਸੋਹਣ ਸਿੰਘ, ਸੁੱਖੀ, ਪਾਲੀ

**ਸੋਹਣ ਸਿੰਘ ਨੂੰ, ਪਾਲੀ ਦੇ ਜੀਵਨ ਵਿੱਚ ਸੁਧਾਰ ਲਿਆਉਣ ਲਈ ਪ੍ਰੇਰਿਤ ਕਰਨਾ**

(ਪਾਲੀ ਤੇ ਸੁੱਖੀ ਇੱਕੋ ਮੰਜੇ ’ਤੇ ਬੈਠੀਆਂ ਹਨ। ਸਾਹਮਣੇ ਕੁਰਸੀ ’ਤੇ ਸੋਹਣ ਸਿੰਘ ਬੈਠਾ ਹੈ)।

ਸੁੱਖੀ – (ਸੋਹਣ ਸਿੰਘ ਨੂੰ) ‘ਅੰਕਲ ਜੀ, ਪਾਲੀ ਨੂੰ ਪੜ੍ਹਾਈ ਤੋਂ ਇਲਾਵਾ ਕੋਈ ਸਮਾਜਿਕ ਸਿੱਖਿਆ ਵੀ ਦਿਆ ਕਰੋ। ਤਾਂ ਜੋ ਇਹਨੂੰ ਸਮਾਜ ਬਾਰੇ ਵੀ ਕੁੱਛ ਪਤਾ ਲੱਗ ਸਕੇ।

ਸੋਹਣ ਸਿੰਘ – ‘ਸੁੱਖੀ ਟਾ, ਅਜੇ ਇਹਦੇ ਪੜ੍ਹਾਈ ਦੇ ਦਿਨ ਹਨ। ਅੱਜ ਤਾਈਂ ਇਹ ਪੜ੍ਹਾਈ ’ਚੋਂ ਫਸਟ ਜਾਂ ਸੈਕੰਡ ਹੀ ਆਈ ਹੈ, ਇਸ ਲਈ ਅਸੀਂ ਇਹਦੀ ਪੜ੍ਹਾਈ ਵਿੱਚ ਖਲਲ ਨਹੀਂ ਪਾਉਣਾ ਚਾਹੁੰਦੇ।’

ਸੁੱਖੀ – ‘ਅੰਕਲ ਜੀ, ਅਸੀਂ ਸਮਾਜਿਕ ਜੀਵ ਹਾਂ, ਸਮਾਜ ਵਿੱਚ ਕਿਸ ਤਰ੍ਹਾਂ ਰਹਿਣਾ ਹੈ, ਕਿਸ ਤਰ੍ਹਾਂ ਵਿਚਰਨਾ ਹੈ, ਸਾਨੂੰ ਪਤਾ ਹੋਣੈ ਚਾਹੀਦੈ।’

ਸੋਹਣ ਸਿੰਘ – ‘ਬੇਟਾ, ਸਾਨੂੰ ਆਪਣੀ ਕੁੜੀ ’ਤੇ ਪੂਰਾ ਭਰੋਸਾ ਹੈ, ਇਹ ਕਦੇ ਕੋਈ ਗਲਤ ਕਦਮ ਨਹੀਂ ਚੁੱਕ ਸਕਦੀ।’

ਸੁੱਖੀ – ‘ਮੈਨੂੰ ਵੀ ਪਤਾ ਹੈ, ਇਹ ਕੋਈ ਗਲਤ ਕਦਮ ਨਹੀਂ ਚੁੱਕ ਸਕਦੀ। ਪਰ ਸਾਨੂੰ ਇਸ ਗੱਲ ਤੋਂ ਵੀ ਹੁਸ਼ਿਆਰ ਰਹਿਣਾ ਚਾਹੀਦਾ ਹੈ, ਕਿ ਕੋਈ ਸਾਨੂੰ ਗ਼ਲਤ ਰਸਤੇ ’ਤੇ ਨਾ ਪਾ ਦੇਵੇ। ਕਿਉਂਕਿ ਗ਼ਲਤ ਰਸਤੇ ’ਤੇ ਰੱਖਿਆ ਹੋਇਆ ਸਾਡਾ ਇੱਕ ਕਦਮ ਵੀ ਸਾਡੀ ਜ਼ਿੰਦਗੀ ਬਰਬਾਦ ਕਰ ਸਕਦਾ ਹੈ।’

ਸੋਹਣ ਸਿੰਘ – ‘ਪੁੱਤਰ, ਤੂੰ ਇੱਧਰ ਉੱਧਰ ਦੀਆਂ ਗੱਲਾਂ ਨਾ ਕਰ, ਜੇਕਰ ਤੂੰ ਇਹਦੀ ਕੋਈ ਗ਼ਲਤ ਹਰਕਤ ਦੇਖੀ ਏ ਤਾਂ ਮੈਨੂੰ ਦੱਸ ਦੇ।’

ਪਾਲੀ – ‘ਅੰਕਲ ਜੀ, ਅੱਜ ਸਵੇਰੇ ਇਹ ਕਿਸੇ ਮੁੰਡੇ ਦੀ ਕਾਰ ਵਿੱਚ ਬੈਠ ਕੇ ਕਾਲਜ ਆਈ ਸੀ, ਵਾਪਸੀ ’ਤੇ ਵੀ ਇਹ ਉਸੇ ਮੁੰਡੇ ਦੀ ਕਾਰ ਵਿੱਚ ਹੀ ਬੈਠਣ ਲੱਗੀ ਸੀ, ਤੁਹਾਨੂੰ ਪਤਾ ਐ ਉਹ ਮੁੰਡਾ ਕੌਣ ਐਂ ?’

ਸੋਹਣ ਸਿੰਘ – (ਪਾਲੀ ਨੂੰ) ‘ਕੌਣ ਸੀ ਉਹ ਮੁੰਡਾ?’

ਪਾਲੀ – ‘ਉਹ ਕਹਿੰਦਾ ਸੀ, ਤੁਹਾਡੇ ਡੈਡੀ ਨੇ ਮੇਰੀ ਇਹ ਡਿਊਟੀ ਲਗਾਈ ਹੈ, ਕਿ ਤੂੰ ਹਰ ਰੋਜ਼ ਕੁੜੀ ਨੂੰ ਕਾਲਜ ਛੱਡ ਕੇ ਆਉਣਾ ਹੈ ਤੇ ਵਾਪਸ ਛੱਡ ਕੇ ਵੀ ਜਾਣਾ ਹੈ।’

ਸੋਹਣ ਸਿੰਘ – ‘ਤੂੰ ਮੈਨੂੰ ਪੁੱਛਿਆ? ਕਿ ਡੈਡੀ ਤੁਸੀਂ ਕਿਸੇ ਮੁੰਡੇ ਦੀ ਡਿਊਟੀ ਲਗਾਈ ਐ?’

ਪਾਲੀ – ‘ਡੈਡੀ, ਮੈਂ ਵਾਪਸ ਆ ਕੇ ਤੁਹਾਡੇ ਕੋਲੋਂ ਪੁੱਛਣਾ ਹੀ ਸੀ?’

ਸੁੱਖੀ – ‘ਜੇ ਤੈਨੂੰ ਉਹ ਕੋਲਡ ਡਰਿੰਕ ਵਿੱਚ ਜਾਂ ਪਾਣੀ ਵਿੱਚ, ਕੋਈ ਬੇਹੋਸ਼ੀ ਦੀ ਦਵਾ ਮਿਲਾ ਕੇ ਪਿਲਾ ਦਿੰਦਾ, ਤਾਂ ਤੈਨੂੰ ਉਹ ਬੇਹੋਸ਼ ਕਰ ਕੇ ਕਿਤੇ ਲੈ ਜਾਂਦਾ, ਤਾਂ ਤੇਰੀ ਤੇ ਜ਼ਿੰਦਗੀ ਬਰਬਾਦ ਹੋ ਜਾਣੀ ਸੀ ਨਾ।’

ਪਾਲੀ – ‘ਦੀਦੀ ਮੈਂ ਤਾਂ ਇਹ ਸੋਚਿਆ ਹੀ ਨਈਂ ਸੀ।’

ਸੋਹਣ ਸਿੰਘ – (ਸੁੱਖੀ ਨੂੰ) ਦੱਸ ਕੁੜੀਏ, ਇਹਦਾ ਕੀ ਇਲਾਜ ਕਰੀਏ?’

ਸੁੱਖੀ – ‘ਅੰਕਲ ਜੀ, ਅਸੀਂ ਆਪਣੇ ਇਹੋ ਜਿਹੇ ਧੀ ਪੁੱਤ ਨੂੰ ਸਮਝਦੇ ਹਾਂ ਕਿ ਇਹ ਬਹੁਤ ਸਿੱਧਾ ਹੈ, ਪਰ ਉਹ ਸਿੱਧਾ ਨਈਂ ਹੁੰਦਾ, ਉਹਦਾ ਦਿਮਾਗ਼ ਡਿਪ੍ਰੈਸ਼ਨ ਵੱਲ ਨੂੰ ਜਾ ਰਿਹਾ ਹੁੰਦਾ ਅਤੇ ਡਿਪ੍ਰੈਸ਼ਨ ਤੋਂ ਅਗਲੀ ਸਟੇਜ, ਪਾਗਲਪਨ ਦੀ ਹੈ।’

ਸੋਹਣ ਸਿੰਘ – ‘ਕੁੜੀਏ, ਤੂੰ ਤਾਂ ਮੈਨੂੰ ਫ਼ਿਕਰਾਂ ’ਚ ਪਾ ਦਿੱਤਾ।’

ਸੁੱਖੀ – ‘ਅੰਕਲ ਜੀ, ਅਸੀਂ ਆਪਣੇ ਇਹੋ ਜਿਹੇ ਧੀ ਪੁੱਤ ਨੂੰ ਸਮਝਦੇ ਹਾਂ ਕਿ ਇਹ ਬਹੁਤ ਸਿੱਧਾ ਹੈ, ਪਰ ਉਹ ਸਿੱਧਾ ਨਈਂ ਹੁੰਦਾ, ਉਹਦਾ ਦਿਮਾਗ ਡਿਪ੍ਰੈਸ਼ਨ ਵੱਲ ਨੂੰ ਜਾ ਰਿਹਾ ਹੁੰਦਾ ਅਤੇ ਡਿਪ੍ਰੈਸ਼ਨ ਤੋਂ ਅਗਲੀ ਸਟੇਜ, ਪਾਗਲ ਮੰਨਦੀ ਹੈ।’

ਸੋਹਣ ਸਿੰਘ – ‘ਕੁੜੀਏ, ਤੂੰ ਤਾਂ ਮੈਨੂੰ ਫ਼ਿਕਰਾਂ ’ਚ ਪਾ ਦਿੱਤਾ।’

ਸੁੱਖੀ – ‘ਅੰਕਲ ਜੀ, ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁੱਛ ਨਹੀਂ ਵਿਗੜਿਆ। ਕੁੜੀ ਨੂੰ ਸਾਰਾ ਦਿਨ ਪੜ੍ਹਾਈ ’ਚ ਨਾ ਲਾਈ ਰੱਖਿਆ ਕਰੋ, ਕਿਸੇ ਵੇਲੇ ਉਹਨੂੰ ਟੀ.ਵੀ. ਦੇਖਣ ਲਈ ਕਹਿ ਦਿਆ ਕਰੋ, ਕਦੀ ਘਰ ਦੇ ਕਿਸੇ ਕੰਮ ਲਈ ਕਹਿ ਦਿਆ ਕਰੋ, ਕਦੀ ਐਤਵਾਰ ਛੁੱਟੀ ਦੇ ਦਿਨ ਉਹਨੂੰ ਪਾਰਕ ਵਿੱਚ ਲੈ ਜਾਇਆ ਕਰੋ, ਉੱਥੇ ਕੁੜੀਆਂ ਮੁੰਡੇ ਖੇਡ ਰਹੇ ਹੁੰਦੇ ਹਨ, ਉਨ੍ਹਾਂ ਵੱਲ ਦੇਖ ਕੇ ਇਹਦਾ ਦਿਲ ਵੀ ਖੇਡਣ ਅਤੇ ਨੱਚਣ ਟੱਪਣ ਲਈ ਕਰੇਗਾ। ਇਸ ਤਰ੍ਹਾਂ ਇਹ ਡਿਪ੍ਰੈਸ਼ਨ ਤੋਂ ਬਚ ਜਾਏਗੀ ਅਤੇ ਸਮਾਜ ਦਾ ਹਿੱਸਾ ਬਣ ਕੇ, ਸਮਾਜ ਵਿੱਚ ਹੋ ਰਹੇ ਚੰਗੇ ਮੰਦੇ ਸਾਰੇ ਜਾਣ ਜਾਏਗੀ।’

ਸੋਹਣ ਸਿੰਘ – ‘ਠੀਕ ਐ ਧੀਏ, ਮੈਂ ਇੱਦਾਂ ਹੀ ਕਰੂੰਗਾ।’

***...ਬਾਕੀ ਅੰਗਲੇ ਅੰਕ ’ਚ***

# ਗਰਮ ਚਾਹ ਦੇ ਕੱਪ 'ਚ ਵਸੀ ਇਕ ਛੋਟੀ ਜਿਹੀ ਦੁਨੀਆਂ

**ਅਮਰਜੀਤ ਟਾਂਡਾ**



ਕਈ ਵਾਰ ਜੀਵਨ ਦੀਆਂ ਵੱਡੀਆਂ ਸੱਚਾਈਆਂ ਵੱਡੀਆਂ ਕਿਤਾਬਾਂ ਵਿੱਚ ਨਹੀਂ, ਸਗੋਂ ਚਾਹ ਦੇ ਇਕ ਛੋਟੇ ਜਿਹੇ ਕੱਪ ਵਿੱਚ ਲੁਕੀਆਂ ਹੁੰਦੀਆਂ ਹਨ। ਚਾਹ ਦਾ ਕੱਪ ਸਿਰਫ਼ ਗਰਮ ਪਾਣੀ, ਪੱਤੀ ਤੇ ਦੁੱਧ ਦਾ ਸੁਮੇਲ ਨਹੀਂ ਹੁੰਦਾ — ਇਹ ਸਮੇਂ ਦਾ ਇਕ ਠਹਿਰਾਓ ਹੁੰਦਾ ਹੈ, ਮਨ ਦਾ ਇਕ ਵਿਸ਼ਰਾਮ ਹੁੰਦਾ ਹੈ, ਤੇ ਰੂਹ ਦਾ ਇਕ ਸੁਕੂਨ।

ਜਦੋਂ ਸਵੇਰ ਦੀ ਪਹਿਲੀ ਸੱਜਰੀ ਰਿਸ਼ਮ ਹੌਲੀ ਹੌਲੀ ਖਿੜਕੀ ਰਾਹੀਂ ਅੰਦਰ ਆਉਂਦੀ ਹੈ ਤੇ ਹੱਥ ਵਿੱਚ ਚਾਹ ਦਾ ਕੱਪ ਹੁੰਦਾ ਹੈ, ਤਾਂ ਲੱਗਦਾ ਹੈ ਜਿਵੇਂ ਦਿਨ ਨੇ ਹੌਲੀ ਜਿਹੀ ਮੁਸਕਾਨ ਨਾਲ ਸਾਡਾ ਸਵਾਗਤ ਕੀਤਾ ਹੋਵੇ।

ਮੈਂ ਚਾਹ ਪੀਂਦਿਆਂ ਬਹੁਤ ਹੀ ਆਨੰਦ ਲੈਂਦਾ ਹਾਂ। ਉਂਗਲਾਂ ਚ ਗਰਮ ਕੱਪ ਫ਼ੜ ਗਰਮ ਕਰ ਲੈਂਦਾ ਹਾਂ, ਅੱਖਾਂ ਨੂੰ ਵੀ ਸੇਕ ਦੇ ਲੈਂਦਾ ਹਾਂ। ਗਰਮ ਕੱਪ ਹੌਲੀ ਹੌਲੀ ਛੁਹਾਣ ਨਾਲ ਦੰਦ ਦਰਦ ਵੀ ਮਿਟਾ ਦਿੰਦਾ ਹੈ ਤੇ ਗੱਲ੍ਹ ਨੂੰ ਲਾਉਂਦਿਆਂ ਪਿਆਰ ਦਾ ਇਜ਼ਹਾਰ ਵੀ ਕਰਾਉਂਦਾ ਹੈ ਕਿਸੇ ਆਪਣੇ ਦਾ।

ਜੀਵਨ ਦੀ ਦੌੜ ਵਿੱਚ ਜਦੋਂ ਵੀ ਥਕਾਵਟ ਮਹਿਸੂਸ ਹੋਵੇ, ਚਾਹ ਦਾ ਕੱਪ ਹੱਥ ਵਿੱਚ ਫੜੋ —

ਸ਼ਾਇਦ ਤੁਹਾਨੂੰ ਆਪਣੇ ਆਪ ਨਾਲ ਮਿਲਣ ਦਾ ਮੌਕਾ ਮਿਲ ਜਾਵੇ ਕਿਉਂਕਿ ਕਈ ਵਾਰ ਪੂਰੀ ਦੁਨੀਆਂ ਦਾ ਸੁਕੂਨ ਇੱਕ ਛੋਟੇ ਜਿਹੇ ਚਾਹ ਦੇ ਕੱਪ ਵਿੱਚ ਸਮਾਇਆ ਹੁੰਦਾ ਹੈ।

ਚਾਹ ਦੀ ਭਾਪ ਉੱਪਰ ਵਧਦੀ ਹੈ — ਬਿਲਕੁਲ ਸਾਡੇ ਖ਼?ਆਲਾਂ ਵਾਂਗ, ਜੋ ਹੌਲੀ ਹੌਲੀ ਅਸਮਾਨ ਵੱਲ ਚਲੇ ਜਾਂਦੇ ਹਨ।

ਚਾਹ ਦਾ ਕੱਪ ਸਾਨੂੰ ਸਿਖਾਉਂਦਾ ਹੈ ਕਿ ਗਰਮੀ ਵਿੱਚ ਵੀ ਸੁਕੂਨ ਹੁੰਦਾ ਹੈ। ਜਿਵੇਂ ਚਾਹ ਗਰਮ ਹੁੰਦੀ ਹੈ ਪਰ ਮਨ ਨੂੰ ਠੰਢਕ ਦੇਂਦੀ ਹੈ, ਓਸੇ ਤਰ੍ਹਾਂ ਜੀਵਨ ਦੀਆਂ ਮੁਸ਼ਕਲਾਂ ਵੀ ਅੰਦਰੋਂ ਸਾਨੂੰ ਮਜ਼ਬੂਤ ਬਣਾਉਂਦੀਆਂ ਹਨ। ਚਾਹ ਦਾ ਹਰ ਘੁੱਟ ਇੱਕ ਛੋਟੀ ਜਿਹੀ ਧਿਆਨ ਦੀ ਅਵਸਥਾ ਬਣ ਜਾਂਦਾ ਹੈ ਜਿੱਥੇ ਨਾ ਭੂਤ ਹੁੰਦਾ ਹੈ ਨਾ ਭਵਿੱਖ, ਸਿਰਫ਼ ਵਰਤਮਾਨ ਹੁੰਦਾ ਹੈ।

ਕਈ ਵਾਰ ਚਾਹ ਦਾ ਕੱਪ ਦੋ ਬੰਦਿਆਂ ਵਿਚਕਾਰ ਬਿਨਾਂ ਬੋਲੇ ਵੀ ਗੱਲਾਂ ਕਰਵਾ ਦਿੰਦਾ ਹੈ। ਦੋ ਕੁਰਸੀਆਂ, ਇੱਕ ਮੇਜ਼ ਤੇ ਵਿਚਕਾਰ ਚਾਹ ਦਾ ਕੱਪ — ਇਹ ਦ੍ਰਿਸ਼ ਦੋ ਦਿਲਾਂ ਨੂੰ ਨੇੜੇ ਲਿਆਉਣ ਲਈ ਕਾਫ਼ੀ ਹੁੰਦਾ ਹੈ।

ਚਾਹ ਦਾ ਕੱਪ ਦੋਸਤੀ ਦਾ ਪੁਲ ਹੁੰਦਾ ਹੈ, ਪਿਆਰ ਦੀ ਸ਼ੁਰੂਆਤ ਹੁੰਦੀ ਹੈ, ਤੇ ਕਈ ਵਾਰ ਟੁੱਟੇ ਮਨ ਦਾ ਇਲਾਜ ਵੀ ਹੁੰਦਾ ਹੈ।

ਅਧਿਆਤਮਿਕ ਤੌਰ ਤੇ ਵੇਖੀਏ ਤਾਂ ਚਾਹ ਦਾ ਕੱਪ ਸਾਨੂੰ ਹੌਲੀ ਜੀਣਾ ਸਿਖਾਉਂਦਾ ਹੈ। ਇਹ ਕਹਿੰਦਾ ਹੈ —

"ਰੁੱਕੋ... ਬੈਠੋ... ਸਾਹ ਲਵੋ... ਤੇ ਇਸ ਪਲ ਨੂੰ ਮਹਿਸੂਸ ਕਰੋ।"

ਚਾਹ ਦਾ ਕੱਪ ਸਾਨੂੰ ਦੱਸਦਾ ਹੈ ਕਿ ਖੁਸ਼ੀ ਵੱਡੀਆਂ ਚੀਜ਼ਾਂ ਵਿੱਚ ਨਹੀਂ, ਛੋਟੇ ਪਲਾਂ ਵਿੱਚ ਵੀ ਵਸਦੀ ਹੈ। ਖਿੜਕੀ ਕੋਲ ਬੈਠ ਕੇ ਮੀਂਹ ਵੇਖਣਾ, ਹੱਥ ਵਿੱਚ ਚਾਹ ਫੜਨਾ, ਤੇ ਮਨ ਨੂੰ ਖਾਮੋਸ਼ੀ ਨਾਲ ਭਰਨਾ — ਇਹੀ ਤਾਂ ਜੀਵਨ ਦਾ ਅਸਲ ਆਨੰਦ ਹੈ।

ਚਾਹ ਦਾ ਕੱਪ ਸਿਰਫ਼ ਚਾਹ ਨਹੀਂ — ਇਹ ਇੱਕ ਅਹਿਸਾਸ ਵੀ ਹੈ, ਇੱਕ ਯਾਦ ਹੈ, ਇੱਕ ਸਾਥ ਹੈ ਮਹਿਬੂਬ ਵਰਗਾ। ਚਾਹ ਦਾ ਕੱਪ — ਮਹਿਬੂਬ ਦੇ ਬੁੱਲ੍ਹਾਂ ਵਰਗੀ ਗਰਮਾਹਟ ਹੁੰਦੀ ਹੈ।

ਚਾਹ ਦਾ ਕੱਪ ਹੱਥ ਵਿੱਚ ਆਵੇ ਤਾਂ ਲੱਗਦਾ ਹੈ ਜਿਵੇਂ ਕੋਈ ਮਹਿਬੂਬ ਹੌਲੀ ਜਿਹੀ ਮੁਸਕਾਨ ਨਾਲ ਸਾਹਮਣੇ ਆ ਕੇ ਬੈਠ ਗਈ ਹੋਵੇ। ਕੱਪ ਦਾ ਕੰਢਾ ਮਹਿਬੂਬ ਦੇ ਨਰਮ ਬੁੱਲ੍ਹਾਂ ਵਰਗਾ ਜਾਪਦਾ ਹੈ — ਜਦੋਂ ਘੁੱਟ ਭਰਦੇ ਹੋ ਤਾਂ ਅਹਿਸਾਸ ਹੁੰਦਾ ਹੈ ਜਿਵੇਂ ਕੋਈ ਪਿਆਰ ਦੀ ਚੁੱਪ ਚਾਪ ਚੁੰਮਣ ਦੇ ਗਿਆ ਹੋਵੇ।

ਚਾਹ ਦੀ ਭਾਪ ਉੱਪਰ ਚੜ੍ਹਦੀ ਹੈ — ਜਿਵੇਂ ਮਹਿਬੂਬ ਦੀ ਸਾਹ ਦੀ ਗਰਮੀ ਗੱਲਾਂ ਨੂੰ ਛੂਹ ਕੇ ਲੰਘਦੀ ਹੋਵੇ। ਕੱਪ ਨੂੰ ਗੱਲ੍ਹ ਨਾਲ ਛੁਹਾਓ ਤਾਂ ਇੰਝ ਜਾਪੇਗਾ ਜਿਵੇਂ ਕਿ ਤੁਸੀਂ ਉਸਦੀ ਗੱਲ੍ਹ ਨਾਲ ਗੱਲ੍ਹ ਲਾ ਰਹੇ ਹੋਵੋ। ਉਹ ਸੁਗੰਧ, ਉਹ ਗਰਮਾਹਟ — ਬਿਲਕੁਲ ਉਹਨਾਂ ਪਲਾਂ ਵਰਗੀ ਹੁੰਦੀ ਹੈ ਜਦੋਂ ਕੋਈ ਆਪਣੇ ਨੇੜੇ

ਆ ਕੇ ਹੌਲੀ ਜਿਹੀ ਗੱਲ ਕਰਦਾ ਹੈ।

ਚਾਹ ਦਾ ਹਰ ਘੁੱਟ ਪਿਆਰ ਦਾ ਇਕ ਲਫ਼ਜ਼ ਹੁੰਦਾ ਹੈ, ਹਰ ਘੁੱਟ ਇੱਕ ਮਿੱਠੀ ਛੁਹ ਚੁੰਮਣ ਵਰਗਾ, ਤੇ ਕੱਪ ਦੇ ਤਲ ਵਿੱਚ ਬਚੀ ਚਾਹ —

ਬਿਲਕੁਲ ਉਹਨਾਂ ਯਾਦਾਂ ਵਰਗੀ ਹੁੰਦੀ ਹੈ ਜੋ ਦਿਲ ਵਿੱਚ ਥੋੜ੍ਹੀਆਂ ਥੋੜ੍ਹੀਆਂ ਰਹਿ ਜਾਂਦੀਆਂ ਹਨ।

ਕਈ ਵਾਰ ਚਾਹ ਦਾ ਕੱਪ ਹੋਠਾਂ ਨੂੰ ਇਸ ਤਰ੍ਹਾਂ ਛੂਹਦਾ ਹੈ ਜਿਵੇਂ ਕੋਈ ਸ਼ਰਮੀਲੀ ਮਹਿਬੂਬ ਪਹਿਲੀ ਵਾਰ ਹੱਥ ਫੜੇ, ਤੇ ਹੌਲੀ ਜਿਹੀ ਕੰਬਣੀ ਛੇੜ ਜਾਵੇ ਦਿਲ ਵਿੱਚ ਅਤੇ ਸਮਾਂ ਓਥੇ ਹੀ ਠਹਿਰ ਜਾਂਦਾ ਹੈ।?

ਚਾਹ ਦਾ ਰੰਗ ਵੀ ਕਿੰਨਾ ਰੋਮਾਂਟਿਕ ਹੁੰਦਾ ਹੈ —ਨਾ ਪੂਰਾ ਕਾਲਾ, ਨਾ ਪੂਰਾ ਚਿੱਟਾ ਬਿਲਕੁਲ ਦੋ ਦਿਲਾਂ ਦੇ ਮਿਲਣ ਵਰਗਾ ਜਿੱਥੇ ਦੋ ਰੰਗ ਮਿਲ ਕੇ ਇੱਕ ਨਵਾਂ ਅਹਿਸਾਸ ਬਣਾਉਂਦੇ ਹਨ।

**ਕੱਪ ਨੂੰ ਦੋਹਾਂ ਹੱਥਾਂ ਨਾਲ ਫੜਨਾ**

ਜਿਵੇਂ ਕਿਸੇ ਦੇ ਹੱਥਾਂ ਦੀ ਗਰਮਾਹਟ ਨੂੰ ਮਾਨਣਾ ਸੰਭਾਲਣਾ ਹੋਵੇ, ਅਤੇ ਘੁੱਟ ਭਰਨਾ ਜਿਵੇਂ ਪਿਆਰ ਨੂੰ ਹੌਲੀ ਹੌਲੀ ਆਪਣੇ ਅੰਦਰ ਉਤਾਰਨਾ ਹੋਵੇ।

ਚਾਹ ਦਾ ਕੱਪ ਕਹਿੰਦਾ ਹੈ —
ਪਿਆਰ ਹਮੇਸ਼ਾ ਸ਼ੋਰ ਵਿੱਚ ਨਹੀਂ ਹੁੰਦਾ,
ਕਈ ਵਾਰ ਇਹ ਭਾਪ ਵਾਂਗ ਹੁੰਦਾ ਹੈ,
ਜੋ ਦਿਸਦੀ ਘੱਟ ਹੈ ਪਰ ਮਹਿਸੂਸ ਬਹੁਤ ਹੁੰਦੀ ਹੈ।

ਚਾਹ ਦਾ ਕੱਪ ਖਾਲੀ ਹੋ ਜਾਂਦਾ ਹੈ,ਪਰ ਬੁੱਲ੍ਹਾਂ ਉੱਤੇ ਰਹਿ ਜਾਂਦੀ ਹੈ ਗਰਮਾਹਟ,

ਜਿਵੇਂ ਕੋਈ ਮਿਲ ਕੇ ਚਲਾ ਗਿਆ ਹੋਵੇ,

ਪਰ ਉਸਦੀ ਖ਼ੁਸ਼ਬੂ ਦਿਲ ਵਿੱਚ ਰਹਿ ਗਈ ਹੋਵੇ ਕਿਉਂਕਿ ਚਾਹ ਦਾ ਕੱਪ ਸਿਰਫ਼ ਚਾਹ ਨਹੀਂ ਹੁੰਦਾ,

ਇਹ ਮਹਿਬੂਬ ਨਾਲ ਬਿਤਾਇਆ
ਇੱਕ ਖਾਮੋਸ਼, ਨਰਮ, ਰੋਮਾਂਟਿਕ ਪਲ ਹੁੰਦਾ ਹੈ।

**ਬਾਲ ਕਹਾਣੀ**

# ਸਕਾਰਾਤਮਕ ਸੋਚ ਦੀ ਤਾਕਤ

ਇੱਕ ਵਾਰ ਇੱਕ ਈਰਖਾਲੂ ਸੁਭਾਅ ਦਾ ਮਨੁੱਖ ਫੁੱਲਾਂ ਨਾਲ ਭਰੇ ਹੋਏ ਬਾਗ ਵਿੱਚ ਗਿਆ। ਸਾਰੇ ਬਾਗ ਵਿੱਚ ਘੁੰਮਿਆਂ, ਪਰ ਅੰਦਰ ਉਸ ਦੇ ਨਾ ਖੁਸ਼ੀ, ਨਾ ਅਨੰਦ ਤੇ ਨਾ ਹੀ ਕੋਈ ਸੁੰਦਰ ਦ੍ਰਿਸ਼ ਬਣਿਆ। ਉਹ ਘੁੰਮ ਘੁੰਮਾ ਧੱਕੇ ਖਾ ਕੇ ਵਾਪਸ ਆ ਗਿਆ।

ਦੂਸਰੇ ਦਿਨ ਉਸ ਦੇ ਨਾਲ ਦੇ ਬੜੇ ਪਿਆਰ ਵਾਲੇ ਉਸ ਬਾਗ਼ ਨੂੰ ਦੇਖਣ ਗਏ। ਬੜਾ ਸੁੰਦਰ ਬਾਗ਼। ਕਿੱਧਰੇ ਪੰਛੀ ਚਹਿਚਹਾਉਂਣ ਭੌਰੇ,ਤਿੱਤਲੀਆਂ ਦੀ ਗੂੰਜਾਰ। ਰੰਗ ਬਿਰੰਗੇ ਫੁੱਲਾਂ ਨਾਲ ਭਰੇ ਹੋਏ ਬੂਟੇ। ਇਹਨੀਂ ਸ਼ਾਂਤਮਈ ਜਗ੍ਹਾ! ਵਾਪਸ ਆਉਣ ਨੂੰ ਦਿਲ ਨਾ ਕਰੇ। ਉਹ ਕੁਦਰਤ ਦੇ ਇਸ ਅਦਭੁੱਤ ਨਜ਼ਾਰੇ ਨੂੰ ਵੇਖ ਵੇਖ ਖੁਸ਼ ਹੋ ਰਹੇ ਸਨ। ਸ਼ਾਮ ਨੂੰ ਇੱਕ ਤਾਜ਼ਗੀ ਮਹਿਸੂਸ ਕਰਦੇ ਹੋਏ ਵਾਪਸ ਮੁੜੇ।

ਫਿਰ ਦੂਸਰੇ ਦਿਨ ਉਹ 'ਕੱਠੇ ਹੋਏ ਤੇ ਆਪਸ ਵਿੱਚ ਬਾਗ਼ ਬਾਰੇ ਗੱਲਾਂ ਕਰਨ ਲੱਗੇ। ਪਿਆਰ ਵਾਲਿਆਂ ਨੇ ਉਸ ਬਾਗ਼ ਦੀ ਸੁੰਦਰਤਾ ਬਾਰੇ ਆਪੋ ਆਪਣੇ ਵਿਚਾਰ ਰੱਖੇ,ਪਰ ਉਹ ਈਰਖਾਲੂ ਮਨੁੱਖ ਉਹਨਾਂ ਦੀਆਂ ਗੱਲਾਂ ਨਾਲ ਸਹਿਮਤ ਨਹੀਂ ਸੀ।

"ਕੀ ਸੀ ਉੱਥੇ? ਮੈਨੂੰ ਤਾਂ ਕੁੱਝ ਨਹੀਂ ਦਿਸਿਆ"। ਉਹ ਕਹਿਣ ਲੱਗਿਆ।

ਉਹਨਾਂ ਦੀਆਂ ਗੱਲਾਂ ਉਸ ਨੂੰ ਚੰਗੀਆਂ ਨਹੀਂ ਸੀ ਲੱਗਦੀਆਂ।

ਸੋ ਬੱਚਿਓ! ਇਸ ਛੋਟੀ ਜਿਹੀ ਕਹਾਣੀ ਤੋਂ ਇਹ ਸਿੱਖਿਆ ਮਿਲਦੀ ਹੈ ਕਿ ਜੋ ਤੁਸੀਂ ਆਪਣੇ ਅੰਦਰ ਜੋ ਮਹਿਸੂਸ ਕਰਦੇ ਹੋ।ਉਹੋ ਜਿਹਾ ਹੀ ਤੁਹਾਨੂੰ ਬਾਹਰ ਦਿਸਦਾ ਹੈ। ਤੁਸੀਂ ਆਪਣੇ ਅੰਦਰ ਪਿਆਰ ਪੈਂਦਾ ਕਰੋ।ਤਾਂ ਕਿ ਇਹ ਸਾਰਾ ਸੰਸਾਰ ਸਾਡਾ ਆਲਾ ਦੁਆਲਾ ਸਵਰਗ ਬਣ ਜਾਵੇ। ਈਰਖਾ, ਸਾਡੇ ਵਾਸਤੇ ਕੋਈ ਜਗ੍ਹਾ ਨਾ ਰਹੇ।

***

**ਹਰਪ੍ਰੀਤ ਪੱਤੋ, ਪਿੰਡ ਪੱਤੋ ਹੀਰਾ ਸਿੰਘ, ਮੋਗਾ**

**ਫੋਨ ਨੰਬਰ 94658-21417**

# ਵਿਚਾਰਾਂ ਦੀ ਜਾਦੂਈ ਸ਼ਕਤੀ ਦਾ ਫਾਇਦਾ ਉਠਾਓ !



ਲਿਖਤ : ਜ਼.ਫਰ ਇਕਬਾਲ ਜ਼.ਫਰ

ਸਾਡੇ ਵਿਚਾਰ ਅਤੇ ਧਾਰਨਾਵਾਂ ਸਾਡੀ ਸ਼ਖਸੀਅਤ ਦਾ ਸ਼ੀਸ਼ਾ ਹਨ। ਜੇਕਰ ਅਸੀਂ ਕਿਸੇ ਵੀ ਵਿਅਕਤੀ ਦੇ ਵਿਚਾਰਾਂ ਨੂੰ ਜਾਣਦੇ ਹਾਂ, ਤਾਂ ਅਸੀਂ ਜਾਣਦੇ ਹਾਂ ਕਿ ਉਹ ਕਿਸ ਤਰ੍ਹਾਂ ਦਾ ਵਿਅਕਤੀ ਹੈ। ਸਾਡੀ ਮਾਨਸਿਕ ਪ੍ਰਵਿਰਤੀ ਸਾਡੀ ਕਿਸਮਤ ਨੂੰ ਨਿਰਧਾਰਤ ਕਰਦੀ ਹੈ, ਯਾਨੀ ਕਿ ਇੱਕ ਵਿਅਕਤੀ ਉਹੀ ਹੈ ਜੋ ਉਹ ਦਿਨ ਭਰ ਸੋਚਦਾ ਹੈ। ਸਾਡੀ ਜ਼ਿੰਦਗੀ ਸਾਡੇ ਵਿਚਾਰਾਂ ਤੋਂ ਬਣੀ ਹੈ। ਸਾਡੇ ਸਾਹਮਣੇ ਸਭ ਤੋਂ ਮਹੱਤਵਪੂਰਨ ਸਮੱਸਿਆ ਲਾਭਦਾਇਕ ਵਿਚਾਰਾਂ ਦੀ ਚੋਣ ਹੈ। ਜੇਕਰ ਅਸੀਂ ਇਸ ਵਿੱਚ ਸਫਲ ਹੋ ਜਾਂਦੇ ਹਾਂ, ਤਾਂ ਅਸੀਂ ਸਾਰੀਆਂ ਸਮੱਸਿਆਵਾਂ ਨੂੰ ਬਹੁਤ ਆਸਾਨੀ ਅਤੇ ਗੁਣਵੱਤਾ ਨਾਲ ਸੰਭਾਲ ਸਕਦੇ ਹਾਂ। ਸਿਹਤਮੰਦ ਵਿਚਾਰ ਖੁਸ਼ੀ ਅਤੇ ਖੁਸ਼ੀ ਦੇ ਹੁੰਦੇ ਹਨ ਜੋ ਖੁਸ਼ਹਾਲੀ ਦੀ ਭਾਵਨਾ ਦਿੰਦੇ ਹਨ ਅਤੇ ਗੈਰ-ਸਿਹਤਮੰਦ ਵਿਚਾਰ ਸਾਨੂੰ ਕਾਇਰ ਅਤੇ ਡਰਪੋਕ ਬਣਾਉਂਦੇ ਹਨ, ਯਾਨੀ ਕਿ ਗੈਰ-ਸਿਹਤਮੰਦ ਵਿਚਾਰ ਸਾਨੂੰ ਬਿਮਾਰ ਬਣਾਉਂਦੇ ਹਨ। ਜੋ ਅਸਫਲਤਾ ਬਾਰੇ ਸੋਚਦੇ ਹਨ ਉਹ ਅਸਫਲ ਹੁੰਦੇ ਹਨ ਅਤੇ ਜੋ ਸਫਲਤਾ ਬਾਰੇ ਸੋਚਦੇ ਹਨ ਉਹ ਜਿੱਤ ਜਾਂਦੇ ਹਨ। ਸਾਡੇ ਹਾਲਾਤ ਸਾਡੇ ਵਿਚਾਰਾਂ ਦੁਆਰਾ ਬਣਾਏ ਜਾਂਦੇ ਹਨ। ਤੁਸੀਂ ਉਹ ਨਹੀਂ ਹੋ ਜੋ ਤੁਸੀਂ ਸੋਚਦੇ ਹੋ, ਤੁਸੀਂ ਉਹ ਹੋ ਜੋ ਤੁਸੀਂ ਸੋਚਦੇ ਹੋ। ਤੁਹਾਨੂੰ ਹਰ ਰੋਜ਼ ਸਵੇਰੇ ਨਹਾਉਣਾ ਚਾਹੀਦਾ ਹੈ, ਚੰਗੇ ਕੱਪੜੇ ਪਾਉਣੇ ਚਾਹੀਦੇ ਹਨ, ਅਤਰ ਲਗਾਉਣਾ ਚਾਹੀਦਾ ਹੈ, ਅਤੇ ਆਤਮਵਿਸ਼ਵਾਸ ਨਾਲ ਸਥਿਤੀਆਂ ਦੇ ਰਾਹਾਂ ’ਤੇ ਚੱਲਣਾ ਚਾਹੀਦਾ ਹੈ, ਆਪਣਾ ਸਿਰ ਉੱਚਾ ਰੱਖਣਾ ਚਾਹੀਦਾ ਹੈ, ਅਤੇ ਆਪਣੇ ਵਿਚਾਰਾਂ ਨੂੰ ਸਕਾਰਾਤਮਕ ਰੱਖ ਕੇ ਹਾਰ ਤੋਂ ਹਾਰਨ ਤੋਂ ਇਨਕਾਰ ਕਰਨਾ ਚਾਹੀਦਾ ਹੈ।

ਸਾਡਾ ਮਾਨਸਿਕ ਰਵੱਈਆ ਸਾਡੀ ਸਰੀਰਕ ਤਾਕਤ ’ਤੇ ਅਵਿਸ਼ਵਾਸ਼ਯੋਗ ਪ੍ਰਭਾਵ ਪਾਉਂਦਾ ਹੈ। ਤੁਹਾਡੀ ਮਾਨਸਿਕ ਤਾਕਤ ਦਾ ਤੁਹਾਡੀ ਸਰੀਰਕ ਤਾਕਤ ’ਤੇ ਅਸਰ ਪੈਂਦਾ ਹੈ। ਸਰੀਰਕ ਸਿਹਤ ਬਣਾਈ ਰੱਖਣ ਲਈ ਆਪਣੇ ਮਾਨਸਿਕ ਵਿਚਾਰਾਂ ਨੂੰ ਕ੍ਰਮਬੱਧ ਰੱਖਣਾ ਬਹੁਤ ਜ਼ਰੂਰੀ ਹੈ। ਜਿਵੇਂ-ਜਿਵੇਂ ਸਾਡੀ ਚੇਤੰਨ ਉਮਰ ਵਧਦੀ ਜਾਵੇਗੀ, ਵਿਚਾਰਾਂ ਦੀ ਮਹਾਨ ਸ਼ਕਤੀ ਵਿੱਚ ਵਿਸ਼ਵਾਸ ਮਜ਼ਬੂਤ ਹੁੰਦਾ ਜਾਵੇਗਾ। ਪਰ ਮੈਂ ਹੁਣੇ ਹੀ ਸਿਆਣੇ ਮਨਾਂ ਨੂੰ ਸਮਝਾਉਂਦਾ ਹਾਂ ਕਿ ਆਪਣੇ ਵਿਚਾਰਾਂ ਨੂੰ ਬਦਲ ਕੇ, ਤੁਸੀਂ ਚਿੰਤਾ ਅਤੇ ਡਰ ਸਮੇਤ ਸਾਰੀਆਂ ਮਾਨਸਿਕ ਅਤੇ ਸਰੀਰਕ ਬਿਮਾਰੀਆਂ ਤੋਂ ਛੁਟਕਾਰਾ ਪਾ ਸਕਦੇ ਹੋ, ਅਤੇ ਆਪਣੀ ਜ਼ਿੰਦਗੀ ਨੂੰ ਬਦਲ ਸਕਦੇ ਹੋ। ਹਰ ਕਾਰਨ ਦਾ ਸਥਾਨ ਮਨ ਹੈ, ਅਤੇ ਹਰ ਪ੍ਰਭਾਵ ਇੱਕ ਮਾਨਸਿਕ ਪ੍ਰਗਟਾਵਾ ਹੈ।

ਜੇਕਰ ਤੁਸੀਂ ਮਾਨਸਿਕ ਅਤੇ ਘਬਰਾਹਟ ਦੇ ਟਕਰਾਅ ਦਾ ਸ਼ਿਕਾਰ ਨਹੀਂ ਹੋ, ਤਾਂ ਇਸ ਬਿਪਤਾ ਤੋਂ ਬਚਣ ਲਈ ਦਾਨ ਦਿੰਦੇ ਰਹੋ। ਪਰਮਾਤਮਾ ਤੁਹਾਨੂੰ ਇਸ ਸਰਾਪ ਤੋਂ ਬਚਾਵੇ, ਕਿਉਂਕਿ ਕੋਈ ਵੀ ਸਰੀਰਕ ਦਰਦ ਅਧਿਆਤਮਿਕ ਪੀੜਾ ਤੋਂ ਵੱਧ ਗੰਭੀਰ ਨਹੀਂ ਹੁੰਦਾ। ਮੈਂ ਘਬਰਾਹਟ ਦੇ ਟਕਰਾਅ ਦੀਆਂ ਸਥਿਤੀਆਂ ਵਿੱਚ ਇੰਨਾ ਬੇਵੱਸ ਸੀ ਕਿ ਮੈਂ ਆਪਣੇ ਪਰਿਵਾਰ ਨਾਲ ਗੱਲ ਵੀ ਨਹੀਂ ਕਰ ਸਕਦਾ ਸੀ, ਅਤੇ ਮੈਂ ਆਪਣੇ ਵਿਚਾਰਾਂ ’ਤੇ ਕਾਬੂ ਗੁਆ ਦਿੱਤਾ ਸੀ। ਡਰ ਨੇ ਦੁਨੀਆ ’ਤੇ ਹਾਵੀ ਹੋ ਕੇ ਮੈਨੂੰ ਇਕਾਂਤ ਵਿੱਚ ਲੈ ਗਿਆ। ਮੈਂ ਦਿਨ ਅਤੇ ਰਾਤਾਂ ਬਹੁਤ ਦਰਦ ਅਤੇ ਪੀੜਾ ਵਿੱਚ ਬਿਤਾਈਆਂ। ਧਰਤੀ ’ਤੇ ਕੋਈ ਵੀ ਸਰੀਰਕ ਜਾਂ ਅਧਿਆਤਮਿਕ ਇਲਾਜ ਕਰਨ ਵਾਲਾ ਨਹੀਂ ਸੀ ਜੋ ਮੇਰੇ ਦਰਦ ਨੂੰ ਸਮਝ ਸਕੇ ਅਤੇ ਇਸਦਾ ਇਲਾਜ ਕਰ ਸਕੇ। ਬ੍ਰਹਮ ਮਦਦ ਤੋਂ ਵਾਂਝੇ ਹੋਣ ਨੇ ਮੈਨੂੰ ਹੋਰ ਸ਼ੰਕਿਆਂ ਤੋਂ ਪੀੜਤ ਕਰ ਦਿੱਤਾ ਅਤੇ ਮੈਂ ਸੋਚਣ ਲੱਗਾ ਕਿ ਜੇ ਜ਼ਿੰਦਗੀ ਦਰਦਨਾਕ ਨਹੀਂ ਸੀ, ਤਾਂ ਜ਼ਿੰਦਗੀ ਖੁਦ ਹੀ ਖਤਮ ਹੋ ਜਾਣੀ ਚਾਹੀਦੀ ਹੈ। ਦਰਅਸਲ, ਮੇਰਾ ਇਲਾਜ ਮੇਰੇ ਅੰਦਰ ਛੁਪਿਆ ਹੋਇਆ ਸੀ। ਮੈਂ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਵਿੱਚ ਸੀ। ਮੇਰੇ ਸਰੀਰ ਜਾਂ ਮਨ ਵਿੱਚ ਕੋਈ ਨੁਕਸ ਨਹੀਂ ਸੀ। ਜਿਨ੍ਹਾਂ ਵਿਚਾਰਾਂ ਦਾ ਮੇਰੇ ਉੱਤੇ ਦਰਦਨਾਕ ਪ੍ਰਭਾਵ ਸੀ, ਉਨ੍ਹਾਂ ਨੇ ਮੈਨੂੰ ਉਦੋਂ ਹੀ ਹਰਾਇਆ ਜਦੋਂ ਮੈਂ ਉਨ੍ਹਾਂ ਤੋਂ ਹਾਰਨ ਨੂੰ ਸਵੀਕਾਰ ਕੀਤਾ ਸੀ। ਜਦੋਂ ਕੋਈ ਵਿਅਕਤੀ ਆਪਣੇ ਗਲਤ ਵਿਚਾਰਾਂ ਵਿੱਚ ਵਿਸ਼ਵਾਸ ਕਰਦਾ ਸੀ, ਤਾਂ ਮੈਨੂੰ ਅਹਿਸਾਸ ਹੋਇਆ ਸੀ ਕਿ ਜ਼ਿੰਦਗੀ ਕਿੰਨੀ ਦਰਦਨਾਕ ਬਣ ਜਾਂਦੀ ਹੈ। ਦਰਅਸਲ, ਮੈਂ ਜੋ ਸੋਚ ਰਿਹਾ ਸੀ ਉਹ ਮੇਰੇ ਨਾਲ ਹੋ ਰਿਹਾ ਸੀ। ਮੈਨੂੰ ਬੁਰੀ ਸੋਚ ਪ੍ਰਕਿਰਿਆ ਨੂੰ ਛੱਡ ਕੇ ਬੁਰੀ ਭਾਵਨਾ ਨੂੰ ਬਦਲਣਾ ਪਿਆ। ਇਸ ਲਈ, ਮਨ ਦੇ ਆਲੇ ਦੁਆਲੇ ਦੀ ਧੂੜ ਨੂੰ ਧੋਣਾ ਜ਼ਰੂਰੀ ਹੈ ਜੋ ਦਿਮਾਗ ਅਤੇ ਸਰੀਰ ’ਤੇ ਬੇਲੋੜਾ ਬੋਝ ਪਾ ਰਹੀ ਹੈ ਅਤੇ ਨਤੀਜੇ ਵਜੋਂ ਦੁੱਖ ਪੈਦਾ

ਹੋ ਰਿਹਾ ਹੈ।

ਹਰ ਮਨੁੱਖ ਨੂੰ ਪਰਮਾਤਮਾ ਦੁਆਰਾ ਇੱਕ ਬਹੁਤ ਹੀ ਸੁੰਦਰ ਅਤੇ ਖੁਸ਼ਹਾਲ ਜੀਵਨ ਦਿੱਤਾ ਜਾਂਦਾ ਹੈ। ਜਦੋਂ ਵੀ ਚਿੰਤਾ ਅਤੇ ਅਸੰਤੁਸ਼ਟੀ ਦੇ ਪ੍ਰਭਾਵ ਮਨ ਵਿੱਚ ਘੁੰਮਣ ਦੀ ਕੋਸ਼ਿਸ਼ ਕਰਦੇ ਹਨ, ਤਾਂ ਆਪਣੇ ਜੀਵਨ ਦੇ ਅਸਲ ਮੁੱਲਾਂ ਦੀ ਕਦਰ ਕਰਕੇ ਆਪਣੇ ਵਿਚਾਰਾਂ ਦੇ ਕੈਮਰੇ ਦਾ ਫੋਕਸ ਬਦਲੋ। ਦ੍ਰਿਸ਼ ਬਦਲ ਜਾਵੇਗਾ ਅਤੇ ਸਭ ਕੁਝ ਸਹੀ ਹੋ ਜਾਵੇਗਾ। ਵਿਚਾਰਾਂ ਦਾ ਸਰੀਰ ਅਤੇ ਮਨ 'ਤੇ ਡੂੰਘਾ ਪ੍ਰਭਾਵ ਪੈਂਦਾ ਹੈ। ਨੁਕਸਾਨਦੇਹ ਵਿਚਾਰਾਂ ਨੂੰ ਲਾਭਦਾਇਕ ਬਣਾਉਣ ਦੀ ਕਲਾ ਜੀਵਨ ਦੀ ਸ਼ਾਂਤੀ ਬਣ ਜਾਂਦੀ ਹੈ। ਸਾਰੇ ਦੁੱਖਾਂ ਦਾ ਕਾਰਨ ਬਾਹਰੀ ਹਾਲਾਤ ਨਹੀਂ ਹਨ, ਸਗੋਂ ਇਨ੍ਹਾਂ ਹਾਲਾਤਾਂ ਬਾਰੇ ਸਾਡੇ ਵਿਚਾਰ ਹਨ। ਇਸ ਤੱਥ ਨੂੰ ਸਵੀਕਾਰ ਕਰੋ ਅਤੇ ਉਨ੍ਹਾਂ 'ਤੇ ਕਾਬੂ ਪਾਓ ਅਤੇ ਸਹੀ ਕੰਮ ਕਰਕੇ ਮਾਨਸਿਕ ਤੌਰ 'ਤੇ ਸਿਹਤਮੰਦ ਰਹੋ। ਜ਼ਿੰਦਗੀ ਤੋਂ ਸਾਨੂੰ ਜੋ ਮਾਨਸਿਕ ਸ਼ਾਂਤੀ ਅਤੇ ਸ਼ਾਂਤੀ ਮਿਲਦੀ ਹੈ ਉਹ ਇਸ ਗੱਲ 'ਤੇ ਨਿਰਭਰ ਨਹੀਂ ਕਰਦੀ ਕਿ ਅਸੀਂ ਕੌਣ ਹਾਂ ਜਾਂ ਅਸੀਂ ਕਿੱਥੇ ਹਾਂ, ਸਗੋਂ ਇਹ ਪੂਰੀ ਤਰ੍ਹਾਂ ਸਾਡੇ ਮਾਨਸਿਕ ਰਵੱਈਏ 'ਤੇ ਨਿਰਭਰ ਕਰਦੀ ਹੈ ਜੋ ਅਸੀਂ ਇਸ ਪ੍ਰਤੀ ਅਪਣਾਉਂਦੇ ਹਾਂ ਅਤੇ ਇਸਦਾ ਬਾਹਰੀ ਹਾਲਾਤਾਂ ਅਤੇ ਘਟਨਾਵਾਂ ਨਾਲ ਬਹੁਤ ਘੱਟ ਲੈਣਾ-ਦੇਣਾ ਹੈ।


ਮੌਤ ਦੀ ਸਜ਼ਾ ਪ੍ਰਾਪਤ ਕੈਦੀ ਵੀ, ਜੇਕਰ ਉਹ ਸ਼ਾਂਤੀ, ਖੁਸ਼ੀ ਅਤੇ ਹਿੰਮਤ ਦੇ ਰਚਨਾਤਮਕ ਵਿਚਾਰਾਂ ਨੂੰ ਅਪਣਾਉਂਦੇ ਹਨ, ਤਾਂ ਫਾਂਸੀ ਦੇ ਤਖ਼ਤੇ 'ਤੇ ਜਾਂਦੇ ਸਮੇਂ ਆਪਣੇ ਕਫ਼ਨ 'ਤੇ ਬੈਠ ਕੇ ਕੁਦਰਤੀ ਦ੍ਰਿਸ਼ਾਂ ਦਾ ਆਨੰਦ ਮਾਣ ਸਕਦੇ ਹਨ, ਯਾਨੀ ਕਿ ਉਹ ਮਰਨ ਵੇਲੇ ਵੀ ਖੁਸ਼ੀ ਅਤੇ ਖੁਸ਼ੀ ਦੇ ਗੀਤਾਂ ਨਾਲ ਆਪਣੀਆਂ ਛਾਤੀਆਂ ਭਰ ਸਕਦੇ ਹਨ। ਹਾਲਾਤਾਂ ਦਾ ਨੁਕਸਾਨ ਦੁੱਖ ਅਤੇ ਸੋਗ ਤੋਂ ਬਿਨਾਂ ਲਓ, ਪਰ ਕੌੜੇ ਵਿਚਾਰ ਨਾ ਲਓ। ਮਨ ਖੁਦ ਸਵਰਗ ਤੋਂ ਨਰਕ ਅਤੇ ਨਰਕ ਤੋਂ ਸਵਰਗ ਤੱਕ ਆਪਣੀ ਜਗ?ਹਾ ਬਣਾਉਂਦਾ ਹੈ। ਬਹੁਤ ਸ਼ਕਤੀ, ਦੌਲਤ ਅਤੇ ਦੌਲਤ ਵਾਲਾ ਵਿਅਕਤੀ ਇੱਕ ਸੁੰਦਰ ਟਾਪੂ 'ਤੇ ਬੈਠਾ ਕਹਿੰਦਾ ਹੈ ਕਿ ਮੇਰੀ ਜ਼ਿੰਦਗੀ ਵਿੱਚ ਖੁਸ਼ੀ ਦੇ ਕੁਝ ਦਿਨ ਹੀ ਆਏ ਹਨ, ਅਤੇ ਇੱਕ ਅੰਨ੍ਹਾ, ਬੋਲਾ, ਗੂੰਗਾ ਵਿਅਕਤੀ ਕਹਿੰਦਾ ਹੈ ਕਿ ਮੈਨੂੰ ਜ਼ਿੰਦਗੀ ਬਹੁਤ ਸੁੰਦਰ ਲੱਗੀ। ਇਹ ਵਿਚਾਰਾਂ ਦੀ ਜਾਦੂਈ ਸ਼ਕਤੀ ਦੁਆਰਾ ਦਿੱਤਾ ਗਿਆ ਬਿਆਨ ਹੈ। ਜੇਕਰ ਸੁੰਦਰਤਾ ਮਨੁੱਖੀ ਵਿਚਾਰਾਂ ਵਿੱਚ ਨਹੀਂ ਹੈ, ਤਾਂ ਰੰਗੀਨ ਦ੍ਰਿਸ਼ ਵੀ ਅਰਥਹੀਣ ਹਨ। ਤੁਹਾਡੇ ਵਿਚਾਰ ਤੁਹਾਨੂੰ ਦੱਸਦੇ ਹਨ ਕਿ ਤੁਹਾਡੇ ਤੋਂ ਇਲਾਵਾ ਕੋਈ ਵੀ ਤੁਹਾਨੂੰ ਸ਼ਾਂਤੀ ਅਤੇ ਖੁਸ਼ੀ ਨਹੀਂ ਦੇ ਸਕਦਾ। ਸਾਨੂੰ ਚਿੰਤਾ ਕਰਨੀ ਚਾਹੀਦੀ ਹੈ ਅਤੇ ਆਪਣੇ ਸਰੀਰ ਵਿੱਚੋਂ ਫੋੜੇ, ਟਿਊਮਰ ਅਤੇ ਟਿਊਮਰ ਹਟਾਉਣ ਨਾਲੋਂ ਆਪਣੇ ਮਨਾਂ ਵਿੱਚੋਂ ਗਲਤ ਵਿਚਾਰਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਜਦੋਂ ਤੁਸੀਂ ਮੁਸੀਬਤਾਂ ਦੀ ਭੀੜ ਨਾਲ ਘਿਰੇ ਹੁੰਦੇ ਹੋ, ਤੁਹਾਡੀਆਂ ਨਾੜਾਂ ਤਾਰਾਂ ਵਾਂਗ ਝਰਨਾਹਟ ਕਰਦੀਆਂ ਹਨ, ਅਤੇ ਉਤਸ਼ਾਹ ਹੁੰਦਾ ਹੈ, ਤਾਂ ਅਜਿਹੀਆਂ ਸਥਿਤੀਆਂ ਵਿੱਚ ਤੁਸੀਂ ਆਪਣੀ ਇੱਛਾ ਸ਼ਕਤੀ ਨਾਲ ਆਪਣੇ ਮਾਨਸਿਕ ਰਵੱਈਏ ਨੂੰ ਬਦਲ ਕੇ ਸਾਰਾ ਦ੍ਰਿਸ਼ ਬਦਲ ਸਕਦੇ ਹੋ। ਤੁਸੀਂ ਆਪਣੀਆਂ ਭਾਵਨਾਵਾਂ ਨੂੰ ਸਿਰਫ਼ ਇਰਾਦੇ ਨਾਲ ਤੁਰੰਤ ਨਹੀਂ ਬਦਲ ਸਕਦੇ, ਪਰ ਇਸ ਨਾਲ ਅਸੀਂ ਆਪਣੇ ਕੰਮਾਂ ਵਿੱਚ ਤਬਦੀਲੀ ਲਿਆ ਸਕਦੇ ਹਾਂ। ਜਦੋਂ ਸਾਡੇ ਕੰਮ ਬਦਲਦੇ ਹਨ, ਤਾਂ ਸਾਡੀਆਂ ਭਾਵਨਾਵਾਂ ਵਿੱਚ ਆਪਣੇ ਆਪ ਤਬਦੀਲੀ ਆਉਂਦੀ ਹੈ। ਵੱਖ-ਵੱਖ ਕਿਤਾਬਾਂ ਅਤੇ ਸਥਿਤੀਆਂ ਦੇ ਅਧਿਐਨ ਅਤੇ ਨਿਰੀਖਣ ਤੋਂ, ਇੱਕ ਪਲਾਸਟਿਕ ਸਰਜਰੀ ਵਿਅੰਜਨ ਜਿਸਨੂੰ ਤੁਸੀਂ ਖੁਦ ਅਜ਼ਮਾ ਸਕਦੇ ਹੋ। ਆਪਣੇ ਚਿਹਰੇ 'ਤੇ ਇੱਕ ਚੌੜੀ, ਇਮਾਨਦਾਰ ਮੁਸਕਰਾਹਟ ਬਣਾਓ। ਆਪਣੇ ਮੋਢੇ ਪਿੱਛੇ ਵੱਲ ਮੋੜੋ। ਇੱਕ ਡੂੰਘਾ ਸਾਹ ਲਓ। ਆਪਣੇ ਆਪ ਨੂੰ ਇੱਕ ਗੀਤ ਲਈ ਨਿਮਰ ਬਣਾਓ। ਕਿਉਂਕਿ ਜਦੋਂ ਤੁਸੀਂ ਆਪਣੇ ਆਪ ਨੂੰ ਖੁਸ਼ ਕਰਨ ਲਈ ਕਿਰਿਆਵਾਂ ਕਰ ਰਹੇ ਹੁੰਦੇ ਹੋ, ਤਾਂ ਸਰੀਰਕ ਤੌਰ 'ਤੇ ਉਦਾਸ ਹੋਣਾ ਅਸੰਭਵ ਹੋ ਜਾਂਦਾ ਹੈ। ਯਕੀਨੀ ਬਣਾਓ, ਇਹ ਪ੍ਰਕਿਰਿਆ ਸਰੀਰ ਵਿੱਚ ਇੱਕ ਕ੍ਰਾਂਤੀਕਾਰੀ ਤਬਦੀਲੀ ਲਿਆਉਂਦੀ ਹੈ। ਵਿਚਾਰਾਂ ਦੀ ਸ਼ਕਤੀ ਯਾਨੀ ਆਪਣੇ ਆਪ ਨੂੰ ਸੁਧਾਰਨ ਦੀ ਕੋਸ਼ਿਸ਼ ਕਰਨਾ ਹੀ ਸਿਹਤ ਦੀ ਗਰੰਟੀ ਹੈ। ਮੈਂ ਵਿਸ਼ਵਾਸ ਨਾਲ ਕਹਿੰਦਾ ਹਾਂ ਕਿ ਜੇਕਰ ਤੁਸੀਂ ਹਾਰੇ ਹੋਏ ਅਤੇ ਮਰੇ ਹੋਏ ਵਿਚਾਰਾਂ ਦੀ ਪਕੜ ਤੋਂ ਬਾਹਰ ਨਹੀਂ ਨਿਕਲਦੇ, ਤਾਂ ਤੁਸੀਂ ਜ਼ਿੰਦਗੀ ਦੇ ਆਨੰਦ ਤੋਂ ਵਾਂਝੇ ਰਹੋਗੇ। ਬਿਨਾਂ ਕਿਸੇ ਦਵਾਈ ਦੀ ਮਦਦ ਦੇ ਕੁਦਰਤੀ ਰਸਤਾ ਅਪਣਾਓ। ਆਪਣੇ ਮਾਨਸਿਕ ਰਵੱਈਏ ਨੂੰ ਬਦਲ ਕੇ ਆਪਣੇ ਆਪ ਨੂੰ ਸਿਹਤਮੰਦ ਬਣਨ ਦਾ ਮੌਕਾ ਦਿਓ। ਲੋਕਾਂ ਅਤੇ ਚੀਜ਼ਾਂ ਬਾਰੇ ਆਪਣੇ ਵਿਚਾਰਾਂ ਨੂੰ ਬਦਲਣ ਨਾਲ ਉਨ੍ਹਾਂ ਦਾ ਵਿਵਹਾਰ ਆਪਣੇ ਆਪ ਬਦਲ ਜਾਂਦਾ ਹੈ। ਉੱਚੇ ਵਿਚਾਰਾਂ ਨੂੰ ਉਭਾਰ ਕੇ, ਤੁਸੀਂ ਸਫਲਤਾ ਦੀ ਕਿਸ਼ਤੀ ਵਿੱਚ ਬੈਠ ਸਕਦੇ ਹੋ ਅਤੇ ਤਰੱਕੀ ਦੀ ਗਤੀ ਨਿਰਧਾਰਤ ਕਰ ਸਕਦੇ ਹੋ, ਅਤੇ ਜੋ ਇਸ ਤੋਂ ਇਨਕਾਰ ਕਰਦੇ ਹਨ ਉਹ ਕਮਜ਼ੋਰ, ਨੀਵੇਂ ਅਤੇ ਹਾਰੇ ਹੋਏ ਰਹਿਣਗੇ। ਸਾਡੀਆਂ ਇੱਛਾਵਾਂ ਅਤੇ ਇੱਛਾਵਾਂ ਨੂੰ ਪੂਰਾ ਕਰਨ ਵਾਲਾ ਦੇਵਤਾ ਅਸੀਂ ਖੁਦ ਹਾਂ। ਕੋਈ ਵੀ ਵਿਅਕਤੀ ਜੋ ਕੁਝ ਵੀ ਪ੍ਰਾਪਤ ਕਰਦਾ ਹੈ ਉਹ ਉਸਦੇ ਆਪਣੇ ਵਿਚਾਰਾਂ ਦਾ ਸਿੱਧਾ ਨਤੀਜਾ ਹੈ।

***

ਵਿਅੰਗ

# ...ਨਾਲ ਗੈਸ ਸਿਲੰਡਰ ਮੁਫ਼ਤ

ਨੂਰ ਸੰਤੋਖਪੁਰੀ



ਕੁਝ ਦਿਨ ਪਹਿਲਾਂ ਸੁਖਵੀਰ ਸਿਹੁੰ ਉਰਫ਼ ਸੁੱਖੇ ਨੇ ਕਣਕ ਪਿਹਾਉਣ ਆਸਤੇ ਕਸ਼ਮੀਰ ਸਿਹੁੰ ਉਰਫ਼ ਸ਼ੀਰੇ ਦੀ ਚੱਕੀ 'ਤੇ ਪਹੁੰਚਾਈ ਸੀ। ਜਦੋਂ ਉਹ ਪੀਹੀ ਹੋਈ ਕਣਕ ਦਾ ਆਟਾ ਲੈਣ ਲਈ ਸ਼ੀਰੇ ਦੀ ਚੱਕੀ 'ਤੇ ਗਿਆ, ਤਾਂ ਉਹਨੇ ਵੇਖਿਆ ਕਿ ਸ਼ੀਰਾ ਖ਼ੁਦ ਹੀ ਛਾਣਨੇ ਨਾਲ ਗਾਹਕਾਂ ਦੀ ਕਣਕ ਦੀ ਸਫ਼ਾਈ ਕਰ ਰਿਹਾ ਹੈ। ਖ਼ੁਦ ਹੀ ਦਾਣੇ ਪੀਹ ਰਿਹਾ ਹੈ ਅਤੇ ਖ਼ੁਦ ਹੀ ਗਾਹਕਾਂ ਦੀ ਹੋਰ ਕਣ ਕਤੋਲ-ਤੋਲ ਕੇ, ਵਜ਼ਨ ਨੋਟ ਕਰ-ਕਰ ਕੇ, ਫਿਰ ਆਟਾ ਤੋਲ-ਤੋਲ, ਕਾਟ ਕੱਟ ਕੇ ਗਾਹਕਾਂ ਨੂੰ ਦੇ ਰਿਹਾ ਹੈ। ਖਿਝ ਨਾਲ ਸ਼ੀਰਾ ਮੂੰਹ ਵਿੱਚ ਕੁਝ ਬੁੜ-ਬੁੜ ਵੀ ਕਰੀ ਜਾ ਰਿਹਾ ਸੀ। ਕੱਪੜੇ ਨਾਲ ਉਹਨੇ ਆਪਣਾ ਨੱਕ-ਮੂੰਹ ਢੱਕ ਰੱਖਿਆ ਸੀ।

"ਹੋਰ ਸੁਣਾ, ਸ਼ੀਰਿਆ ਸ਼ੇਰਾ! ਕੀ ਹਾਲ ਏ ਤੇਰਾ? ਸਾਡੀ ਕਣਕ ਪੀਹ 'ਤੀ ਹੋਣੀ ਏਂ ? ਯਾਰ, ਤੂੰ 'ਕੱਲਾ ਈ ਚੱਕੀ ਦੇ ਸਾਰੇ ਕੰਮ ਕਰ ਰਿਹਾ ਏਂ। ਤੂੰ ਜਿਹੜੇ ਪਰਵਾਸੀ ਦੋ ਕਾਮੇ ਕੰਮ ਕਰਨ ਨੂੰ ਰੱਖੇ ਸੀ, ਉਹ ਕਿੱਥੇ ਗਏ ?"

"ਢੱਠੇ ਖੂਹ 'ਚ ਗਏ।" ਸ਼ੀਰਾ ਖਿੱਝ ਕੇ ਬੋਲਿਆ, "ਆਪੋ-ਆਪਣੇ ਪਿੰਡ ਨੂੰ ਚਲੇ ਗਏ। ਕਹਿੰਦੇ, ਹਮੇਂ ਪਗਾਰ (ਤਨਖਾਹ) ਕੇ ਇਲਾਵਾ ਸਾਥ ਮੇਂ ਗੈਸ ਸਿਲੰਡਰ ਮੁਫ਼ਤ ਦੇਂਗੇ, ਤਭੀਹਮ ਆਗੇ ਕਾਮ ਕਰੇਂਗੇ। ਗੈਸ ਬਹੁਤ ਮਹਿੰਗੀ ਹੋ ਗਈ ਹੈ ਔਰ ਹਮ ਪਰਵਾਸੀਆਂ ਕੋ ਅਬ ਮਿਲ ਤੀਭੀ ਬਹੁਤ ਮੁਸ਼ਕਿਲ ਸੇ ਹੈ।" "...ਤੇ ਤੂੰ ਫਿਰ ਕੀ ਕਿਹਾ ?" ਸੁੱਖੇ ਨੇ ਦਾਣਿਆਂ ਆਲੀ ਇਕ ਬੋਰੀ ਉੱਪਰ ਬੈਠਦਿਆਂ ਪੁੱਛਿਆ।

"ਮੈਂ ਕਿਹਾ ਕੰਮ ਕਰਨਾ, ਕਰੋ! ਨਹੀਂ ਤਾਂ ਜਾਓ ਜਿੱਥੇ ਮਰਜ਼ੀ। ਬੇਵਕੂਫ਼ੋ, ਏਥੇ ਸਾਨੂੰ ਇੱਕ-ਇੱਕ ਗੈਸ ਸਿਲੰਡਰ ਲੈਣ ਆਸਤੇ ਲੰਮੀਆਂ-ਲੰਮੀਆਂ ਲਾਇਨਾਂ 'ਚ ਖੜ੍ਹਨਾ ਪੈਂਦਾ। ਗੈਸ ਏਜੰਸੀ ਦੇ ਵਾਰ-ਵਾਰ ਗੇੜੇ ਮਾਰਨੇ ਪੈਂਦੇ ਨੇ। ਪਹਿਲਾਂ ਨਵਾਂ ਸਿਲੰਡਰ ਬੁਕ ਕਰਾਣਾ ਮੁਸ਼ਕਲ ਹੋਇਆ ਪਿਆ, ਫਿਰ ਕਦੋਂ ਭਰਿਆ ਸਿਲੰਡਰ ਮਿਲੂ, ਏਹਦਾ ਪਤਾ ਨ੍ਹੀਂ... ਤੇ ਤੁਸੀਂ ਪਗਾਰ ਕੇ ਸਾਥ ਗੈਸ ਸਿਲੰਡਰ ਮੁਫ਼ਤ ਭਾਲਦੇ ਓਂ ?"

ਉਹਦੀਆਂ ਗੱਲਾਂ ਸੁਣ ਕੇ ਸੁੱਖਾ ਕਪਾਹ ਦੀਆਂ ਫੁੱਟੀਆਂ ਆਂਗ ਖਿੜ-ਖਿੜਾ ਕੇ ਹੱਸ ਪਿਆ। ਉਹਦਾ ਹਾਸਾ ਸੁਣ ਕੇ ਸ਼ੀਰੇ ਦੀ ਖਿਝ ਦੂਰ ਹੋ ਗਈ ਤੇ ਚੱਕੀ 'ਤੇ ਆਏ ਖੜ੍ਹੇ ਛਿੰਦਾ, ਕੁਲਬੀਰਾ, ਗਿਆਨੀ ਆਦਿ ਹਲਕਾ-ਹਲਕਾ ਮੁਸਕਰਾ ਪਏ। ਫਿਰ ਗਿਆਨੀ ਨੇ ਗੱਲਾਂ ਦੀ ਲੜੀ ਜੋੜ ਲਈ, "ਸਾਡਾ ਪਰਵਾਸੀ ਕਾਮਾ ਵੀ ਆਪਣੀ ਟੱਬਰੀ ਸਮੇਤ ਤਿੱਤਰ ਹੋ ਗਿਆ। ਉਹਨੇ ਵੀ ਤਨਖ਼ਾਹ ਦੇ ਨਾਲ ਗੈਸ ਸਿਲੰਡਰ ਮੁਫ਼ਤ ਦੇਣ ਦੀ ਜਾਂ ਆਪਣੀ ਸਿਲੰਡਰੀ (ਛੋਟਾ ਸਿਲੰਡਰ) ਮੁਫ਼ਤ ਭਰਵਾ ਕੇ ਦੇਣ ਦੀ ਸ਼ਰਤ ਰੱਖ 'ਤੀ। ਮੇਰੀ ਘਰ ਆਲੀ ਨੇ ਉਹਦੀ ਘਰਆਲੀ ਨੂੰ ਆਖਿਆ, ਕਿ ਮੈਂ ਮਿੱਟੀ ਆਲੇ ਚੁੱਲ੍ਹੇ 'ਤੇ ਲੱਕੜਾਂ, ਪਾਥੀਆਂ, ਛਿਟੀਆਂ ਵਗੈਰਾ ਦੀ ਅੱਗ ਬਾਲ ਕੇ ਸਾਰਾ ਰੋਟੀ-ਟੁੱਕ ਪਕਾ ਲੈਨੀ ਆਂ। ਤੂੰ ਵੀ ਇੰਝ ਈ ਭੋਜਨ ਪਕਾ-ਰਿੰਨ੍ਹ ਲਿਆ ਕਰ। ਤੈਨੂੰ ਮੌਤ ਪੈਂਦੀ ਏ ?"

"ਫਿਰ ਉਹਦੀ ਘਰਆਲੀ ਨੇ ਭਾਬੀ ਨੂੰ ਕੀ ਜੁਆਬ ਦਿੱਤਾ ?" ਸ਼ੀਰਾ ਇਕ ਗਾਹਕ ਦੇ ਬੋਰੇ ਦਾ ਆਟਾ ਤੋਲਦਾ ਹੋਇਆ ਬੋਲਿਆ, "ਮੇਰੇ ਸਾ... 'ਕੱਲੇ ਟਰੰਪ ਨੇ ਸਾਰੀ ਦੁਨੀਆ ਨੂੰ ਯੱਭ 'ਚ ਪਾ ਛੱਡਿਆ ਈ। ਸਾਰੇ ਲੋਕਡਰੇ ਪਏ ਨੇ।"

"ਸਾਡੇ ਕਾਮੇ ਦੀ ਤੀਵੀਂ ਨੇ ਮੇਰੀ ਪਤਨੀ ਨੂੰ ਸੌ ਫ਼ੀਸਦ ਨਖ਼ਰੇ ਨਾਲ ਜੁਆਬ ਦਿੱਤਾ ਕਿ ਬੀਬੀ ਜੀ ਆਪਨੇ ਧੂੰਆਂ ਫਾਂਕਨਾ ਹੈ ਤੋਂ ਫਾਂਕੋ! ਮੁਝਸੇ ਨਹੀਂ ਧੂੰਆਂ ਫਾਂਕਾ ਜਾਤਾ। ਮੈਂ ਤੋ ਅਪਨੇ ਗਾਂਵ ਮੇਂ ਭੀ ਕਭੀ ਚੂਲਹਾ ਨਹੀਂ ਜਲਾਤੀ ਮਿੱਟੀ ਕਾ।" ਗਿਆਨੀ ਨੇ ਦੱਸਿਆ, "ਮੇਰੀ ਪਤਨੀ ਉਸ ਤੀਵੀਂ ਦਾ ਜੁਆਬ ਸੁਣ ਕੇ ਸੁੰਨ ਜਿਹੀ ਹੋ ਗਈ।"

"ਸ਼ੀਰੇ, ਸਾਡੀ ਕਣਕ ਪੀਹ'ਤੀ ?" ਛਿੰਦੇ ਨੇ ਐਕਟਿਵਾ ਦੀ ਚਾਬੀ ਦਾ ਛੱਲਾ ਹੱਥ ਦੀ ਇਕ ਉਂਗਲ 'ਚ ਪਾ ਕੇ ਘੁਮਾਂਦਿਆ ਪੁੱਛਿਆ।

"ਹਾਂ, ਛਿੰਦੇ ਵੀਰੇ! ਮੈਂ ਦਿੰਨਾਂ ਹੁਣੇ ਤੈਨੂੰ ਆਟਾ।" ਸ਼ੀਰੇ ਨੇ ਦਾਣਿਆਂ ਦਾ ਭਰਿਆ ਇਕ ਪੀਪਾ ਸਟੂਲ 'ਤੇ ਚੜ੍ਹ ਚੱਕੀ ਦੇ ਵੱਡੇ ਸਾਰੇ 'ਬੰਬੂਕਾਟ' 'ਚ ਪਾਂਦਿਆਂ ਕਿਹਾ। ਫਿਰ ਉਹ 'ਬੰਬੂਕਾਟ' 'ਚ

ਹੱਥ ਫੇਰ ਕੇ ਸਟੂਲ ਤੋਂ ਹੇਠਾਂ ਉਤਰ ਆਇਆ ਤੇ ਇਕ ਛੋਟੇ ਡੰਡੇ ਨਾਲ ਚੱਕੀ ਦੇ ਢੋਲ ਨੂੰ ਖੜਕਾ-ਖੜਕੂ ਕੇ ਛਿੰਦੇ ਹੁਣਾਂ ਦਾ ਬੋਰਾ ਲੱਭ ਉਹਦੇ 'ਚ ਆਟਾ ਪਾ ਕੇ ਕੰਡੇ 'ਤੇ ਰੱਖ ਤੌਲਣ ਲੱਗ ਪਿਆ। ਅਚਾਨਕ ਕੁਝ ਚੇਤਾ ਆਉਣ 'ਤੇ ਉਹ ਸੁੱਖੇ ਨੂੰ ਮੁਖਾਤਿਬ ਹੋਇਆ, "ਸੁੱਖ ਵੀਰੇ, ਤੂੰ ਸ਼ਾਮ ਨੂੰ ਪੰਜ ਵਜੇ ਆਪਣਾ ਨਗ ਭਾਵ ਤੋੜਾ ਆਟੇ ਆਲਾ ਲੈ ਜਾਈਂ। ਤੁਾਡੀ ਕਣਕ ਹਾਲੇ ਪੀਹਣ ਆਲੀ ਪਈ ਏ।"

"ਕੋਈ ਨ੍ਹੀਂ ਸ਼ੀਰਿਆ! ਮੈਂ ਸ਼ਾਮ ਨੂੰ ਆਪਣਾ ਆਟਾ ਲੈ ਜਾਊਂ। ਹਾਲੇ ਸਾਡੇ ਕੋਲ ਕੁਝ ਆਟਾ ਹੈਗਾ ਏ। ਉਹੀ ਪਕਾ ਲੈਨੇ ਆਂ। ਬੱਚਿਆਂ ਨੂੰ ਭੁੱਖੇ ਨ੍ਹੀਂ ਹੱਖਣਾ ਆਪਾਂ।" ਇੰਹ ਆਖ ਸੁੱਖਾ ਆਪਣੇ ਮੋਟਰਸਾਈਕਲ 'ਤੇ ਚੜ੍ਹ ਕੇ ਚਲਾ ਗਿਆ।

"ਕੁਲਬੀਰ ਸਿਹਾਂ, ਤੁਾਡੀ ਕਣਕ ਵੀ ਪੀਹ'ਤੀ ਆ। ਤੂੰ ਵੀ ਆਪਣਾ ਬੋਰਾ ਲੈ ਜਾਈਂ।" ਸ਼ੀਰੇ ਨੇ ਕਾਟ ਕੱਟ ਕੇ ਅਤੇ ਛਿੰਦੇ ਕੋਲੋਂ ਪਿਹਾਈ ਦੇ ਪੈਸੇ ਲੈ ਝੱਗੇ ਦੇ ਬੋਝੇ 'ਚ ਪਾਂਦਿਆਂ ਆਖਿਆ।

"ਠੀਕ ਏ! ਦੇ-ਦੇ ਸਾਡਾ ਆਟਾ ਵੀ। ਮੈਂ ਹੋਰ ਕਈ ਕੰਮਕਰਨੇ ਘਰੇ ਜਾ ਕੇ।" ਕੁਲਬੀਰੇ ਨੇ ਠਰ੍ਹੰਮੇ-ਭਰੇ ਲਹਿਜ਼ੇ 'ਚ ਆਖਿਆ। ਇਸ ਦੌਰਾਨ ਛਿੰਦਾ ਵੀ ਆਪਣਾ ਬੋਰਾ ਆਟੇ ਆਲਾ ਲੈ ਕੇ ਚਲਾ ਗਿਆ।

"ਦੇਖ ਲੈ, ਜ਼ੈਲਦਾਰਾਂ ਦੇ ਦਿਲਾਵਰ ਨੇ ਆਪਣੇ ਤਿੰਨਾਂ ਕਾਮਿਆਂ ਨੂੰ ਤਨਖ਼ਾਹ ਦੇ ਨਾਲ ਮੁਫ਼ਤ ਗੈਸ ਸਿਲੰਡਰ ਦੇਣ ਦਾ ਵਾਅਦਾ ਨਿਭਾ ਕੇ ਕਿਤੇ ਨਹੀਂ ਜਾਣ ਦਿੱਤਾ। ਉਹਦਾ ਕਹਿਣਾ ਏ ਕਿ ਕਣਕ ਦੀ ਵਾਢੀ ਪੈਣ ਆਲੀ ਏ। ਕੰਮ ਦਾ ਬੜਾ ਜ਼ੋਰ ਪੈ ਜਾਣਾ ਏ। ਫਿਰ ਕਾਮੇ ਲੱਭਣੇ ਮੁਹਾਲ ਹੋ ਜਾਣੇ ਨੇ।" ਸ਼ੀਰਾ ਕੁਲਬੀਰ ਹੁਣਾਂ ਦਾ ਆਟਾ ਕੰਡੇ 'ਤੇ ਰੱਖ ਤੋਲਦਿਆਂ ਬੋਲਿਆ।

"ਸ਼ੀਰੇ ਯਾਰ, ਜ਼ੈਲਦਾਰਾਂ ਦੀ ਪਹੁੰਚ ਬਹੁਤ ਉੱਤੇ ਤੱਕ ਏ। ਉਹ ਬਿਨਾਂ ਬੁਕਿੰਗ ਤੋਂ ਭਰਿਆ ਗੈਸ-ਸਿਲੰਡਰ ਲੈ ਸਕਦੇ ਨੇ।"

"ਜੇਕਰ ਜੰਗ ਲੰਮੀ ਹੋ ਗਈ, ਤਾਂ ਫਿਰ ਰਸੋਈ ਗੈਸ ਦੇ ਨਾਲ-ਨਾਲ ਡੀਜ਼ਲ-ਪੈਟਰੋਲ ਦੀ ਵੀਡਾਢੀ ਕਿੱਲਤ ਹੋ ਜਾਣੀ ਏਂ। ਸਭ ਸ਼ਿਪਾਰਸ਼ਾਂ ਨੁੱਕਰੇ ਲੱਗ ਜਾਣੀਆਂ ਨੇ।"

ਬੀ. ਐਕਸ/੬੨੫, ਮੁਹੱਲਾ ਸੰਤੋਖਪੁਰਾ,
ਹੁਸ਼ਿਆਰਪੁਰ ਰੋਡ, ਜਲੰਧਰ-144008
ਫ਼ੋਨ ਨੰ. 98722-54990

## ਮਾਂ

**ਸੋਮੇਸ਼ਵਰ ਪਾਂਡੇ**
ਦੇਹਰਾਦੂਨ, ਉਤਰਾਖੰਡ




ਸਭ ਨੂੰ ਉਸ
ਜੋੜ ਰੱਖਿਆ ਸੀ
ਸਬ ਲਈ ਕੰਮ ਕਰਦੀ ਨੇ
ਖੁਦ ਨੂੰ ਤੋੜ ਰੱਖਿਆ ਸੀ
ਸਭ ਲਈ ਦੁਆਵਾਂ ਮੰਗਦੀ
ਪਤਾ ਨਹੀਂ ਨਿੱਤ
ਕਿਹੜੇ - ਕਿਹੜੇ ਵਰਤ ਰੱਖਦੀ
ਤੜਕੇ ਉੱਠ ਨੰਗੇ ਪੈਰੀਂ
ਗੁਰਦਵਾਰੇ-ਮੰਦਿਰ ਹੋ ਆਂਦੀ
ਬੱਚਿਆਂ ਨੂੰ ਜਰਾ ਵੀ ਵਾਅ ਨ ਲੱਗੇ
ਖੌਰੇ ਕਿਹੜੇ - ਕਿਹੜੇ ਪੀਰ ਮਨਾ ਆਂਦੀ
ਆਪਣੇ ਲਈ ਕੁਝ ਕਦੇ ਮੰਗਿਆ ਹੀ ਨਹੀਂ
ਨ ਰੱਬ ਤੋਂ ਤੇ ਨਾ ਸਾਥੋਂ ਸਭ ਤੋਂ
ਧਿਆਨ ਰੱਖੋ ਆਪਣਾ ਅਤੇ ਖੁਸ਼ ਰਹੋ
ਇਹ ਕਹਿਣਾ ਯਾਦ ਰੱਖਦੀ
ਦਵਾਈ ਆਪਣੀ ਲੈਣੀ ਭੁੱਲ ਜਾਂਦੀ
ਬਟੂਏ 'ਚ ਰੱਖੇ ਖਣਕਦੇ ਖਜਾਨੇ 'ਚੋਂ
ਜਦੋਂ ਦੇਖੋ
ਬੱਚਿਆਂ ਲਈ ਖਰੀਦ ਕੇ ਖੁਸ਼ੀਆਂ
ਵੰਡਦੀ ਜਾਂਦੀ
ਸੱਚ; ਸਭ ਕੁਝ ਸੰਭਾਲਦੀ ਸੀ
ਸਭ ਨੂੰ ਸੰਵਾਰਦੀ ਸੀ
ਸਾਗ ਵੇਚਣ ਆਂਦੀ ਮਾਸੀ ਨੂੰ
ਬਹਿ ਜਾ ਭੈਣੇ
ਪਾਣੀ - ਧਾਣੀ ਪੀ ਲੈ
ਨਾਲ ਪਾਣੀ ਦੇ ਗਲਾਸ ਦੇ
ਨਵੇਂ ਰਿਸ਼ਤੇ ਜੋੜਦੀ ਜਾਂਦੀ ਸੀ
ਅੱਜ ਉਹ ਸਾਰੇ ਪੁੱਛਦੇ ਹਨ
ਦਰਵਾਜੇ ਦੀ ਝੀਥ 'ਚੋਂ
ਹੋਕੇ ਦੇ ਦੇ ਲੱਭਦੇ ਹਨ
ਮੈਂ ਕੀ ਦੱਸਾਂ - ਕਿਵੇਂ ਦੱਸਾਂ
ਬੰਦ ਦਰਵਾਜੇ ਵਾਲੀ ਸਵੇਰ
ਅਤੇ ਹਨੇਰੀ ਘੁੱਪ ਸ਼ਾਮ ਦੱਸ ਦੇਵੇਗੀ
ਸੁੱਕਦੇ ਰੁੱਖਾਂ 'ਚੋਂ ਘਰ 'ਚ ਪੈਂਦੀ
ਸਿੱਧੀ ਤਿੱਖੀ ਧੁੱਪ ਦੱਸ ਦੇਵੇਗੀ
ਕਿ ਚਲੀ ਗਈ ਜੋ
ਬੋਹੜ ਦੀ ਠੰਡੀ ਸ਼ੀਤਲ ਛਾਂ ਸੀ
ਸਭ ਨੂੰ ਹਾਂ ਸਭ ਨੂੰ ਉਸ
ਜੋੜ ਰੱਖਿਆ ਸੀ
ਉਹ ਮਾਂ ਸੀ, ਹਾਂ ਮਾਂ ਸੀ।

# ਬੱਚਿਆਂ ਦੀ ਜਿਗਿਆਸਾ ਵਧਾਉਣ ਵਾਲਾ ਵਿਗਿਆਨਕ ਨਾਵਲ : ਡੀ97

**ਡਾ. ਚਰਨਜੀਤ ਕੌਰ ਬਰਾੜ**
ਅਸਿਸਟੈਂਟ ਪ੍ਰੋਫੈਸਰ. ਪੰਜਾਬੀ ਵਿਭਾਗ
ਸੰਪਰਕ ਨੰ...9878447758

**ਡੀ 97 (ਲੇਖਕ : ਬੇਅੰਤ ਸਿੰਘ ਬਾਜਵਾ)**
ਪ੍ਰਕਾਸ਼ਕ : ਹਾਊਸ ਆਫ਼ ਲਿਟਰੇਚਰ, ਲੁਧਿਆਣਾ
ਮੁੱਲ : 200, ਸਫ਼ੇ : 70




ਬੇਅੰਤ ਸਿੰਘ ਬਾਜਵਾ ਰਚਿਤ ਨਾਵਲ ਡੀ 97 ਬੱਚਿਆਂ ਦੀ ਜਿਗਿਆਸਾ ਵਧਾਉਣ ਵਾਲਾ ਵਿਗਿਆਨਕ ਨਾਵਲ ਹੈ ਜਿਸ ਵਿੱਚ ਨਾਵਲਕਾਰ ਤਿੰਨ ਦੋਸਤਾਂ ਰਾਹੀਂ ਸਮੁੱਚੇ ਬਾਲ ਜਗਤ ਨੂੰ ਸਮੇ ਦੀ ਯਾਤਰਾ ਕਰਵਾਉਂਦਾ ਹੈ। ਸਮੇ ਦੀ ਇਹੀ ਯਾਤਰਾ ਅਤੇ ਇਸ ਦੇ ਵਿਭਿੰਨ ਪੜਾਅ ਇਸ ਨਾਵਲ ਨੂੰ ਵਿਗਿਆਨਕ ਸ਼ੈਲੀ ਵਿੱਚ ਲਿਆ ਖੜਾ ਕਰਦੇ ਹਨ।


ਇਸ ਨਾਵਲ ਦੀ ਕਹਾਣੀ ਤਿੰਨ ਦੋਸਤਾਂ ਅਰਸ਼, ਮੋਹਕ ਅਤੇ ਮਿਹਰ ਤੇ ਆਧਾਰਿਤ ਹੈ ਜੋ ਇੱਕ ਦਿਨ ਘੁੰਮਦੇ ਘੁੰਮਦੇ ਕਿਸੇ ਵਰਿਆਂ ਤੋਂ ਬੰਦ ਪਏ ਦਰਵਾਜ਼ੇ ਰਾਹੀਂ ਇੱਕ ਰਹੱਸਮਈ ਸੰਸਾਰ ਦੀ ਯਾਤਰਾ ਤੇ ਨਿੱਕਲ ਤੁਰਦੇ ਹਨ। ਉਹਨਾਂ ਨਾਲ ਮੋਹਕ ਦਾ ਛੋਟਾ ਜਿਹਾ ਪਾਲਤੂ ਕੁੱਤਾ ਚਿੰਟੂ ਵੀ ਹੈ ਜੋ ਇਸ ਵਿਗਿਆਨਕ-ਰਹੱਸਮਈ ਸੰਸਾਰ ਵਿੱਚ ਹਮੇਸ਼ਾ ਉਹਨਾਂ ਨਾਲ ਰਹਿੰਦਾ ਹੈ। ਡੀ 97 ਨਾਲ ਅਰੰਭਿਕ ਮੁਲਾਕਾਤ ਬਾਅਦ ਉਹ ਸਮੇ ਦੇ ਚੱਕਰ ਦਾ ਰਹੱਸ ਭਾਲਦੇ ਭਾਲਦੇ ਕਿਸੇ ਰਹੱਸਮਈ ਸੰਸਾਰ ਵਿੱਚ ਵਿਚਰਦੇ ਹੋਏ ਅਤੀਤ, ਵਰਤਮਾਨ ਅਤੇ ਭਵਿੱਖ ਦੀ ਯਾਤਰਾ ਕਰਦੇ ਹਨ। ਨਾਵਲ ਵਿੱਚ ਪਰਛਾਵੇਂ ਦਾ ਵਾਰ ਵਾਰ ਪ੍ਰਗਟ ਹੋਣਾ ਜਿੱਥੇ ਬੱਚਿਆ ਦੇ ਸਾਹ ਸਤ ਸੁੱਕਾ ਦਿੰਦਾ ਹੈ ਉੱਥੇ ਹੀ ਉਹਨਾਂ ਨੂੰ ਵਕਤ ਦੀਆਂ ਚੁਣੌਤੀਆਂ ਨਾਲ ਲੜਨ ਦਾ ਬਲ ਵੀ ਦਿੰਦਾ ਹੈ। ਡੀ 97 ਦੇ ਮਾਰਗਦਰਸ਼ਨ ਵਿੱਚ ਬੱਚੇ ਸਮੇ ਦੀ ਵਚਿੱਤਰ ਯਾਤਰਾ ਕਰਦੇ ਹਨ।

ਨਾਵਲ ਵਿੱਚ ਵਰਤੇ ਗਏ ਬਿੰਬ ਅਤੇ ਬਿਰਤਾਂਤ ਬੱਚਿਆਂ ਨੂੰ ਬਹੁਤ ਆਸਾਨੀ ਨਾਲ ਸਮਝ ਆਉਣ ਵਾਲੇ ਹਨ। ਨਾਵਲਕਾਰ ਦੀ ਬਿਰਤਾਂਤ ਸ਼ੈਲੀ ਬਾਕਮਾਲ ਹੈ। ਉਸ ਦੇ ਸ਼ਬਦਾਂ ਵਿੱਚ ਤਾਜ਼ਗੀ ਵੀ ਹੈ ਅਤੇ ਸੁਹਿਰਦਤਾ ਵੀ ਜਦੋਂ ਕਿ ਉਸਦੀ ਸ਼ੈਲੀ ਬੱਚਿਆਂ ਨੂੰ ਬਦੋ ਬਦੀ ਭਾਉਣ ਵਾਲੀ ਹੈ। ਫਲੈਸ਼ਬੈਕ ਅੰਦਾਜ਼ ਵਿੱਚ ਲਿਖੇ ਇਸ ਨਾਵਲ ਦੀ ਰਚਨਾ ਬੇਸ਼ੱਕ ਇੱਕ ਬੱਚੇ ਦੇ ਸੁਪਨੇ ਦੀ ਯਾਤਰਾ ਹੈ ਲੇਕਿਨ ਇਹ ਸਾਰੇ ਬੱਚਿਆਂ ਤੇ ਬਰਾਬਰ ਢੁਕਦੀ ਹੈ। ਸਮੇ ਦਾ ਸੰਕਲਪ, ਅਤੀਤ ਦਿਸ਼ਾ ਅਤੇ ਯਾਦ ਦੀਆਂ ਚਾਬੀਆਂ, ਪਰਛਾਵਾਂ ਅਤੇ ਰੋਬੋਟ ਸਾਰੇ ਹੀ ਬੱਚਿਆਂ ਵਿੱਚ ਜਗਿਆਸਾ ਪੈਦਾ ਕਰਦੇ ਹਨ। ਪੁਸਤਕ ਦੇ ਹਰੇਕ ਪੰਨੇ ਉੱਤੇ ਚਿੱਤਰਕਾਰੀ ਕੀਤੀ ਗਈ ਹੈ ਜਾਨੀ ਤਸਵੀਰਾਂ ਰਾਹੀਂ ਵੀ ਨਾਵਲ ਤੁਰਦਾ ਹੈ ਅਤੇ ਨਾਵਲ ਪੜਦੇ ਸਮੇਂ ਇਹ ਤਸਵੀਰਾਂ ਪਾਠਕ ਨੂੰ ਦ੍ਰਿਸ਼ ਸਮਝਾਉਣ ਵਿੱਚ ਸਹਾਈ ਹੁੰਦੀਆਂ ਹਨ।

ਕੁੱਲ ਮਿਲਾ ਕੇ ਬੇਅੰਤ ਸਿੰਘ ਬਾਜਵਾ ਦਾ ਬੱਚਿਆਂ ਦੇ ਸੁਪਨਮਈ ਸੰਸਾਰ ਦੀ ਨਬਜ਼ ਪਛਾਣਦਾ ਇਹ ਨਾਵਲ ਵਿਗਿਆਨਕ ਜਾਣਕਾਰੀ ਵੀ ਦਿੰਦਾ ਹੈ ਅਤੇ ਪਰਛਾਵੇ ਦੇ ਕਿਰਦਾਰ ਰਾਹੀਂ ਰਹੱਸਮਈ ਵੀ ਹੋ ਨਿੱਬੜਦਾ ਹੈ।

ਨਾਵਲ ਇੱਕ ਵਿਗਿਆਨੀ ਦੇ ਪ੍ਰੋਜੈਕਟ I Time ਦੀਆਂ ਗੁੰਝਲਾਂ ਨੂੰ ਸੁਲਝਾਉਂਦਾ ਹੋਇਆ ਸਹਿਜੇ ਹੀ ਬੱਚਿਆਂ ਨੂੰ ਸਮੇ ਦੀ ਯਾਤਰਾ ਕਰਵਾ ਜਾਂਦਾ ਹੈ। ਉਮੀਦ ਹੈ ਇਹ ਨਾਵਲ ਬਾਲ ਸਾਹਿਤ ਵਿੱਚ ਵਰਨਣਯੋਗ ਵਾਧਾ ਕਰੇਗਾ ਅਤੇ ਬਾਲ ਜਗਤ ਵੱਲੋਂ ਭਰਪੂਰ ਸਰਾਹਿਆ ਜਾਵੇਗਾ। ਬੇਅੰਤ ਸਿੰਘ ਬਾਜਵਾ ਦੀ ਕਥਾ ਸ਼ੈਲੀ ਉਸ ਵਿੱਚੋਂ ਭਵਿੱਖ ਦੇ ਕਿਸੇ ਉੱਚ ਕੋਟੀ ਦੇ ਨਾਵਲਕਾਰ ਦੇ ਦਰਸ਼ਨ ਕਰਵਾਉਂਦੀ ਜਾਪਦੀ ਹੈ।

# ਹਾਇਕੂ



**ਕਸ਼ਮੀਰੀ ਲਾਲ ਚਾਵਲਾ**
ਸੰਪਾਦਕ ਅਦਬੀ ਪਰਿਕਰਮਾ
ਮੁਕਤਸਰ-152026
(ਮੋ. 98148-14791)

1) ਆਇਆ ਬਸੰਤ
ਤਿਤਲੀਆਂ ਦਾ ਨਾਚ
ਫੁੱਲਾਂ ਤੇ ਸ਼ੁਰੂ
2) ਆਈ ਬਹਾਰ
ਗੁਲਾਬੀ ਸਵੇਰ ਹੈ
3) ਚਿੜੀਆ ਰਾਣੀ
ਟਾਹਣੀ 'ਤੇ ਬੈਠੀ ਸੀ
ਨੱਚਦਾ ਮੋਰ
ਗੁੰਮ ਹੋ ਗਈ
4) ਥਾਂ ਥਾਂ ਵਿਛੀਆਂ
ਬਾਰੂਦੀ ਸੁਰੰਗਾਂ ਨੇ
ਸੰਭਲ ਤੁਰੋ
5) ਫੁੱਲ ਤੇ ਕੰਡੇ
ਜੀਵਨ ਦੀ ਕਸੌਟੀ
ਦੋਨੋ ਕਬੂਲ
6) ਹਨੇਰੀ ਰਾਤ
ਇਕੱਲਾਪਣ ਰਹੇ
ਬਣ ਸੌਗਾਤ
7) ਬਾਗਾਂ ਦੇ ਫੁੱਲ
ਮਹਿਕਾਂ ਭੁਲਾ ਦਿੰਦੀ
ਦਿਲਾਂ ਦੇ ਦੁਖ
8) ਪੀਣ ਦਾ ਪਾਣੀ
ਸੰਕਟ ਚਿ ਪਾਏਗਾ
ਖ਼ਤਮ ਪਾਣੀ
9) ਬਦਲੇ ਮਾਲੀ
ਫਿਰ ਮੁੜ ਆਏਗੀ
ਬੀਤੀ ਬਹਾਰ
10) ਪੰਜਾਬ ਭੂਮੀ
ਕੇਸਰ ਦੀ ਕਿਆਰੀ
ਵੰਡੇ ਮਹਿਕਾਂ।

***

# ਗੀਤ

**ਹਰੀ ਕ੍ਰਿਸ਼ਨ ਮਾਇਰ**
ਮੋਬਾ. 9780667686

ਮੇਰੇ ਮਾਹੀਆ ਵੇ
ਤੂੰ ਧੁੱਪ ਦਾ ਟੋਟਾ
ਚਾਰੇ ਵੰਨੀ ਲਿਸ਼ਕਾਂ ਮਾਰੇ
ਇਸ਼ਕ ਦਾ ਗੋਟਾ
ਕਦੋਂ ਪਤਾ ਨਹੀਂ
ਕਦ ਨੈਣਾਂ ਦੀ ਗੱਲ ਛਿੜੀ
ਹੱਸਣ ਲੱਗੀ ਮਨ
ਦੇ ਵਿਹੜੇ ਧੁੱਪ ਖਿੜੀ
ਫੁੱਲਾਂ 'ਤੇ ਆਣ ਬਹਿ ਗਿਆ
ਕਦ ਤਿਤਲੀਆਂ ਦਾ ਜੋਟਾ
ਮੈਂ ਤਾਂ ਤੇਰੇ ਮੁੱਖੜੇ ਤੋਂ
ਮੁਸਕਾਣ ਰਹਾਂ ਤੱਕਦੀ
ਰੱਜ ਨਾਂ ਆਉਂਦਾ ਦੇਖੀ ਜਾਵਾਂ
ਅੱਖ ਨਹੀਂ ਥੱਕਦੀ
ਗਜ਼ਾ ਕਰੇਂਦਾ ਗਲੀਏਂ ਗਲੀਏ
ਤੂੰ ਜੋਗੀ ਪੁੱਤ ਜੋਗੋਟਾ
ਮਾਹੀਆ ਤੇਰੀ ਚੁੱਪ ਜਦੋਂ
ਸਾਗਰ ਤੋਂ ਗਹਿਰੀ ਹੁੰਦੀ
ਸੋਚਾਂ ਨੂੰ ਸੱਪ ਡੰਗਦੇ
ਮੈਂ ਗੂੰਗੀ ਬਹਿਰੀ ਹੁੰਦੀ
ਵਿੰਨ੍ਹਦੀ ਕੋਈ ਸੂਲ
ਜਿਗਰ ਦਾ ਪੋਟਾ ਪੋਟਾ
ਨੈਣੀ ਸੁਪਨੇ ਦਿਲ ਵਿੱਚ
ਸੌ ਸੌ ਰੀਝਾਂ ਨੱਚਦੀਆਂ
ਵੀਣੀ 'ਤੇ ਜਦੋਂ ਚੜ੍ਹਾ ਗਿਆ
ਵੰਗਾਂ ਸੂਹੇ ਕੱਚ ਦੀਆਂ
ਡਰਦਾ ਮਨ ਬੱਦਲ ਵੀ ਕੋਈ
ਹੁੰਦਾ ਦਿਲ ਦਾ ਖੋਟਾ...

***

# ਪੰਜਾਬੀ ਭਾਸ਼ਾ ਨੂੰ ਸਭ ਤੋਂ ਵੱਡਾ ਖਤਰਾ ਆਪਣਿਆਂ ਤੋਂ



**ਅਮਰ ਗਰਗ ਕਲਮਦਾਨ**
ਧੂਰੀ ਜਿਲ੍ਹਾ ਸੰਗਰੂਰ, ਪੰਜਾਬ।
ਮੋਬਾ: 9814341746

ਜਦੋਂ ਕਿਸੇ ਬੋਲੀ ਨੂੰ ਢੁਕਵੀਂ ਲਿਪੀ ਮਿਲ ਜਾਵੇ ਤਾਂ ਉਹ ਪੂਰਨ ਭਾਸ਼ਾ ਬਣ ਜਾਂਦੀ ਹੈ। ਇਹ ਵੀ ਗੱਲ ਸੱਚ ਹੈ ਕਿ ਪੂਰਨ ਭਾਸ਼ਾ ਦਾ ਰੂਪ ਲੈਣ ਤੋਂ ਹਜ਼ਾਰਾਂ ਸਾਲ ਪਹਿਲਾਂ ਇਹ ਲੋਕ ਬੋਲੀ ਦੇ ਰੂਪ ਵਿੱਚ ਇੱਕ ਖਾਸ ਖਿੱਤੇ ਵਿੱਚ ਵਿਰਾਜਮਾਨ ਹੁੰਦੀ ਹੈ। ਜੇਕਰ ਪੰਜਾਬੀ ਭਾਸ਼ਾ ਦੀ ਪ੍ਰਾਚੀਨਤਾ ਦੀ ਘੋਖ ਕੀਤੀ ਜਾਵੇ, ਤਾਂ ਇਸ ਦੀ ਬੋਲੀ ਅਤੇ ਲਿਪੀ ਦੇ ਸਮਾਂ ਕਾਲ ਦੇ ਵਿੱਚ ਵੱਡਾ ਅੰਤਰ ਸਾਹਮਣੇ ਆਵੇਗਾ। ਜਿੱਥੋਂ ਤੱਕ ਪੰਜਾਬੀ ਬੋਲੀ ਦਾ ਸਵਾਲ ਹੈ ਤਾਂ ਇਸ ਦੀ ਹੋਂਦ ਸਿੰਧ ਘਾਟੀ ਸੱਭਿਅਤਾ ਵਿੱਚ ਬਹੁਤ ਹੀ ਅਸਾਨੀ ਨਾਲ ਦੇਖੀ ਜਾ ਸਕਦੀ ਹੈ। 1921 ਵਿੱਚ ਹੜੱਪਾ (ਜਿਲ੍ਹਾ ਮਿੰਟਗੁਮਰੀ) ਦੀ ਖੋਜ ਨਾਲ ਲੋਕਾਂ ਨੂੰ ਸਿੰਧ ਘਾਟੀ ਸੱਭਿਅਤਾ ਬਾਰੇ ਪਤਾ ਲੱਗਿਆ। ਇਸ ਸਥਾਨ ਅਰੀਆਵਰਤ (ਪੰਜਾਬ) ਵਿੱਚ ਪੈਂਦਾ ਹੈ। ਇਸ ਤੋਂ ਬਾਅਦ ਆਰੀਆਵਰਤ ਵਿੱਚ ਹੀ ਰੋਪੜ ਅਤੇ ਰਾਖੀਗੜ੍ਹੀ ਸਥਾਨ ਖੋਜੇ ਗਏ। ਜਿਹੜੀਆਂ ਵਸਤਾਂ ਅਤੇ ਮੋਹਰਾਂ ਸਿੰਧ ਘਾਟੀ ਸੱਭਿਅਤਾ ਵਿੱਚੋਂ ਮਿਲੀਆਂ ਹਨ, ਉਹਨਾਂ ਦਾ ਪੰਜਾਬੀ ਸੱਭਿਆਚਾਰ ਨਾਲ ਨੇੜਲਾ ਸੰਬੰਧ ਹੈ। ਮੋਹਰਾਂ ਉੱਪਰ ਬਲਦ ਦਾ ਚਿੱਤਰ, ਦੇਵੀ ਦੀ ਮੂਰਤੀ (ਘਰੁੰਡੀ ਰੂਪ ਵਿੱਚ), ਨਰਤਕੀ ਦੀ ਮੂਰਤੀ, ਦਰਖਤਾਂ ਦੇ ਚਿੱਤਰ, ਸੂਰਜ ਦੇ ਚਿੱਤਰ ਅਤੇ ਮਿੱਟੀ ਦੇ ਭਾਂਡੇ ਆਦਿ ਮਿਲੇ ਹਨ। ਕਿਸੇ ਮੋਹਰ ਉੱਪਰ ਮੱਛੀ ਜਾਂ ਖਜੂਰ ਦਾ ਚਿੱਤਰ ਨਹੀਂ ਹੈ। ਇਹ ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ ਆਰੀਆਵਰਤ ਵਿੱਚ ਲੋਕਾਂ ਦੀ ਬੋਲੀ ਪੰਜਾਬੀ ਹੀ ਸੀ।

**ਪੰਜਾਬੀ ਬੋਲੀ ਦਾ ਲਿਪੀ ਸਿਰਜਣਾ ਵੱਲ ਕਦਮ** : ਭਾਵੇਂ ਸਿੰਧ ਘਾਟੀ ਸੱਭਿਅਤਾ ਸ਼ਹਿਰਾਂ ਦੀ ਸੱਭਿਅਤਾ ਸੀ, ਪਰ ਉਸ ਵੇਲੇ ਵੀ ਆਰੀਆ ਲੋਕ ਪਿੰਡਾਂ ਵਿੱਚ ਵਸਦੇ ਸਨ। ਸਮਾਂ ਬੀਤਣ ਨਾਲ ਆਰੀਆਵਰਤ ਵਿੱਚ ਪਿੰਡ, ਆਰਥਿਕਤਾ ਦੇ ਮੁੱਖ ਕੇਂਦਰ ਬਣ ਚੁੱਕੇ ਸਨ। ਖੇਤੀ ਅਤੇ ਪਸ਼ੂਪਾਲਣ ਆਰਥਿਕਤਾ ਦੇ ਮੁੱਖ ਸਾਧਨ ਸਨ। ਸਿੱਟੇ ਵਜੋਂ ਸਿੰਧ ਘਾਟੀ ਸੱਭਿਅਤਾ ਦੇ ਲੋਕਾਂ ਦਾ ਪਲਾਇਨ ਸ਼ਹਿਰਾਂ ਤੋਂ ਪਿੰਡਾਂ ਵੱਲ ਹੋਇਆ। ਕਿਉਂਕਿ ਸਿੰਧ ਘਾਟੀ ਸੱਭਿਅਤਾ ਇੱਕ ਸ਼ਹਿਰੀ ਸੱਭਿਅਤਾ ਸੀ, ਉਹਨਾਂ ਦਾ ਦਿਮਾਗੀ ਸਤੁੰਲਨ ਵਪਾਰ ਵਿੱਚ ਹੀ ਬਣਦਾ ਸੀ, ਇਸਲਈ ਉਹ ਆਰੀਆ ਦੇ ਪਿੰਡਾਂ ਵਿੱਚ ਜਾ ਕੇ ਹਟਵਾਣੀਏ ਬਣੇ। ਹੂਣ ਅਤੇ ਸ਼ਕ ਕਬੀਲਿਆਂ ਦੇ ਲੋਕ ਵੀ ਪਿੰਡਾਂ ਵਿੱਚ ਵੱਸ ਗਏ ਅਤੇ ਉਹਨਾਂ ਦਾ ਮੁੱਖ ਕਿੱਤਾ ਖੇਤੀਬਾੜੀ ਸੀ। ਇਹ ਸਮਾਂ 300-400 ਈ. ਦਾ ਸੀ, ਉਸ ਵੇਲੇ ਦੇਸ਼ ਉੱਪਰ ਗੁਪਤ ਵੰਸ਼ ਦਾ ਰਾਜ ਸੀ। ਸੰਸਕ੍ਰਿਤ ਨੇ ਤਾਂ 1500 ਈ. ਪੂ. ਵਿੱਚ ਹੀ ਪੂਰਨ ਭਾਸ਼ਾ ਦਾ ਸਰੂਪ ਲੈ ਲਿਆ ਸੀ। ਜਿਸ ਕਾਰਨ ਰਿਗਵੇਦ ਦੀ ਰਚਨਾ ਸੰਭਵ ਹੋਈ ਸੀ। ਭਾਸ਼ਾ ਉੱਪਰ ਪਹਿਲਾ ਵਿਆਕਰਣ ਪੰਜਵੀਂ ਸਦੀ ਈ.ਪੂ. ਵਿੱਚ 'ਅਸ਼ਟਧਿਆਏ' ਦੇ ਰੂਪ ਵਿੱਚ ਪਾਨਿਨੀ ਦੁਆਰਾ ਤਕਸ਼ਿਲਾ ਵਿਖੇ ਲਿਖਿਆ ਗਿਆ ਸੀ। 'ਅਸ਼ਟਧਿਆਏ' ਵਿਆਕਰਣ ਨੇ ਨਾ ਕੇਵਲ ਸੰਸਕ੍ਰਿਤ ਨੂੰ ਸ਼ੁੱਧ ਕੀਤਾ ਸਗੋਂ ਇਹ ਹਿੰਦੋਸਤਾਨ ਦੀ ਧਰਤੀ ਉੱਪਰ ਜਨਮ ਲੈਣ ਵਾਲੀਆਂ ਸਾਰੀਆਂ ਭਾਸ਼ਾਵਾਂ ਲਈ ਚਾਨਣ ਮੁਨਾਰਾ ਬਣਿਆ।

7ਵੀਂ ਸਦੀ ਵਿੱਚ ਸ਼ਾਰਦਾ ਲਿਪੀ ਆਪਣੀ ਹੋਂਦ ਬਣਾ ਲੈਂਦੀ ਹੈ, ਉਸੇ ਵੇਲੇ ਹੀ ਜੰਮੂ ਖੇਤਰ ਵਿੱਚ 'ਸ਼ਾਰਦਾ ਪੀਠ' ਇੱਕ ਯੂਨੀਵਰਸਿਟੀ ਦੇ ਰੂਪ ਵਿੱਚ ਹੋਂਦ ਵਿੱਚ ਆਉਂਦੀ ਹੈ। ਭਾਸ਼ਾ ਪੱਖੋਂ ਜੰਮੂ ਖੇਤਰ ਪੰਜਾਬੀ ਦਾ ਹੀ ਉਪ ਖੇਤਰ ਹੈ। ਪੰਜਾਬ ਦੇ ਸਾਹੂਕਾਰ ਅਤੇ ਹਟਵਾਣੀਆਂ ਨੂੰ ਆਪਣਾ ਹਿਸਾਬ ਕਿਤਾਬ ਲਿਖਣ ਲਈ ਕਿਸੇ ਸੌਖੀ ਭਾਸ਼ਾ ਦੀ ਜਰੂਰਤ ਸੀ। ਜਦੋਂ ਕਿ ਗਿਣਤੀ ਲਈ ਜੀਰੋ ਤੋਂ ਲੈ ਕੇ 9 ਤੱਕ ਹਿੰਦਸੇ ਰਿਗਵੇਦ ਕਾਲ ਤੋਂ ਹੀ ਭਾਰਤ ਦੀ ਧਰਤੀ ਉੱਪਰ ਪ੍ਰਚਲਿਤ ਸਨ। ਰਿਗਵੇਦ ਵਿੱਚ ਵਰਤੇ ਗਏ ਸ਼ਬਦ ਦੇਖੋ ਸ਼ੂਨਯ(0), ਏਕਾ(1), ਦਵੀਆ(2), ਤ੍ਰੀ(3), ਚਤੁਰ(4), ਪੈਨਕਾ(5), ਸ਼ਟ(6), ਸਪਤਾ(7), ਅਸ਼ਟਾ(8) ਅਤੇ ਨਵਾ(9), ਵਿਕਰਮੀ ਸੰਵਤ 57 ਈ.ਪੂ. ਵਿੱਚ ਸ਼ੁਰੂ ਹੁੰਦਾ ਹੈ। ਇਸ ਤੋਂ ਭਾਵ ਉਸ ਵੇਲੇ 0 ਤੋਂ ਲੈ ਕੇ 9 ਤੱਕ ਹਿੰਦਸੇ ਵਰਤੋਂ ਵਿੱਚ ਸਨ।

ਆਪਣੀ ਲੋੜ ਨੂੰ ਪੂਰਾ ਕਰਨ ਲਈ 8 ਵੀਂ ਸਦੀ ਤੱਕ ਆਰੀਆਵਰਤ (ਪੰਜਾਬ) ਦੇ ਹਟਬਾਣੀਆਂ ਨੇ ਸ਼ਾਰਦਾ ਲਿਪੀ ਤੋਂ

ਬਹੁਤ ਸਾਰੇ ਅੱਖਰ ਲੈ ਕੇ ਲੰਡੇ ਲਿਪੀ ਦੀ ਰਚਨਾ ਕਰ ਲਈ ਸੀ। ਉਸ ਵੇਲੇ ਪੰਜਾਬ ਦੇ ਪਿੰਡਾਂ ਵਿੱਚ ਖੇਤੀਬਾੜੀ ਅਤੇ ਖੇਤਰੀ ਵਪਾਰ ਆਪਣਾ ਅਕਾਰ ਵੱਡਾ ਕਰ ਚੁੱਕਾ ਸੀ। ਪਾਨਿਨੀ ਦੇ ਵਿਆਕਰਣ ਦਾ ਜੰਮੂ ਦੀ 'ਸ਼ਾਰਦਾ' ਅਤੇ ਸਿੰਧ ਦੀ ਹਟਬਾਂਕੀ ਨੇ ਪ੍ਰਯੋਗ ਕਰ ਲਿਆ ਸੀ, ਪਰ ਲੰਡੇ ਲਿਪੀ ਵਿਆਕਰਣ ਤੋਂ ਦੂਰ ਹੀ ਰਹੀ ਕਿਉਂਕਿ ਵਪਾਰੀ ਵਰਗ ਦਾ ਇਹ ਹਿਤ ਸੀ ਕਿ ਇਹ ਲਿਪੀ ਆਮ ਲੋਕਾਂ ਤਕ ਨਾ ਪਹੁੰਚੇ, ਇਹ ਕੇਵਲ ਉਹਨਾਂ ਦੀ ਆਪਣੀ ਸਮਝ ਤੱਕ ਬਣੀ ਰਹੇ। ਇਸ ਲਈ ਲੰਡੇ ਲਿਪੀ ਵਿੱਚ ਲਗਾ ਮਾਤਰਾਵਾਂ ਅਤੇ ਲਗਾਖਰਾਂ ਦਾ ਪ੍ਰਯੋਗ ਨਹੀਂ ਹੋਇਆ। ਵਿਆਕਰਣ ਤੋਂ ਵਿਹੂਣੀ ਹੋਣ ਕਾਰਨ ਇਸ ਦਾ ਨਾਮ ਲੰਡੇ ਪੈ ਗਿਆ। ਪਰ ਫੇਰ ਵੀ ਇਸ ਨੂੰ ਪੰਜਾਬੀ ਲਿਪੀ ਦੀ ਸਕੀ ਮਾਂ ਕਹਿ ਸਕਦੇ ਹਾਂ। ਇਸ ਨੇ ਗੁਰਮੁਖੀ ਲਿਪੀ ਦੀ ਸਿਰਜਣਾ ਵਿੱਚ ਅਧਾਰ ਦਾ ਕੰਮ ਕੀਤਾ। ਪੰਜਾਬੀ ਦੀ 35 ਅੱਖਰੀ 'ਗੁਰਮੁਖੀ' ਲਿਪੀ ਨੇ ਆਪਣੇ ਜ਼ਿਆਦਾਤਰ ਅੱਖਰ 'ਲੰਡੇ' ਲਿਪੀ ਤੋਂ ਲਏ ਹਨ; ਬਾਕੀ ਸਿੱਧੇ 'ਸ਼ਾਰਦਾ', 'ਹਟਬਾਂਕੀ' ਅਤੇ ਦੇਵਨਾਗਰੀ ਲਿਪੀਆਂ ਤੋਂ ਲਏ ਹਨ।

1130 ਈ. ਵਿੱਚ ਲਿਖੀ ਪੰਜਾਬੀ ਦੀ ਪਹਿਲੀ ਲਿਖਤ ਇਸ ਦੇ ਅਪਭ੍ਰੰਸ਼ ਰੂਪ ਵਿੱਚ ਮੁਲਤਾਨ ਦੇ ਨਿਵਾਸੀ ਅਬਦੁਰ ਰਹਿਮਾਨ ਦੀ ਪ੍ਰਸਿੱਧ ਕਾਵਿ ਪੁਸਤਕ 'ਸੰਨੇਹ ਰਾਸਯ' ਮਿਲਦੀ ਹੈ। 11ਵੀਂ ਸਦੀ ਵਿੱਚ ਹੀ ਪੱਛਮੀ ਪੰਜਾਬ ਨਾਥ ਯੋਗੀ ਸੰਪਰਦਾਇ ਦਾ ਕੇਂਦਰ ਬਣ ਚੁੱਕਾ ਸੀ। ਗੋਰਖਨਾਥ ਦੇ ਦਾਦਾ ਗੁਰੂ, ਜਲੰਧਰਨਾਥ ਦਾ ਜਨਮ ਸਥਾਨ ਤਾਂ ਪੰਜਾਬ ਦੇ ਜਲੰਧਰ ਨੂੰ ਹੀ ਕਿਹਾ ਜਾਂਦਾ ਹੈ। ਪੰਜਾਬ ਵਿੱਚ ਨਾਥ ਯੋਗੀਆਂ ਦਾ ਆਗਮਨ 11ਵੀਂ ਸਦੀ ਵਿੱਚ ਹੀ ਹੋ ਗਿਆ ਸੀ। ਇਸ ਨੂੰ ਉੱਤਰੀ ਭਾਰਤ ਵਿੱਚ ਚੱਲੀ ਪਹਿਲੀ ਭਗਤੀ ਲਹਿਰ ਕਿਹਾ ਜਾ ਸਕਦਾ ਹੈ। ਲਗਭਗ ਸਾਰੇ ਹੀ ਨਾਥ ਯੋਗੀਆਂ ਨੇ ਸਾਹਿਤ ਰਚਨਾ ਕੀਤੀ ਹੈ। ਇਹਨਾ ਦੇ ਲੇਖਨ ਦੀ ਭਾਸ਼ਾ ਲਿਪੀ, ਪ੍ਰਾਕ੍ਰਿਤ (ਬ੍ਰਾਹਮੀ, ਖਰੋਸ਼ਠੀ), ਪੰਜਾਬੀ ਪਰਭਰੰਸ਼ ਅਤੇ ਦੇਵਨਾਗਰੀ ਮਿਸ਼ਰਤ ਰੂਪ ਵਿੱਚ ਸੀ। ਗੋਰਖਨਾਥ ਦੀ ਰਚਨਾ ਨੂੰ ਨਾਥ ਯੋਗੀਆਂ ਦੁਆਰਾ ਕੀਤੀ ਸਾਹਿਤ ਰਚਨਾ ਵਿੱਚ ਦਾਰਸ਼ਨਿਕ ਸਾਹਿਤ ਦਾ ਸ਼ਿਖਰ ਕਿਹਾ ਜਾ ਸਕਦਾ ਹੈ। ਨਾਥ ਯੋਗੀਆਂ ਦੀਆਂ ਰਚਨਾਵਾਂ ਪੰਜਾਬੀ ਸਾਹਿਤ ਦਾ ਮੁਢਲਾ ਰੂਪ ਹੈ। ਗੋਰਖ ਦੀ ਬਾਣੀ ਦੇ ਇੱਕ ਦੋਹੇ ਨਾਲ ਹੀ ਲਿਖਤ ਵਿੱਚ ਪੰਜਾਬੀ ਦਾ ਅਹਿਸਾਸ ਹੋ ਜਾਂਦਾ ਹੈ:

ਖਾਇਆ ਵੀ ਮਰੇ, ਅਣਖਾਇਆ ਵੀ ਮਰੇ,
ਗੋਰਖ ਕਹੇ ਪੂਟਾ, ਸੰਜਮੀ ਤਰੇ।

ਜਲੰਧਰ ਨਾਥ, ਮਛੰਦਰ ਨਾਥ ਦਾ ਸਮਕਾਲੀ ਅਤੇ ਗੁਰੂ ਭਾਈ ਸੀ। ਜਲੰਧਰਨਾਥ ਦੀ ਸ਼ਬਦੀਆਂ ਵਿੱਚੋਂ ਪੰਜਾਬੀ ਰੰਗ ਝਲਕਦਾ ਹੈ :

'ਮਨ ਮੰਡਲ ਮੈਂ ਮਨ ਕਾ ਬਾਸਾ,
ਜਹਾ ਪ੍ਰੇਮ ਜੋਤਿ ਪ੍ਰਕਾਸ਼ਾ
ਆਪੈ ਪੁਛੇ ਆਪੇ ਕਹੇ
ਸਤਿਗੁਰੂ ਮਿਲੇ ਤੋਂ ਪ੍ਰੇਮਪਦ ਲਹੈ।

12 ਵੀਂ ਸਦੀ ਵਿੱਚ ਪ੍ਰਿਥਵੀ ਰਾਜ ਚੌਹਾਨ ਦੇ ਦਰਬਾਰੀ ਕਵੀ ਲਾਹੌਰ ਦੇ ਜੰਮਪਲ ਚੰਦ ਵਰਦਾਈ ਨੇ 'ਪ੍ਰਿਥਵੀ ਰਾਜ ਰਾਸੋ ਨਾਮਕ ਵੀਰ ਰਸੀ ਮਹਾਂ ਕਾਵਿ ਲਿਖਿਆ, ਇਸ ਵਿੱਚ ਵੀ ਪੁਰਾਤਨ ਪੰਜਾਬੀ ਦੇ ਦਰਸ਼ਨ ਹੁੰਦੇ ਹਨ। 14ਵੀਂ ਸਦੀ ਸੰਤ ਰਾਮਾ ਨੰਦ ਨੇ ਸਾਰੇ ਉੱਤਰੀ ਭਾਰਤ ਵਿੱਚ ਭਗਤੀ ਲਹਿਰ ਚਲਾਈ। ਭਗਤੀ ਲਹਿਰ ਦਾ ਮੁਢਲਾ ਉਦੇਸ਼ ਸੀ: ਧਰਮ ਅਤੇ ਆਪਣੀ ਧਰਤੀ ਦੀ ਸੰਸਕ੍ਰਿਤੀ ਦੀ ਰੱਖਿਆ ਕਰਨੀ, ਜਾਤ ਪਾਤ ਦੇ ਭੇਦਭਾਵ ਨੂੰ ਖਤਮ ਕਰਕੇ ਮੂਲ ਭਾਰਤੀਆਂ ਨੂੰ ਇੱਕ ਮਾਲਾ ਵਿੱਚ ਪਰੋਣਾ ਸੀ। ਕਿਉਂਕਿ ਪੰਜਾਬ ਦੀ ਧਰਤੀ ਹਮਲਾਵਰਾਂ ਲਈ ਪ੍ਰਵੇਸ਼ ਦੁਆਰ ਸੀ, ਹਮਲਾਵਰਾਂ ਵੱਲੋਂ ਪੰਜਾਬ ਦੇ ਸੱਭਿਆਚਾਰ ਅਤੇ ਭਾਸ਼ਾ ਉੱਪਰ ਹਮਲਾ ਕੀਤਾ ਜਾ ਰਿਹਾ ਸੀ, ਇਸ ਲਈ ਪੰਜਾਬ ਦੀ ਲੋਕਾਈ ਨੇ ਭਗਤੀ ਲਹਿਰ ਨੂੰ ਆਪਣੀ ਨਿੱਜੀ ਲੋੜ ਸਮਝਿਆ। ਇਹੋ ਕਾਰਨ ਸੀ ਪੰਜਾਬ ਵਿੱਚ ਭਗਤੀ ਲਹਿਰ ਦੇ ਮੋਢੀ ਮਹਾਂਰਾਸ਼ਟਰ ਦੇ ਮੋਢੀ ਸੰਤ ਨਾਮਦੇਵ ਨੇ 14ਵੀਂ ਸਦੀ ਵਿੱਚ ਪੰਜਾਬ ਦੇ ਗੁਰਦਾਸਪੁਰ ਖੇਤਰ ਵਿੱਚ ਆਕੇ ਆਪਣੀ ਗੱਦੀ ਲਗਾ ਲਈ ਸੀ। ਪੰਜਾਬ ਦੀ ਧਰਤੀ ਉੱਪਰ 1469 ਵਿੱਚ ਸ਼?ਗੀ ਗੁਰੂ ਨਾਨਕ ਦੇਵ ਜੀ ਦੇ ਉਦੇ ਨੇ ਭਗਤੀ ਲਹਿਰ ਨੂੰ ਸਿਖਰ ਤੇ ਪਹੁੰਚਾ ਦਿੱਤਾ। ਬਾਣੀ ਦੀ ਰਚਨਾ ਭਗਤੀ ਲਹਿਰ ਦੇ ਪ੍ਰਸਾਰ ਦਾ ਇੱਕੋ-ਇੱਕ ਮਾਧਿਅਮ ਸੀ। ਭਗਤੀ ਲਹਿਰ ਦੇ ਸੰਤਾਂ ਨੇ ਬਾਣੀ ਦੀ ਰਚਨਾ ਲਈ ਹਮਲਾਵਰਾਂ ਵੱਲੋਂ ਲਿਆਂਦੀ ਵਿਦੇਸ਼ੀ ਲਿਪੀ ਦੀ ਵਰਤੋਂ ਉੱਕਾ ਹੀ ਨਹੀਂ ਕੀਤੀ। ਭਗਤੀ ਲਹਿਰ ਦੌਰਾਨ ਗੁਰੂ ਨਾਨਕ ਦੇਵ ਜੀ ਦੇ ਸਮੇਂਕਾਲ ਤੱਕ ਬਾਣੀ ਦੀ ਰਚਨਾ ਲਈ ਪੰਜਾਬੀ ਦੀ ਅਪਭ੍ਰੰਸ਼ ਲਿਪੀ ਨੂੰ ਵਰਤਿਆ ਗਿਆ। ਇਸ ਲਿਖਤ ਦੀ ਪ੍ਰਮਾਣਿਕਤਾ ਲਈ 1470 ਈ. ਦੀ ਹਠੂਰ ਵਾਲੀ ਲਿਖਤ ਪੇਸ਼ ਕੀਤੀ ਜਾ ਰਹੀ ਹੈ। ਇਸ ਲਿਖਤ ਵਿੱਚ ਪੰਜਾਬੀ ਦੇ ਸਹੀ ਅੱਖਰ ਮੌਜੂਦ ਹਨ, ਲਗਾਂ ਮਾਤਰਾਵਾਂ ਵੀ ਮੌਜੂਦ ਹਨ। ਲਿਖਤ

ਵਿੱਚ ਕਿਤੇ-ਕਿਤੇ ਹਿੰਦੀ-ਦੇਵਨਾਗਰੀ ਦੇ ਅੱਖਰ ਮੌਜੂਦ ਹਨ। ਇਹ ਪੰਜਾਬੀ-ਗੁਰਮੁਖੀ ਦਾ ਅਪਭ੍ਰੰਸ਼ ਰੂਪ ਸੀ। ਦੋ ਸਤੰਬਰ 1539 ਨੂੰ ਗੁਰੂ ਅੰਗਦ ਦੇਵ ਜੀ ਗੁਰੂ ਗੱਦੀ ਸੰਭਾਲਦੇ ਹਨ। ਗੁਰੂ ਜੀ ਦੇ ਸਾਹਮਣੇ ਸਭ ਤੋਂ ਵੱਡੀ ਲੋੜ ਪੰਜਾਬੀ ਦੀ ਪੂਰਨ ਲਿਪੀ ਤਰਾਸ਼ਣ ਦੀ ਸੀ। ਆਪਣੇ ਗੁਰੂ-ਗੱਦੀ ਕਾਲ (1539-52) ਵਿੱਚ ਇਹਨਾਂ ਨੇ ਵਿਆਕਰਣ ਯੁਕਤ 35 ਅੱਖਰੀ ਦੀ ਸਿਰਜਣਾ ਕੀਤੀ। ਇੱਥੇ ਹੀ ਬੱਸ ਨਹੀਂ ਆਪ ਜੀ ਨੇ ਪੰਜਾਬੀ-ਗੁਰਮੁਖੀ ਸਿਖਾਉਣ ਦਾ ਪਹਿਲਾ ਗੁਰੂਕੁਲ ਖਡੂਰ ਸਾਹਿਬ ਵਿਖੇ ਖੋਲਿਆ। ਹੁਣ ਪੰਜਾਬੀ-ਗੁਰਮੁਖੀ ਲਿਪੀ ਆਪਣੇ ਸਹੀ ਸਰੂਪ ਵਿੱਚ ਸਾਹਮਣੇ ਆ ਚੁੱਕੀ ਸੀ ਅਤੇ ਪੰਜਾਬੀ ਨੂੰ ਪੂਰਨ ਭਾਸ਼ਾ ਦਾ ਦਰਜਾ ਮਿਲ ਚੁੱਕਾ ਸੀ। 1604 ਈ. ਵਿੱਚ ਪੰਜਵੇਂ ਗੁਰੂ ਗੁਰੂ ਅਰਜਨ ਦੇਵ ਜੀ ਨੇ ਪੰਜਾਬੀ ਗੁਰਮੁਖੀ ਲਿਪੀ ਵਿੱਚ ਸ਼੍ਰੀ ਆਦਿ ਗ੍ਰੰਥ ਸਾਹਿਬ ਦੀ ਸਿਰਜਣਾ ਕਰਕੇ ਸਿੱਧ ਕਰ ਦਿੱਤਾ ਕਿ ਪੰਜਾਬੀ, ਬੋਲੀ ਅਤੇ ਗੁਰਮੁਖੀ ਲਿਪੀ ਦੇ ਸੁਮੇਲ ਨਾਲ ਸਿਖਰਲੀ ਸਾਹਿਤਕ ਸਿਰਜਣਾ ਹੋ ਸਕਦੀ ਹੈ।

ਇਸੇ ਸਮਾਕਾਲ 1605 ਦੇ ਆਸ-ਪਾਸ ਦਮੋਦਰ ਗੁਲਾਟੀ ਨੇ ਪੰਜਾਬੀ ਵਿੱਚ ਪਹਿਲਾ ਕਿੱਸਾ-ਕਾਵਿ ਹੀਰ-ਰਾਂਝਾ ਲਿਖਿਆ। ਉਸਨੇ ਇਹ ਕਿੱਸਾ ਟਾਕਰੀ ਲਿਪੀ ਵਿੱਚ ਲਿਖਿਆ । ਟਾਕਰੀ ਲਿਪੀ ਲੰਡੇ ਲਿਪੀ ਤੋਂ ਬਾਦ, ਹੋਂਦ ਵਿੱਚ ਆਉਂਦੀ ਹੈ। ਇਹ ਪੰਜਾਬ ਦੇ ਤਰਾਈ ਇਲਾਕਿਆਂ ਅਤੇ ਸਿਆਲਕੋਟ ਵਿੱਚ ਵਰਤੀ ਜਾਂਦੀ ਸੀ। ਟਾਕਰੀ ਵੀ ਸ਼ਾਰਦਾ ਤੋਂ ਉਪਜੀ ਸੀ। ਦਮੋਦਰ ਗੁਲਾਟੀ ਦੀ ਰਚਨਾ ਉੱਚ ਕੋਟੀ ਦੀ ਸਾਹਿਤਕ ਰਚਨਾ ਸੀ ਜਿਸਨੇ ਪੰਜਾਬ ਦੀ ਧਰਤੀ ਉੱਪਰ ਕਿੱਸਾ-ਕਾਵਿ ਧਾਰਾ ਦਾ ਆਰੰਭ ਕੀਤਾ।

ਆਰੀ.ਆਰੀ.ਆਰੀ, ਆਰੀ.ਆਰੀ.ਆਰੀ
ਵੇ ਤੇਰੀ ਮੇਰੀ ਇੱਕ ਜਿੰਦੜੀ
ਲੈਗੀ ਲੁਟ ਜਿੰਦ ਸਾਰੀ।
ਵੇ ਤੇਰੀ-ਮੇਰੀ ..................

ਇਹ ਲੋਕ-ਕਾਵਿ ਟੋਟਾ ਇਸ਼ਾਰਾ ਕਰਦਾ ਹੈ, ਹੁਣ ਕਲਮ ਇਕ ਸੈਨਿਕ ਦੇ ਹੱਥ ਵਿੱਚ ਆ ਚੁੱਕੀ ਹੈ, ਹੁਣ ਪੰਜਾਬੀ-ਗੁਰਮੁਖੀ ਦੀ ਰਾਖੀ ਲਈ ਯੁੱਧ ਦੀ ਸ਼ੁਰੂਆਤ ਹੋਵੇਗੀ, ਪੰਜਾਬੀ-ਗੁਰਮੁਖੀ ਦੇ ਦੋਖੀਆਂ ਨੂੰ ਪਹਿਚਾਨਣਾ ਅਤੇ ਹਰਾਉਣ ਲਈ ਪੰਜਾਬੀ-ਗੁਰਮੁਖੀ ਦੇ ਸਪੂਤਾਂ ਨੂੰ ਸਾਹਿਤ ਦੇ ਮੈਦਾਨੇ ਜੰਗ ਵਿੱਚ ਉੱਤਰਨਾ ਹੋਵੇਗਾ। ਪੰਜਾਬੀ-ਗੁਰਮੁਖੀ ਦੇ ਦੋਖੀਆਂ ਦੀਆਂ ਸਾਜਿਸ਼ਾ ਨੂੰ ਸਮਝਣ ਲਈ ਭਾਰਤ ਉੱਪਰ ਹੋਏ ਇਸਲਾਮ ਦੇ ਪਹਿਲੇ ਹਮਲੇ ਤੀਕ ਜਾਣਾ ਹੋਵੇਗਾ।

ਅਰਬ ਦੀ ਧਰਤੀ ਉੱਪਰ 7ਵੀਂ ਸਦੀ ਦੇ ਸ਼ੁਰੂਆਤ ਵਿੱਚ ਇਸਲਾਮ ਦਾ ਉਦੇ ਹੁੰਦਾ ਹੈ। ਇਸ ਦੇ ਪੈਰੋਕਾਰਾਂ ਨੇ ਤਲਵਾਰ ਦੇ ਦਮ ਉੱਪਰ ਪਹਿਲਾਂ ਪੂਰੇ ਅਰਬ ਵਿੱਚ ਫਿਰ ਇਰਾਨ ਵਿੱਚ ਇਸਲਾਮ ਨੂੰ ਫੈਲਾਇਆ। ਮਕਸਦ ਸਿੱਧਾ ਸੀ, ਤਲਵਾਰ ਨਾਲ ਧਨ ਅਤੇ ਸੱਤ?ਹਾ ਦੋਵਾਂ ਤੇ ਕਬਜਾ ਕਰਨਾ। 712ਵੀਂ ਸਦੀ ਵਿੱਚ ਅਰਬ ਦੇ ਉਮੈਦ ਕਬੀਲੇ ਦੇ ਸਰਦਾਰ ਮੁਹੰਮਦ ਬਿਨ ਕਾਸਿਮ ਨੇ ਸਿੰਧ ਤੇ ਹਮਲਾ ਕਰਕੇ ਪੰਡਤ ਰਾਜੇ ਦਾਹਿਰ ਨੂੰ ਹਰਾ ਦਿੱਤਾ ਅਤੇ ਸਿੰਧ ਉਪਰ ਅਧਿਕਾਰ ਕਰ ਲਿਆ। ਨਾਲ ਹੀ ਉਸਨੇ ਪੰਜਾਬ ਦੇ ਮੁਲਤਾਨ ਤੇ ਕਬਜਾ ਕਰ ਲਿਆ। ਉਸ ਵੇਲੇ ਪੰਜਾਬ ਦੇ ਉੱਤਰ ਪੱਛਮ ਵਿੱਚ ਅਤੇ ਅਫਗਾਨਿਸਤਾਨ ਵਿੱਚ ਇੱਕ ਸ਼ਕਤੀਸ਼ਾਲੀ ਹਿੰਦੂ ਸ਼ਾਹੀ ਰਾਜ ਸਥਾਪਿਤ ਸੀ। 1026 ਵਿੱਚ ਹਿੰਦੂ ਸ਼ਾਹੀ ਰਾਜ ਦੀ ਪੂਰਨ ਸਮਾਪਤੀ ਦੇ ਨਾਲ ਹੀ ਪੰਜਾਬ ਉਪਰ ਇਸਲਾਮ ਦੇ ਪੈਰੋਕਾਰ ਹਮਲਾਵਰਾਂ ਦਾ ਰਾਜ ਸਥਾਪਿਤ ਹੋ ਗਿਆ ਸੀ। ਆਪਣੀ ਹਕੂਮਤ ਨੂੰ ਚਿਰ ਸਥਾਈ ਬਣਾਉਣ ਲਈ ਉਹਨਾਂ ਨੇ ਇਸਲਾਮ ਨੂੰ ਫੈਲਾਉਣਾ ਸੀ। ਇਸਲਾਮ ਨੂੰ ਫੈਲਾਉਣ ਲਈ ਲੋਕਾਂ ਨੂੰ ਕੁਰਾਨ ਦੀ ਲਿਪੀ ਨਾਲ ਜੋੜਨਾ ਸੀ। ਰਾਜਿਆਂ ਕੋਲ ਤਲਵਾਰ ਸੀ, ਉਹਨਾਂ ਦੇ ਨਾਲ ਆਏ ਸੂਫੀ ਸੰਤਾ ਕੋਲ ਨਿਰਾਕਾਰ ਈਸ਼ਵਰ ਕੇਂਦਰਤ ਨਿਰਪੇਖਿਕ ਫਿਲਾਸਫੀ ਸੀ, ਜਿਸ ਨਾਲ ਉਹਨਾਂ ਨੇ ਲੋਕਾਂ ਦੇ ਕੁਦਰਤ ਪੱਖੀ ਸੱਭਿਆਚਾਰ ਨੂੰ ਬਦਲ ਕੇ ਧਰਮ ਪਰਿਵਰਤਨ ਦਾ ਰਾਹ ਪੱਧਰਾ ਕੀਤਾ। ਮਸਜਿਦਾਂ ਦੀ ਉਸਾਰੀ ਹੋਈ, ਲੋਕਾਂ ਨੂੰ ਮਸਜਿਦਾਂ ਵਿੱਚ ਅਰਬੀ-ਫਾਰਸੀ ਲਿਪੀ ਸਿਖਾਈ ਜਾਣ ਲੱਗੀ। ਇਸਲਾਮਿਕ ਨੀਤੀ ਘਾੜਿਆਂ ਨੇ ਹਿੰਦੀ ਨੂੰ ਅਰਬੀ-ਫਾਰਸੀ ਲਿਪੀ ਦੇ ਕੇ ਉਰਦੂ ਭਾਸ਼ਾ ਦਾ ਨਾਮ ਦੇ ਦਿੱਤਾ ਅਤੇ ਪੰਜਾਬੀ ਨੂੰ ਅਰਬੀ-ਫਾਰਸੀ ਲਿਪੀ ਦੇ ਕੇ 'ਸ਼ਾਹਮੁਖੀ' ਨਾਮ ਦੇ ਦਿੱਤਾ। ਇਸੇ ਤਰ੍ਹਾਂ ਅਫਗਾਨਿਸਤਾਨ ਦੀ ਖਰੋਸ਼ਠੀ (ਗੰਧਾਰੀ) ਲਿਪੀ ਦੀ ਥਾਂ ਉੱਪਰ ਫਾਰਸੀ, ਸਿੰਧ ਦੀ ਹਟਬਾਂਕੀ ਅਤੇ ਜੰਮੂ-ਕਸ਼ਮੀਰ ਦੀ ਸ਼ਾਰਦਾ ਨੂੰ ਦਬਾ ਕੇ ਅਰਬੀ-ਫਾਰਸੀ ਲਿਪੀ ਥੋਪਣ ਵਿੱਚ ਪੂਰੀ ਤਰ੍ਹਾਂ ਕਾਮਯਾਬ ਹੋ ਗਏ। ਪਰ ਪੰਜਾਬ ਵਿੱਚ ਪੰਜਾਬੀ-ਗੁਰਮੁਖੀ ਨੇ ਇਹਨਾ ਦਾ ਰਾਸਤਾ ਰੋਕ ਲਿਆ। ਇਸੇ ਕਰਕੇ ਅੱਜ ਪੂਰਬੀ ਪੰਜਾਬ ਵਿੱਚ ਪੰਜਾਬੀ-ਗੁਰਮੁਖੀ ਬਚੀ ਹੋਈ ਹੈ।

ਉੱਤਰੀ ਭਾਰਤੀ ਲਿਪੀਆਂ ਸੰਸਕ੍ਰਿਤ, ਪੰਜਾਬੀ-ਗੁਰਮੁਖੀ, ਹਿੰਦੀ-ਦੇਵਨਾਗਰੀ, ਬੰਗਾਲੀ, ਮਰਾਠੀ ਅਤੇ ਖਰੋਸ਼ਠੀ (ਗੰਧਾਰੀ) ਨਾਲ ਬਣੇ ਸ਼ਬਦਾਂ ਉੱਪਰ ਡੰਡਾ ਖਿੱਚਿਆ

ਜਾਂਦਾ ਹੈ। ਸਾਰੀਆਂ ਹੀ ਭਾਰਤੀ ਭਾਸ਼ਾਵਾਂ ਖੱਬੇ ਤੋਂ ਸੱਜੇ ਵੱਲ ਲਿਖੀਆਂ ਜਾਂਦੀਆਂ ਹਨ, ਇਹਨਾਂ ਦੇ ਸਵਰ ਅਤੇ ਵਿਅੰਜਨ ਵੱਖ-ਵੱਖ ਹਨ, ਸਹੀ ਅਵਾਜ ਦੇਣ ਲਈ ਲਗਾਮਾਤਰਾਵਾਂ ਅਤੇ ਲਗਾਖਰਾਂ ਦੀ ਵਰਤੋਂ ਹੁੰਦੀ ਹੈ। ਸ਼ਬਦ ਨੂੰ ਉਸੇ ਤਰ੍ਹਾਂ ਲਿਖਿਆ ਜਾਂਦਾ ਹੈ ਜਿਹੋ ਜਿਹੀ ਅਵਾਜ ਹੁੰਦੀ ਹੈ ਅਤੇ ਬਹੁਤ ਸਾਰੀਆਂ ਭਾਰਤੀ ਭਾਸ਼ਾਵਾਂ ਦੀਆਂ ਧੁਨੀਆਂ ਮਿਲਦੀਆਂ ਜੁਲਦੀਆਂ ਹਨ। ਇੱਥੋਂ ਸਿੱਧ ਹੁੰਦਾ ਹੈ ਭਾਰਤੀ ਬੋਲੀ ਨੂੰ ਉਸੇ ਦੀ ਲਿਪੀ ਵਿੱਚ ਹੀ ਢੁਕਵਾਂ ਅਤੇ ਸਹੀ ਲਿਖਿਆ ਜਾ ਸਕਦਾ ਹੈ, ਕਿਸੇ ਬਾਹਰਲੀ ਲਿਪੀ ਵਿੱਚ ਨਹੀਂ। ਭਾਰਤੀ ਬੋਲੀ ਨੂੰ ਕਿਸੇ ਬਾਹਰਲੀ ਲਿਪੀ ਵਿੱਚ ਲਿਖਣਾ ਨਾ ਤਾਂ ਭਾਸ਼ਾ ਦੇ ਵਿਗਿਆਨ ਤੇ ਅਤੇ ਨਾ ਹੀ ਧਰਮ ਦੇ ਪੈਮਾਨੇ ਤੇ ਖਰਾ ਉਤਰਦਾ ਹੈ। ਲੰਬੇ ਸਮੇਂ ਤੇ ਜਾ ਕੇ ਅਜਿਹਾ ਕਾਰਨਾਮਾ ਦੇਸ਼ ਦੀ ਏਕਤਾ-ਅਖੰਡਤਾ ਲਈ ਖਤਰਾ ਬਣ ਜਾਂਦਾ ਹੈ। ਪੰਜਾਬੀ ਗੁਰਮੁਖੀ ਲਿਪੀ ਦੀ ਇੱਕ ਉਦਾਹਰਨ ਪੇਸ਼ ਹੈ :

'ਡੰਗਰ ਹੜ੍ਹਾਂ ਵਿੱਚ ਰੁੜ੍ਹ ਗਏ, ਉਨ੍ਹਾਂ ਦਾ ਕੋਈ ਅਤਾ-ਪਤਾ ਨਹੀਂ ਲੱਗਿਆ।' ਇਸ ਵਾਕ ਨੂੰ ਕਿਸੇ ਹੋਰ ਲਿਪੀ ਵਿੱਚ ਇੰਨ-ਬਿੰਨ ਧੁਨੀ ਵਿੱਚ ਨਹੀਂ ਲਿਖਿਆ ਜਾ ਸਕਦਾ।

ਸਭ ਤੋਂ ਵੱਡੀ ਗੱਲ ਕਿਸੇ ਵੀ ਭਾਸ਼ਾ ਦੀ ਉੱਨਤੀ ਲਈ ਉਸ ਕੋਲ ਸ਼ਬਦਾਂ ਦਾ ਭੰਡਾਰ ਹੋਣਾ ਚਾਹੀਂਦਾ ਹੈ। ਆਰੀਆਵਰਤ ਨੂੰ ਇਸ ਗੱਲ ਦਾ ਮਾਨ ਹੈ ਕਿ ਸੰਸਕ੍ਰਿਤ ਭਾਸ਼ਾ, ਪਾਨਿਨੀ ਦਾ ਵਿਆਕਰਣ (ਅਸ਼ਟਧਿਆਏ) ਅਤੇ ਪੰਜਾਬੀ-ਗੁਰਮੁਖੀ ਦਾ ਜਨਮ ਸਥਾਨ, ਆਰੀਆਵਰਤ ਦੀ ਭੂਮੀ ਹੀ ਹੈ। ਇਸ ਤਰ੍ਹਾਂ ਸੰਸਕ੍ਰਿਤ ਭਾਸ਼ਾ ਰਿਸ਼ਤੇ ਵਿੱਚ ਪੰਜਾਬੀ-ਗੁਰਮੁਖੀ ਦੀ ਪਰਦਾਦੀ ਦੀ ਥਾਂ ਤੇ ਲਗਦੀ ਹੈ। ਸੰਸਕ੍ਰਿਤ ਭਾਸ਼ਾ ਦੇ ਸ਼ਬਦ ਬਹੁਤ ਹੀ ਅਸਾਨੀ ਨਾਲ ਪੰਜਾਬੀ ਵਿੱਚ ਜਜਬ ਹੋ ਜਾਂਦੇ ਹਨ। ਪੰਜਾਬੀ ਭਾਸ਼ਾ ਨੂੰ ਖਾਸ ਕਰਕੇ ਵਿਦਿਅਕ ਖੇਤਰ ਵਿੱਚ ਜਦੋਂ ਵੀ ਕਿਸੇ ਸ਼ਬਦ ਦੀ ਜਰੂਰਤ ਹੁੰਦੀ ਹੈ ਤਾਂ ਉਹ ਸ਼ਬਦ ਸੰਸਕ੍ਰਿਤ ਵਿੱਚੋਂ ਅਸਾਨੀ ਨਾਲ ਮਿਲ ਜਾਂਦਾ ਹੈ ਜਿਵੇਂ ਤ੍ਰਿਭੁਜ, ਚਤੁਰਭੁਜ, ਗੁਰੂਤਵਾਕਰਸ਼ਨ, ਭੌਤਿਕ ਵਿਗਿਆਨ, ਰਸਾਇਣ ਵਿਗਿਆਨ, ਅਣੂ, ਭੂਗੋਲ, ਸ਼ਿਰਾ, ਪਰਮਾਣੂ, ਕੋਸ਼ਿਕਾ, ਧਮਨੀ, ਲਘੁਤਮ ਸਮਾ ਵਰਤਕ, ਮਹਤਮ ਸਮਾਂ ਵਰਤਕ, ਵਿਅਸ਼ਟੀ ਅਰਥਸ਼ਾਸਤਰ, ਸਮਸ਼ਟੀ ਅਰਥਸ਼ਾਸਤਰ ਆਦਿ ਅਜਿਹੇ ਸਧਾਰਨ ਵਿਗਿਆਨ ਅਤੇ ਸਮਾਜ ਸ਼ਾਸਤਰ ਨਾਲ ਸਬੰਧਿਤ ਹਜਾਰਾਂ ਸ਼ਬਦ ਹਨ ਜਿਹੜੇ ਸੰਸਕ੍ਰਿਤ ਵਿੱਚੋਂ ਲਏ ਗਏ ਹਨ, ਪਰ ਹੁਣ ਪੰਜਾਬੀ ਦੇ ਆਪਣੇ ਲਗਦੇ ਹਨ।

ਕੋਈ ਵੀ ਭਾਸ਼ਾ ਤਾਂ ਹੀ ਪੂਰਨ ਸਮਝੀ ਜਾਂਦੀ ਹੈ ਅਤੇ ਜਿਉਂਦੀ ਰਹਿੰਦੀ ਹੈ ਜਦੋਂ ਉਸ ਕੋਲ ਆਪਣੀ ਲਿਪੀ ਹੋਵੇ। ਬੋਲੀ ਅਤੇ ਲਿਪੀ ਨੂੰ ਮਿਲਾ ਕੇ ਹੀ ਭਾਸ਼ਾ ਬਣਦੀ ਹੈ। ਭਾਸ਼ਾ (ਬੋਲੀ+ਲਿਪੀ) ਆਪਣੇ ਸੱਭਿਆਚਾਰ ਦੀ ਪਹਿਚਾਨ ਜਾਂ ਉਸਦਾ ਮੁੱਖ ਹੁੰਦੀ ਹੈ। ਜੇ ਭਾਸ਼ਾ ਮਰੇਗੀ, ਤਾਂ ਸੱਭਿਆਚਾਰ ਮਰੇਗਾ, ਜੇ ਸੱਭਿਆਚਾਰ ਮਰੇਗਾ ਤਾਂ ਹੱਕ ਮਰੇਗਾ, ਜੇ ਹੱਕ ਮਰੇਗਾ ਤਾਂ ਉਜਾੜਾ ਹੋਵੇਗਾ। ਅੱਜ ਇਹੋ ਵਰਤਾਰਾ ਪੱਛਮੀ ਪੰਜਾਬ ਵਿੱਚ ਹੋ ਰਿਹਾ ਹੈ।

ਪੰਜਾਬ ਉੱਪਰ ਇੱਕ ਹਜ਼ਾਰ ਸਾਲ ਦੀ ਗੁਲਾਮੀ ਦੇ ਸਮਾਂਕਾਲ ਦੌਰਾਨ ਹਮਲਾਵਰ-ਸਾਜਿਸ਼ਕਰਤਾ ਪੰਜਾਬ ਦੀ ਭਾਸ਼ਾ ਸੱਭਿਆਚਾਰ ਅਤੇ ਧਰਮ ਵਿੱਚ ਮਨ ਚਾਹਿਆ ਬਦਲਾਅ ਕਰਦੇ ਰਹੇ, ਨਤੀਜਾ ਸਾਡੇ ਪੰਜਾਬ (ਆਰੀਆਵਰਤ) ਦਾ ਵੱਡਾ ਭਾਗ ਸਾਥੋਂ ਤੋੜ ਲਿਆ ਗਿਆ। ਇਹ ਵੱਡਾ ਭਾਗ ਕੇਵਲ ਤੋੜਿਆ ਹੀ ਨਹੀਂ ਗਿਆ, ਸਗੋਂ ਸਾਡੇ ਪੂਰਬੀ ਪੰਜਾਬ ਲਈ ਇੱਕ ਨਸੂਰ ਬਣ ਕੇ ਖੜ੍ਹਾ ਹੋ ਗਿਆ, ਪੂਰਬੀ ਪੰਜਾਬ ਅਤੇ ਜੰਮੂ-ਕਸ਼ਮੀਰ ਵਿੱਚ ਅੱਤਵਾਦ ਦੇ ਰੂਪ ਵਿੱਚ ਪਰਾਕਸੀ ਯੁੱਧ ਠੋਸਿਆ ਗਿਆ, ਉਸ ਤੋਂ ਬਾਅਦ ਸਾਡੇ ਆਪਣੇ ਦੇਸ਼ ਵਿੱਚ ਜਾਲ੍ਹੀ ਕਰੰਸੀ ਨੈਟਵਰਕ ਬਿਛਾ ਦਿੱਤਾ। ਜਦੋਂ ਭਾਰਤ ਨੇ ਉਸ ਦੇ ਸਾਰੇ ਮਨਸੂਬੇ ਅਸਫਲ ਕਰ ਦਿੱਤੇ ਤਾਂ ਸਾਡੇ ਪੂਰਬੀ ਪੰਜਾਬ ਦੀ ਨੌਜਵਾਨੀ ਨੂੰ ਖੱਸੀ ਕਰਨ ਲਈ ਚਿੱਟਾ ਭੇਜਣਾ ਸ਼ੁਰੂ ਕਰ ਦਿੱਤਾ, ਜਿਹੜਾ ਅੱਜ ਤੱਕ ਜਾਰੀ ਹੈ।

ਹੁਣ ਪਾਕਿਸਤਾਨ ਦੀ ਖੂਫੀਆ ਏਜੰਸੀ ਆਈ.ਐਸ.ਆਈ. ਸਾਡੀ ਪੰਜਾਬੀ-ਗੁਰਮੁਖੀ ਭਾਸ਼ਾ ਦੇ ਖਿਲਾਫ ਬਹੁਤ ਹੀ ਖਤਰਨਾਕ ਮਨਸੂਬੇ ਬੁਣ ਰਹੀ ਹੈ। ਆਈ.ਐਸ.ਆਈ. ਪੱਛਮੀ ਪੰਜਾਬ ਵਿੱਚ ਯੂਨੀਵਰਸਿਟੀਆਂ ਵਿੱਚ ਬੈਠੇ ਆਪਣੇ ਬੁੱਧੀਜੀਵੀਆਂ ਰਾਹੀਂ ਸਾਡੇ ਆਪਣੇ ਪੂਰਬੀ ਪੰਜਾਬ ਦੇ ਸਾਹਿਤਕਾਰਾਂ ਦੇ ਦਿਮਾਗਾਂ ਵਿੱਚ ਪੰਜਾਬੀ-ਗੁਰਮੁਖੀ ਲਿਪੀ ਪ੍ਰਤੀ ਇੱਕ ਅਜਿਹਾ ਭਰਮ ਪੈਦਾ ਕਰ ਰਹੀ ਹੈ, ਜਿਹੜਾ ਪੰਜਾਬੀ ਭਾਸ਼ਾ ਦੀ ਹੋਂਦ ਤੇ ਹੀ ਵੱਡਾ ਵਾਰ ਹੈ। ਪੂਰਬੀ ਪੰਜਾਬ ਦੇ ਅੱਧ ਤੋਂ ਜਿਆਦਾ ਵੱਡੇ ਸਾਹਿਤਕਾਰ ਲਾਹੌਰ ਦੀਆਂ ਯੂਨੀਵਰਸਿਟੀਆਂ ਦੀ ਸੈਰ ਕਰ ਆਏ ਹਨ। ਆਓ ਜਾਣੀਏ ਉਹ ਵੱਡਾ ਭਰਮ ਕੀ ਹੈ?

ਪੂਰਬੀ ਪੰਜਾਬ ਦੇ ਸਾਹਿਤ ਜਗਤ ਵਿੱਚ ਸਾਹਿਤਕ ਸੋਚ ਨੂੰ ਪ੍ਰਭਾਵਿਤ ਕਰਨ ਵਾਲੀਆਂ ਦੋ ਕੇਂਦਰੀ ਸਾਹਿਤਕ ਜੱਥੇਬੰਦੀਆਂ ਹਨ। ਇਹ ਦੋਵੇਂ ਜੱਥੇਬੰਦੀਆਂ, ਆਪਣੀ-ਆਪਣੀ ਖੱਬੀ ਧਿਰ ਨਾਲ ਜੁੜੀਆਂ ਹਨ। ਇਹਨਾਂ ਕੇਂਦਰੀ ਜੱਥੇਬੰਦੀਆਂ ਦੇ

ਵੱਡੇ ਸਾਹਿਤਕਾਰ ਭਾਸ਼ਾ ਬਾਰੇ ਆਪਣੇ ਵਿਚਾਰ ਦਿੰਦਿਆਂ ਕਹਿੰਦੇ ਹਨ: ਪੰਜਾਬੀ ਨੂੰ ਗੁਰਮੁਖੀ ਅਤੇ ਫਾਰਸੀ ਦੋਵੇਂ ਲਿਪੀਆਂ ਵਿੱਚ ਲਿਖਿਆ ਜਾ ਸਕਦਾ ਹੈ। ਅਸੀਂ ਦੋਵਾਂ ਨੂੰ ਪੰਜਾਬੀ ਦੀਆਂ ਲਿਪੀਆਂ ਸਮਝਦੇ ਹਾਂ। ਫਿਰ ਉਹ ਕਹਿੰਦੇ ਹਨ ਗੁਰਮੁਖੀ ਨੂੰ ਵਿਸ਼ਵ ਪੱਧਰ ਉੱਪਰ ਪੰਜਾਬੀ ਦੀ ਅਧਿਕਾਰਿਤ ਲਿਪੀ ਨਹੀਂ ਕਿਹਾ ਜਾ ਸਕਦਾ। ਇਸ ਵਿਚਾਰ ਪਿੱਛੇ ਉਹ ਦਲੀਲ ਦਿੰਦੇ ਹਨ ਕਿ ਪੱਛਮੀ ਪੰਜਾਬ ਵਿੱਚ 9 ਕਰੋੜ ਲੋਕ ਪੰਜਾਬੀ ਨੂੰ ਫਾਰਸੀ (ਸ਼ਾਹਮੁਖੀ) ਲਿਪੀ ਵਿੱਚ ਲਿਖਦੇ ਹਨ ਅਤੇ ਪੂਰਬੀ ਪੰਜਾਬ ਵਿੱਚ ਕੇਵਲ 2 ਕਰੋੜ ਲੋਕ ਪੰਜਾਬੀ ਨੂੰ 'ਗੁਰਮੁਖੀ' ਵਿੱਚ ਲਿਖਦੇ ਹਨ।

ਦੇਸ਼ ਦਾ ਇਤਿਹਾਸ ਗਵਾਹ ਹੈ ਅਤੇ ਭਾਰਤ ਦੀ ਖੱਬੀ ਧਿਰ ਦਾ ਦੁਖਾਂਤ ਵੀ ਹੈ ਕਿ ਉਹ ਅੱਜ ਤਕ ਭਾਰਤ ਦੀ ਸੰਸਕ੍ਰਿਤੀ ਨਾਲ ਨਹੀਂ ਖੜੇ। ਭਾਰਤ ਦੀ ਕਮਿਊਨਿਸਟ ਪਾਰਟੀ ਨੇ ਸਤੰਬਰ 1942 ਵਿੱਚ ਹੀ ਪਾਕਿਸਤਾਨ ਇੱਕ ਵੱਖਰਾ ਦੇਸ਼ ਬਣਾਉਣ ਦੇ ਹੱਕ ਵਿੱਚ ਮਤਾ ਪਾਸ ਕਰ ਦਿੱਤਾ ਸੀ, ਜਿਨਹਾ ਦੇ ਸੱਦੇ ਉੱਪਰ ਕਲਕਤੇ ਵਿੱਚ 'ਡਾਇਰੈਕਟ ਐਕਸ਼ਨ ਡੇ' ਦੇ ਮੰਚ ਉੱਪਰ ਕਮਿਊਨਿਸਟ ਲੀਡਰ ਸਜ ਕੇ ਬੈਠੇ ਸਨ, ਜਿਨਹਾ ਦਾ ਇਸ ਸੱਦੇ ਨੇ ਕਲਕੱਤੇ ਵਿਚੱ ਹਿੰਦੂਆਂ ਦੇ ਕਤਲੇਆਮ ਦੀ ਸ਼ੁਰੂਆਤ ਕਰ ਦਿੱਤੀ ਸੀ। ਕਮਿਊਨਿਸਟਾਂ ਦੇ ਖ਼ੂਨ ਵਿੱਚ ਹੀ ਭਾਰਤੀ ਸੰਸਕ੍ਰਿਤੀ ਪ੍ਰਤੀ ਬੇਰੁਖੀ ਸਮਾਈ ਹੋਈ ਹੈ, ਤਾਂ ਇਨ੍ਹਾਂ ਦੇ ਦਿਸ਼ਾ-ਨਿਰਦੇਸ਼ਾਂ ਹੇਠ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਵਿਚਰ ਰਹੀਆਂ ਕੇਂਦਰੀ ਸਾਹਿਤਕ ਜੱਥਬੰਦੀਆਂ ਦੇ ਸਿਖਰਲੇ ਆਗੂਆਂ ਵਿੱਚ ਭਾਰਤੀ ਸੰਸਕ੍ਰਿਤੀ, ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਭਾਸ਼ਾ ਪ੍ਰਤੀ ਬੇਰੁਖੀ ਦਿਖਣੀ ਸੁਭਾਵਿਕ ਹੈ। ਇਹਨਾਂ ਵੱਲੋਂ 21 ਫਰਵਰੀ ਨੂੰ ਪੰਜਾਬੀ ਦੇ ਹੱਕ ਵਿੱਚ ਢੋਲ ਵਜਾਉਣਾ ਇੱਕ ਝੂਠਾ ਦਿਖਾਵਾ ਮਾਤਰ ਹੈ।

ਹਰੇਕ ਮਾਨਤਾ ਪ੍ਰਾਪਤ ਭਾਸ਼ਾ ਦੀ ਇੱਕ ਲਿਪੀ ਹੁੰਦੀ ਹੈ ਅਤੇ ਇਸ ਨੂੰ ਵਿਸ਼ਵ ਪੱਧਰ ਉੱਪਰ ਸਵੀਕਾਰ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਪੰਜਾਬੀ ਦੀ ਵਿਸ਼ਵ ਪੱਧਰ ਉੱਪਰ ਕੇਵਲ ਇੱਕ ਲਿਪੀ ਹੈ, ਉਹ ਹੈ 'ਗੁਰਮੁਖੀ'। ਵਿਸ਼ਵ ਦੀਆਂ ਅਨੇਕਾਂ ਯੂਨੀਵਰਸਿਟੀਆਂ ਵਿੱਚ ਪੰਜਾਬੀ 'ਗੁਰਮੁਖੀ' ਲਿਪੀ ਵਿੱਚ ਹੀ ਪੜ੍ਹਾਈ ਜਾਂਦੀ ਹੈ। ਜਿਹੜੇ ਢੋਲੀ ਸਾਹਿਤਕਾਰ ਸ਼ਾਹਮੁਖੀ ਨੂੰ ਗੁਰਮੁਖੀ ਦੇ ਬਰਾਬਰ ਖੜੀ ਕਰ ਰਹੇ ਹਨ, ਉਹ ਪੰਜਾਬੀ ਭਾਸ਼ਾ ਨਾਲ ਧਰੋਹ ਕਰ ਰਹੇ ਹਨ।

***


## ਨਿੱਤ ਸ਼ੁਕਰ ਖ਼ੁਦਾ ਦਾ ਕਰਿਆ ਕਰ,

ਨਿੱਤ ਸ਼ੁਕਰ ਖ਼ੁਦਾ ਦਾ ਕਰਿਆ ਕਰ,
ਜੋ ਦਿੱਤਾ ਸੱਚੇ ਸਤਿਗੁਰ ਨੇ, ਤੂੰ ਸਬਰ ਉਸੇ 'ਚ ਕਰਿਆ ਕਰ।
ਨਾ ਮਾੜੀ ਮਾੜੀ ਗੱਲ ਪਿੱਛੇ, ਤੂੰ ਕਿਸੇ ਤੇ ਗੁੱਸਾ ਕਰਿਆ ਕਰ।
ਜੋ ਹੋ ਰਿਹਾ ਤੇਰੀ ਜ਼ਿੰਦਗੀ ਵਿੱਚ, ਤੂੰ ਭਾਣਾ ਮੰਨ ਕੇ ਜਰਿਆ ਕਰ।
ਐਵੇਂ ਮਰੂੰ ਮਰੂੰ ਨਾ ਕਰਿਆ ਕਰ,
ਦਾਤੇ ਦੀਆਂ ਦਿੱਤੀਆਂ ਦਾਤਾਂ ਦਾ, ਤੂੰ ਸ਼ੁਕਰ ਹਮੇਸ਼ਾ ਕਰਿਆ ਕਰ।
ਏਹ ਮਾਨਸ ਦੇਹੀ ਜੋ ਤੂੰ ਪਾਈ, ਨਾਮ ਜਪ ਸਫਲ ਤੂੰ ਕਰਿਆ ਕਰ।
ਮਾੜੀ ਮਾੜੀ ਗੱਲ ਦਾ ਕਰ ਗੁੱਸਾ, ਤੂੰ ਅਸਮਾਨੀ ਨਾ ਚੜ੍ਹਿਆ ਕਰ।
ਛੱਡ ਝਾਤ ਬਾਹਰ ਦੀ ਤੂੰ ਬੰਦਿਆ, ਕਦੀ ਅੰਦਰ ਆਪਣੇ ਵੜ੍ਹਿਆ ਕਰ।
ਤੂੰ ਇੱਕ ਨਾਲ ਯਾਰੀ ਲਾ ਸੱਜਣਾ, ਐਵੇਂ ਹਰ ਥਾਂ ਨਾ ਜਾ ਖੜ੍ਹਿਆ ਕਰ।
ਤੇਰੀ ਸਭ ਖ਼ਲਾਸੀ ਹੋ ਜਾਣੀ, ਪੱਲਾ ਮੁਰਸ਼ਿਦ ਦਾ ਫੜ੍ਹਿਆ ਕਰ।
ਤੂੰ ਗ੍ਰੰਥ ਪੋਥੀਆਂ ਨਿੱਤ ਪੜ੍ਹਦਾ, ਕਦੀ ਮਨ ਆਪਣੇ ਨੂੰ ਪੜ੍ਹਿਆ ਕਰ।
ਸੁੱਖ ਤੂੰ ਵੀ ਸਭ ਕੁੱਝ ਪਾ ਲਵੇਂਗਾ, ਸੀਸ ਚਰਨੀ ਮੁਰਸ਼ਿਦ ਦੇ ਧਰਿਆ ਕਰ।
-ਸੁਖਜਿੰਦਰ ਸਿੰਘ

# ਸਮਾਜਿਕ ਯਥਾਰਥ ਦੀ ਗੰਭੀਰ ਪੇਸ਼ਕਾਰੀ ਕਰਦਾ ਕਹਾਣੀ ਸੰਗ੍ਰਹਿ : ਸੱਬੀ ਦੀਆਂ ਸੱਧਰਾਂ

**ਡਾ. ਚਰਨਜੀਤ ਕੌਰ ਬਰਾੜ**
ਅਸਿਸਟੈਂਟ ਪ੍ਰੋਫੈਸਰ, ਪੰਜਾਬੀ ਵਿਭਾਗ
ਸੰਪਰਕ ਨੰ. 9878447758

**ਸੱਬੀ ਦੀਆਂ ਸੱਧਰਾਂ**
**(ਕਹਾਣੀ ਸੰਗ੍ਰਹਿ)**
ਲੇਖਕ : ਡਾ. ਸੰਦੀਪ ਸਿੰਘ ਮੁੰਡੇ
ਪ੍ਰਕਾਸ਼ਕ : ਸਾਹਿਬਦੀਪ ਪ੍ਰਕਾਸ਼ਕ, ਭੀਖੀ
ਮੁੱਲ 250 ਰੁਪਏ, ਸਫ਼ੇ-127




ਬਦਲ ਰਹੇ ਪੰਜਾਬੀ ਯਥਾਰਥ ਨੂੰ ਉਸਦੀ ਸਮੁੱਚੀ ਪ੍ਰਕਿਰਿਆ ਦੇ ਪ੍ਰਸੰਗ ਵਿੱਚ ਅਭੀ ਵਿਅਕਤ ਕਰਨ ਵਾਲਾ ਸੰਦੀਪ ਸਿੰਘ ਮੁੰਡੇ ਦਾ ਇਹ ਨਿਵੇਕਲਾ ਕਹਾਣੀ ਸੰਗ੍ਰਹਿ ਹੈ। ਜਿਸ ਵਿੱਚ ਮਨੁੱਖੀ ਜੀਵਨ ਦੀਆਂ ਆਰਥਿਕ ਸਮਾਜਿਕ ਸੱਭਿਆਚਾਰਿਕ ਸਮੱਸਿਆਵਾਂ ਨੂੰ ਕੇਂਦਰੀ ਥੀਮ ਦੇ ਰੂਪ ਵਿੱਚ ਵਿਚਾਰਿਆ ਗਿਆ ਹੈ। ਸਾਹਿਤ ਨੇ ਮਾਨਵੀਂ ਯਥਾਰਥ ਨੂੰ ਹੂਬਹੂ ਪੇਸ਼ ਨਹੀਂ ਕਰਨਾ ਹੁੰਦਾ ਸਗੋਂ ਪ੍ਰਾਪਤ ਵਸਤੂ ਯਥਾਰਥ ਦੀਆਂ ਵਿਭਿੰਨ ਪਰਤਾਂ ਵਿੱਚੋਂ ਉਹਨਾਂ ਖਾਮੋਸ਼ੀਆਂ ਨੂੰ ਵੀ ਅਰਥ ਦੇਣੇ ਹੁੰਦੇ ਹਨ। ਜਿਹੜੇ ਮਨੁੱਖੀ ਜੀਵਨ ਅਤੇ ਉਸਦੇ ਆਚਾਰ ਵਿਚਾਰ ਦਾ ਅੰਗ ਬਣ ਚੁੱਕੇ ਹਨ। ਕੋਈ ਵੀ ਲੇਖਕ ਉਸ ਜੀਵਨ ਬਾਰੇ ਹੀ ਵਧੇਰੇ ਡੂੰਘਾਈ ਨਾਲ ਲਿਖ ਸਕਦਾ ਹੈ। ਜਿਸ ਨੂੰ ਉਸਨੇ ਨੇੜਿਓਂ ਦੇਖਿਆ ਹੋਵੇ ਜਾਂ ਜਿਸ ਬਾਰੇ ਉਸਨੂੰ ਨਿੱਜੀ ਅਨੁਭਵ ਹੋਵੇ।

ਸੰਦੀਪ ਸਿੰਘ ਮੁੰਡੇ ਦਾ ਕਹਾਣੀ ਸੰਗ੍ਰਹਿ 'ਸੱਬੀ ਦੀਆਂ ਸੱਧਰਾਂ' ਵਿੱਚ ਸ਼ਾਮਿਲ ਸਾਰੀਆਂ ਕਹਾਣੀਆਂ ਹਰ ਪਾਠਕ ਨੂੰ ਉਸਦੀਆਂ ਆਪਣੀਆਂ ਜਾਂ ਆਪਣੇ ਆਲੇ ਦੁਆਲੇ ਵਾਪਰੀਆਂ ਜਾਂ ਵਾਪਰ ਰਹੀਆਂ ਮਹਿਸੂਸ ਹੁੰਦੀਆਂ ਹਨ। ਇਨ੍ਹਾਂ ਕਹਾਣੀਆਂ ਵਿੱਚ ਨਿਮਨ ਤੇ ਮੱਧ ਵਰਗੀ ਲੋਕਾਂ ਦੀਆਂ ਤੰਗੀਆਂ- ਤੁਰਸੀਆਂ ਅਤੇ ਟੁੱਟ ਰਹੇ ਆਦਮੀ ਦੀ ਜ਼ਿੰਦਗੀ ਦੀ ਟੁੱਟ-ਭੱਜ ਤੇ ਖੰਡਿਤ ਮਾਨਸਿਕਤਾ ਨੂੰ ਬਹੁਤ ਹੀ ਬਰੀਕੀ ਤੇ ਸਪਸ਼ਟਤਾ ਨਾਲ ਕਲਾਤਮਕ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਬੇਲੋੜੇ ਅਲੰਕਾਰਾਂ ਤੇ ਭਾਸ਼ਾਈ ਸ਼ਬਦ ਜਾਲ ਤੋਂ ਬਗੈਰ ਹੀ ਪਾਠਕ ਰੁਚੀ ਨੂੰ ਲਗਾਤਾਰ ਕਾਇਮ ਰੱਖਣ ਇਹਨਾਂ ਕਹਾਣੀਆਂ ਦੀ ਵਿਸ਼ੇਸ਼ ਖਾਸੀਅਤ ਹੈ।

ਇਸ ਸੰਗ੍ਰਹਿ ਦੀ ਪਹਿਲੀ ਕਹਾਣੀ 'ਸੱਬੀ ਦੀਆਂ ਸੱਧਰਾਂ' ਇੱਕ ਅਜਿਹੇ ਪੇਂਡੂ ਸਮਾਜ ਵਿੱਚ ਰਿਸ਼ਤਿਆਂ ਦੀ ਬੁਣਤੀ ਅਤੇ ਈਰਖਾ ਦੇ ਜ਼ਹਿਰ ਨੂੰ ਉਜਾਗਰ ਕਰਦੀ ਹੈ ਕਿ ਉਹਨਾਂ ਦੀ ਸਾਹਿਤਿਕ ਸੂਝ -ਬੂਝ ਅਤੇ ਬਿਰਤਾਂਤ ਸਿਰਜਣ ਦੇ ਹੁਨਰ ਨੇ ਮੈਨੂੰ ਹੈਰਾਨ ਕਰ ਦਿੱਤਾ ਹੈ। ਸਾਡੇ ਪੰਜਾਬੀ ਸਮਾਜ ਵਿੱਚ ਪਰਿਵਾਰਿਕ ਰਿਸ਼ਤੇ ਸਰੀਕੇ, ਆਂਢ-ਗਵਾਂਢ ਈਰਖਾ, ਸਾੜਾ ਚੁਗਲੀਆਂ, ਭਾਨੀਆਂ,ਦੂਜਿਆਂ ਦੀ ਖੁਸ਼ੀ ਨੂੰ ਸਹਿਣ ਨਾ ਕਰਨਾ, ਰੰਗੀ ਵਸਦੇ ਘਰਾਂ ਵਿੱਚ ਕਲੇਸ਼ ਪੈਦਾ ਕਰਨਾ ਇਹ ਸਾਰੇ ਵਰਤਾਰਿਆਂ ਨੂੰ ਲੇਖਕ ਨੇ ਬਹੁਤ ਸੂਝ ਨਾਲ ਅਤੇ ਸਹਿਜ ਢੰਗ ਨਾਲ ਇਸ ਕਹਾਣੀ ਸੰਗ੍ਰਹਿ ਸੱਬੀ ਦੇ ਸੱਧਰਾਂ ਵਿੱਚ ਪੇਸ਼ ਕੀਤਾ ਹੈ। ਇਸ ਕਹਾਣੀ ਵਿਚਲੀ ਨਾਇਕਾ ਸੱਬੀ ਦੇ ਚਾਅ/ਸੁਪਨੇ ਕੋਈ ਬਾਹਰੀ ਸ਼ਕਤੀ ਖੰਡਨ ਨਹੀਂ ਕਰਦੀ ਸਗੋਂ ਉਸਦੀ ਰਿਸ਼ਤੇ ਵਿੱਚ ਲੱਗਦੀ

ਮਾਸੀ ਬਲਬੀਰੋ ਹੀ ਕਰਦੀ ਹੈ ਕਿਉਂਕਿ ਬਲਬੀਰੋ ਮਾਸੀ ਨਹੀਂ ਚਾਹੁੰਦੀ ਕਿ ਸੱਬੀ ਦਾ ਵਿਆਹ ਉਸਦੀ ਧੀ ਰਜਨੀ ਦੇ ਮੁਕਾਬਲੇ ਕਿਸੇ ਚੰਗੇ ਪੜੇ ਲਿਖੇ ਨੌਕਰੀ ਪੇਸ਼ਾ ਇਨਸਾਨ ਨਾਲ ਹੋਵੇ। ਉਸ ਨੂੰ ਲੱਗਦਾ ਹੈ ਕਿ ਜੇਕਰ ਸੱਬੀ ਦਾ ਵਿਆਹ ਦੀਪ ਨਾਲ ਹੋ ਗਿਆ ਤਾਂ ਸਾਰੀ ਉਮਰ ਉਸਨੂੰ ਆਪਣੀ ਧੀ ਰਜਨੀ ਦੇ ਮੁਕਾਬਲੇ ਸੱਬੀ ਦੀ ਕਾਮਯਾਬ ਵੀ ਦੇਖਣੀ ਪਵੇਗੀ। ਕਹਾਣੀ ਦਾ ਇੱਕ ਹੋਰ ਪਾਤਰ ਕਰਮ ਸਿੰਘ ਜੋ ਲਾਲਚ ਸੁਭਾਅ ਦਾ ਹੈ ਜੋ ਸੱਬੀ ਦਾ ਵਿਚੋਲੇ ਹੈ। ਬਲਬੀਰੋ ਉਸ ਨੂੰ ਪੈਸੇ ਦਾ ਲਾਲਚ ਦੇ ਕੇ ਰਿਸ਼ਤਾ ਤੁੜਵਾ ਦਿੰਦੀ ਹੈ। ਇਹ ਕਹਾਣੀ ਪੜ੍ਹ ਕੇ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਸਮਕਾਲੀ ਯਥਾਰਥ ਨੂੰ ਨਿਧਾਰਤ ਕਰਨ ਵਾਲੀਆਂ ਵਿਸ਼ਵੀਕਰਨ ਦੀਆਂ ਸੱਭਿਆਚਾਰਿਕ ਅਕਰਮਣਕਾਰੀ ਵਰਗੀਆਂ ਰੁਚੀਆਂ ਨੇ ਖਪਤ ਸੱਭਿਆਚਾਰ ਨੂੰ ਪੈਦਾ ਕੀਤਾ ਹੈ। ਹੁਣ ਹਰ ਬੰਦਾ ਨਿੱਜੀ ਅਤੇ ਸਵਾਰਥੀ ਸਰੋਕਾਰਾਂ ਵਿੱਚ ਗਲਤਾਨ ਹੈ। ਜਿਵੇਂ ਕਹਾਣੀ ਦੇ ਪਾਤਰ ਬਲਵੀਰ ਤੇ ਕਰਮ ਸਿੰਘ ਹਨ। ਮੀਡੀਆ ਦੁਆਰਾ ਪਾਏ ਜਾਣ ਵਾਲੇ ਪ੍ਰਭਾਵ ਕਾਰਨ ਸਾਡੀਆਂ ਨਰੋਈਆਂ ਕਦਰਾਂ ਕੀਮਤਾਂ,ਜੀਵਨ ਮੁੱਲ ਅਤੇ ਮਾਨਵਤਾਵਾਂ ਬਦਲ ਗਈਆਂ ਹਨ। ਇਸ ਦੀ ਥਾਂ ਨਵੀਂ ਕਿਸਮ ਦੇ ਖਪਤਵਾਦੀ ਅਤੇ ਮੁਨਾਫ਼ਾਕਾਰੀ ਰੁਚੀਆਂ ਜ-ਕਰੁਚੀਆਂ ਨਾਲ ਲੈਸ ਰਿਸ਼ਤੇ ਉਭਰ ਰਹੇ ਹਨ।

ਦੂਜੀ ਕਹਾਣੀ 'ਇਨਸਾਨ ਦੀ ਭੁੱਖ' ਅਜੋਕੇ ਪਦਾਰਥਵਾਦੀ ਯੁੱਗ 'ਤੇ ਕਰਾਰੀ ਚੋਟ ਹੈ। ਪੂੰਜੀਵਾਦੀ ਵਸਤਪਾਲਕ ਸੱਭਿਆਚਾਰ ਵਿੱਚ ਤਿੜਕ ਰਹੇ ਖ਼ਤਮ ਹੋ ਰਹੇ ਮਾਨਵੀਂ ਰਿਸ਼ਤੇ, ਪੈਸੇ ਦੀ ਸਰਦਾਰੀ, ਸ਼ਹਿਰੀ ਕਰਨ ਦੀ ਪ੍ਰਕਿਰਿਆ ਵਰਤਾਰੇ ਦੀ ਪ੍ਰਧਾਨਗੀ ਆਦਿ ਸਮਾਜਿਕ ਸਰੋਕਾਰਾਂ ਨੂੰ ਗਲਪੀ ਪ੍ਰਕਿਰਿਆ ਵਿੱਚ ਪਾ ਕੇ ਇਨਸਾਨੀਅਤ ਦੇ ਸ੍ਰੇਸ਼ਟ ਰਿਸ਼ਤੇ ਨੂੰ ਸਥਾਪਿਤ ਕਰਨ ਦੀ ਗੱਲ ਆਪਣੀਆਂ ਕਹਾਣੀਆਂ ਵਿੱਚ ਵਾਰ ਵਾਰ ਕੀਤੀ ਗਈ ਹੈ।'

ਬੇਈਮਾਨੀ ਦਾ ਫਲ 'ਕਹਾਣੀ ਦਾ ਮੁੱਖ ਪਾਤਰ ਅਰਵਿੰਦ ਸਿੰਘ ਜੋ ਸਕੂਲ ਵਿੱਚ ਪ੍ਰਿੰਸੀਪਲ ਦੇ ਅਹੁਦੇ ਉੱਤੇ ਨਿਯੁਕਤ ਹੈ ਬਹੁਤ ਹੀ ਲਾਲਚੀ ਅਤੇ ਬੇਈਮਾਨੀ ਕਿਸਮ ਦਾ ਇਨਸਾਨ ਹੈ। ਪੈਸੇ ਦੇ ਲਾਲਚ ਨੇ ਉਸਨੂੰ ਇਨਾ ਅੰਨਾ ਕਰ ਦਿੱਤਾ ਕਿ ਉਸਨੇ ਆਪਣੇ ਸਕੇ ਭਰਾ ਦੀ ਜਮੀਨ ਵੀ ਧੋਖੇ ਨਾਲ ਆਪਣੇ ਨਾਂ ਕਰਵਾ ਲਈ। ਪ੍ਰੰਤੂ ਇਹ ਹਰਾਮ ਦੀ ਕਮਾਈ ਨਾਲ ਇਕੱਠਾ ਕੀਤਾ ਪੈਸਾ ਕਦੇ ਸੁੱਖ ਨਹੀਂ ਦਿੰਦਾ। ਅਰਵਿੰਦ ਦਾ ਬੇਟਾ ਅਰਜਨ ਨਸ਼ੇ ਦੇ ਵਪਾਰ ਵਿੱਚ ਪੈਣ ਕਾਰਨ ਉਹ ਵੀ ਇਸ ਨਸ਼ੇ ਦੀ ਦਲਦਲ ਵਿੱਚ ਫਸ ਜਾਂਦਾ ਹੈ।

ਉਸਦੀ ਮੌਤ ਹੋ ਜਾਂਦੀ ਹੈ ਅਰਵਿੰਦ ਦੀ ਪਤਨੀ ਵੀ ਆਪਣੇ ਪੁੱਤ ਦੇ ਵਿਯੋਗ ਵਿੱਚ ਚਲ ਵੱਸਦੀ ਹੈ ਅਰਵਿੰਦ ਹੁਣ ਕੱਲਾ ਰਹਿ ਜਾਂਦਾ ਹੈ। ਉਸ ਦੇ ਇਹ ਬੋਲ ਅਵਚੇਤਨ ਨੂੰ ਦਰਸਾਉਂਦੇ ਹਨ।

"ਮੇਰੇ ਵੀਰਾ....!!! ਮੈਂ ਬਹੁਤ ਵੱਡੀ ਗਲਤੀ ਕਰ ਬੈਠਿਆ ! ਮੈਂ ਤੈਨੂੰ ਧੋਖਾ ਦਿੱਤਾ !ਤੇਰੀ ਜ਼ਮੀਨ ਲੁੱਟੀ, ਤੇਰਾ ਭਰੋਸਾ ਤੋੜਿਆ। ਮੇਰਾ ਗਲਾ ਰੁੱਧਿਆ ਹੋਇਆ ਏ, ਪਰ ਤੈਨੂੰ ਦੱਸਣਾ ਚਾਹੁੰਦਾ ਹਾਂ -ਮੈਂ ਇਹ ਸਭ..... ਇਹ ਸਭ ਸਿਰਫ਼ ਆਪਣੇ ਪੁੱਤਰ ਅਰਜਨ ਲਈ ਕੀਤਾ ਸੀ। ਸੋਚਿਆ ਸੀ ਇਸਨੂੰ ਅਮੀਰ ਬਣਾ ਦਿਆਂ ਤਾਂ ਕਿ ਸੁਖੀ ਜੀਵਨ ਜੀਅ ਸਕੇ। ਪਰ ਵੇਖ.. ਵੇਖ... ਇਸ ਦੀ ਹਾਲਤ !!! ਇਹ ਮੇਰੀ ਬੇਈਮਾਨੀ ਦਾ ਨਤੀਜਾ ਹੈ। ਮੇਰੇ ਬੇਈਮਾਨੀ ਨਾਲ ਕਮਾਏ ਪੈਸੇ 'ਤੇ ਸਰਾਪ ਲੱਗ ਗਿਆ। ਮੈਨੂੰ ਮਾਫ਼ ਕਰ ਦੇ ਵੀਰਾ..... ਕਿਰਪਾ ਕਰਕੇ,ਮੈਨੂੰ ਮਾਫ਼ ਕਰ ਦੇ. . !!!"

ਲੇਖਕ ਨੇ ਇਸ ਕਹਾਣੀ ਵਿੱਚ ਖਪਤਕਾਰੀ ਸਮਾਜਿਕ ਆਰਥਿਕ ਢਾਂਚੇ ਵਿੱਚ ਪੈਸਾ ਕਮਾਉਣ ਦੀ ਅੰਨੀ ਦੌੜ ਕਾਰਨ ਮਸ਼ੀਨ ਬਣਦੇ ਜਾ ਰਹੇ ਮਨੁੱਖ ਦੇ ਵਿਹਾਰਕ ਦ੍ਰਿਸ਼ਟੀਕੋਣ ਨੂੰ ਪੇਸ਼ ਕੀਤਾ ਹੈ।

ਇਸ ਸੰਗ੍ਰਹਿ ਦੀਆਂ ਅਗਲੀ ਕਹਾਣੀ ਫੌਜੀ ਵੀਰਾਂ ਦੀ ਦਰਿਆਦਿਲੀ ਰੇਲ ਸਫਰ ਦੇ ਇੱਕ ਸਧਾਰਨ ਪਰ ਪ੍ਰਭਾਵਸ਼ਾਲੀ ਵਾਕੇ ਰਾਹੀਂ ਦੇਸ਼ ਦੇ ਰੱਖਿਆਂ ਦੇ ਉੱਚੇ ਕਿਰਦਾਰ, ਤਿਆਗ ਤੇ ਮਨੁੱਖੀ ਸੰਵੇਦਨਾ ਨੂੰ ਸਿਜਦਾ ਕਰਦੀ ਹੈ। ਇਸ ਸੰਗ੍ਰਹਿ ਦੀਆਂ ਹੋਰ ਕਹਾਣੀਆਂ 'ਖੁਸ਼ੀ ਦਾ ਨਵਾਂ ਰਾਹ' ਅਤੇ 'ਆਨਲਾਈਨ ਦੁਨੀਆਂ ਦਾ ਭੁਲੇਖਾ' ਸਾਡੇ ਕਰੂਰ ਯਥਾਰਥ ਵਾਲੇ ਸਮਾਜ ਪ੍ਰਬੰਧ ਦੀਆਂ ਉਹ ਕਹਾਣੀਆਂ ਹਨ। ਜਿਨਾਂ ਨੂੰ ਅਸੀਂ ਆਪਣੇ ਜੀਵਨ ਵਿੱਚ ਰੋਜ਼ ਭੋਗਦੇ ਹਾਂ। ਵਿਸ਼ਵੀਕਰਨ ਦੇ ਵਰਤਾਰੇ ਨੇ ਉਦਾਰੀ ਕਰਨ, ਨਿੱਜੀਕਰਨ ਅਤੇ ਵਪਾਰੀ ਕਰਨ ਲਈ ਰਾਹ ਪੱਧਰਾ ਕਰ ਦਿੱਤਾ। ਮਨੁੱਖੀ ਵਿਹਾਰ ਨੂੰ ਉਪਭੋਗਤਾਵਾਦ ਤੈਅ ਕਰਨ ਲੱਗ ਪਿਆ। ਇਹ ਵਰਤਾਰਾ ਜੀਵਨ ਦੇ ਹਰ ਖੇਤਰ ਵਿੱਚ ਪ੍ਰਵੇਸ਼ ਕਰ ਗਿਆ। ਇਸ ਵਰਤਾਰੇ ਨੇ ਜੀਵਨ ਦੀ ਸਹਿਜ ਗਤੀ ਨੂੰ ਭੰਗ ਕਰਨਾ ਸ਼ੁਰੂ ਕਰ ਦਿੱਤਾ। ਇਸ ਲਈ ਰਿਸ਼ਤਾ ਨਾਤਾ ਪ੍ਰਬੰਧ ਵਿੱਚ ਸਰਲਤਾ, ਬਾਜ਼ਾਰ ਅਤੇ ਮਸਨੂਹਿਆਂ ਦਾ ਪ੍ਰਵੇਸ਼ ਕਰ ਗਈ ਜੀਵਨ ਮੁੱਲਾਂ ਦੇ ਪਰੰਪਰਾਗਤ ਬਿੰਬਾਂ ਦੀ ਥਾਂ ਨਵੇਂ ਰਿਸ਼ਤੇ ਵਿਖਾਵੇ ਵਿੱਚ ਪਰਿਵਰਤਿਤ ਹੋ ਗਏ। ਪੰਜਾਬੀ ਸਮਾਜ ਵਿੱਚ ਆਰਥਿਕ ਪਾੜਾ ਵੱਧ ਗਿਆ। ਰਿਸ਼ਤਿਆਂ ਵਿੱਚੋਂ ਨਿੱਘ ਮੁੱਕ ਗਈ।

ਇਸ ਸੰਗ੍ਰਹਿ ਦੀ ਅਖੀਰਲੀ ਕਹਾਣੀ 'ਆਨਲਾਈਨ ਦੁਨੀਆ ਦਾ ਭੁਲੇਖਾ' ਦੀ ਮੁੱਖ ਪਾਤਰ ਰੁਪਿੰਦਰ ਅਤੇ ਕੰਡਕਟਰ ਸੰਤੋਖ ਸਿੰਘ ਦੇ ਪਾਤਰਾਂ ਰਾਹੀਂ ਉਸਨੇ ਉੱਚੇ ਅਤੇ ਸੁੱਚੇ ਆਦਰਸ਼ਾਂ ਨੂੰ ਪਰਨਾਏ ਲੋਕਾਂ ਦਾ ਜਿਕਰ ਕੀਤਾ ਹੀ ਹੈ ਨਾਲ ਹੀ ਉਹਨਾਂ ਨੇ

ਕਮਲ ਵਰਗੇ ਕਾਂਗਿਆਰੀਆਂ ਦੇ ਕਿਰਦਾਰ ਨੂੰ ਵੀ ਨੰਗਾ ਕੀਤਾ, ਜਿਹੜੇ ਸਮਾਜ ਨੂੰ ਸਿਉਂਕ ਵਾਂਗ ਲੱਗੇ ਹੋਏ ਹਨ।

ਸੰਦੀਪ ਸਿੰਘ ਮੁੰਡੇ ਦੀਆਂ ਕਹਾਣੀਆਂ ਸਮਕਾਲ ਦੇ ਕਰੂਰ ਯਥਾਰਥ ਨਾਲ ਖਹਿ ਕੇ ਢੁਕਵੀਂ ਸ਼ਬਦਾਵਲੀ ਨੂੰ ਅਪਣਾਉਂਦੀਆਂ ਹਨ। ਲਗਭਗ ਸਾਰੀਆਂ ਕਹਾਣੀਆਂ ਦੀ ਬਣਤਰ ਅਤੇ ਬੁਣਤਰ ਵਿੱਚ ਵਿਸ਼ਵੀਕਰਨ ਕਾਰਨ ਮਨੁੱਖੀ ਰਿਸ਼ਤਿਆਂ ਵਿੱਚ ਨਿਤ-ਦਿਨ ਹੁੰਦੀ ਤਬਦੀਲੀ ਭੱਜ-ਟੁੱਟ ਮਾਨਸਿਕ ਖਿੱਚੋਤਾਨਾਂ ਦੀ ਪ੍ਰਗਟਾ ਸ਼ੈਲੀ ਅਜੋਕੀ ਪੰਜਾਬੀ ਕਹਾਣੀ ਵਿੱਚ ਸੱਜਰਾਪਣ ਤੇ ਤਰਕ ਦ੍ਰਿਸ਼ਟੀ ਨੂੰ ਖ਼ੂਬਸੂਰਤ ਜੁੜਤ ਨਾਲ ਸਮਾਉਣਾ ਸੰਦੀਪ ਸਿੰਘ ਮੁੰਡੇ ਦੀ ਪ੍ਰਾਪਤੀ ਹੈ।

ਬੇਸ਼ੱਕ ਅਕਾਰ ਪੱਖੋਂ ਛੋਟੀ ਕਹਾਣੀਆਂ ਹਨ ਪਰ ਛੋਟੀਆਂ ਕਹਾਣੀਆਂ ਵਿੱਚੋਂ ਡੂੰਘੀਆਂ ਗੱਲਾਂ ਕਰ ਜਾਂਦਾ ਹੈ? ਨਿੱਕੇ ਨਿੱਕੇ ਵਾਕਾਂ ਵਿੱਚ ਉਹਦੀ ਰਚਨਾ ਕਥਾ ਬਿੰਬ ਨੂੰ ਆਪਣੇ ਆਪ ਉਸਾਰਦੀ ਤੁਰੀ ਜਾਂਦੀ ਹੈ।ਕਦੇ ਕਦੇ ਲੱਗਦਾ ਹੈ ਕੁਝ ਅਣਕਿਆ ਰਹਿ ਗਿਆ ਹੈ ਪਰ ਸਾਰੀ ਰਚਨਾ ਪੜ੍ਹਨ ਉਪਰੰਤ ਨਾ ਆਖੀ ਗੱਲ ਵੀ ਸਾਫ਼ ਹੋ ਜਾਂਦੀ ਹੈ।

ਸੰਦੀਪ ਸਿੰਘ ਮੁੰਡੇ ਇੱਕ ਪ੍ਰਤਿਭਾਸ਼ਾਲੀ ਕਹਾਣੀਕਾਰ ਬਣਦਾ ਜਾ ਰਿਹਾ ਹੈ। ਜਿਸ ਨੇ ਥੋੜ੍ਹੇ ਜਿਹੇ ਸਮੇਂ ਵਿੱਚ ਪਾਠਕਾਂ ਲੇਖਕਾਂ ਅਤੇ ਆਲੋਚਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ।

ਹਾਲੇ ਸ਼ੁਰੂਆਤ ਹੈ,ਆਸ਼ ਹੈ ਭਵਿੱਖ ਵਿੱਚ ਉਹ ਆਪਣਾ ਵਿਸ਼ੇਸ਼ ਨਾਮ ਪੈਦਾ ਕਰ ਜਾਵੇਗਾ।

# ਦੋਨਾ ਪੱਤਰਕਾਰ ਮੰਚ ਕਾਲਾ ਸੰਘਿਆਂ ਨੇ 31ਵਾਂ ਸਥਾਪਨਾ ਦਿਵਸ ਮਨਾਇਆ

*ਮੰਚ ਨੇ ਲੰਮੇ ਸਮੇਂ ਤੋਂ ਪੱਤਰਕਾਰੀ ਦੇ ਖੇਤਰ ਵਿੱਚ ਵਿਲੱਖਣ ਕਾਰਜਾਂ ਦੇ ਨਾਲ ਸਾਹਿਤਕ ਅਤੇ ਸੱਭਿਆਚਾਰਕ ਗਤੀਵਿਧੀਆਂ 'ਚ ਹਿੱਸਾ ਪਾਇਆ

ਕਾਲਾ ਸੰਘਿਆਂ, 16 ਮਾਰਚ (ਪੱਤਰ ਪ੍ਰੇਰਕ) - ਦੋਨੇ ਇਲਾਕੇ ਦੇ ਪੱਤਰਕਾਰਾਂ ਦੀ ਉੱਘੀ ਸੰਸਥਾ ਦੋਨਾ ਪੱਤਰਕਾਰ ਮੰਚ ਕਾਲਾ ਸੰਘਿਆਂ ਦਾ 31ਵਾਂ ਸਥਾਪਨਾ ਦਿਵਸ ਫਰਜ਼ ਸੇਵਾ ਸੁਸਾਇਟੀ ਕੰਪਲੈਕਸ ਮੁੱਖ ਦਫਤਰ ਦੋਨਾ ਪੱਤਰਕਾਰ ਮੰਚ ਵਿਖੇ ਬਹੁਤ ਉਤਸ਼ਾਹ ਨਾਲ ਮਨਾਇਆ ਗਿਆ।ਮੰਚ ਦੇ ਪ੍ਰਧਾਨ ਬਲਜੀਤ ਸਿੰਘ ਸੰਘਾ ਨੇ ਸਭ ਨੂੰ ਜੀ ਆਇਆਂ ਨੂੰ ਕਿਹਾ ਅਤੇ ਮੰਚ ਦੀਆਂ ਗਤੀਵਿਧੀਆਂ ਬਾਰੇ ਵਿਚਾਰਾਂ ਸਾਂਝੀਆਂ ਕੀਤੀਆਂ।ਮੰਚ ਦੇ ਸਰਪ੍ਰਸਤ ਅਤੇ ਸੰਸਥਾਪਕ ਪ੍ਰਧਾਨ ਅਮਰਜੀਤ ਸਿੰਘ ਨਿੱਝਰ ਨੇ ਮੰਚ ਦੀ ਸ਼ੁਰੂਆਤ ਅਤੇ 25 ਸਾਲਾਂ ਦੇ ਸਫਰ ਬਾਰੇ ਵਿਸਥਾਰ ਪੂਰਵਕ ਗੱਲਬਾਤ ਸਾਂਝੀ ਕੀਤੀ।ਲੋਕ ਰੰਗ ਖਬਰਨਾਮਾ ਦੇ ਸਰਪ੍ਰਸਤ ਕੁਲਦੀਪ ਸਿੰਘ ਸੰਘਾ ਨੇ ਮੰਚ ਦੇ ਉਸਾਰੂ ਯਤਨਾਂ ਲਈ ਵਧਾਈ ਦਿੱਤੀ।ਵਿਸ਼ਵ ਪ੍ਰਸਿੱਧ ਪੰਜਾਬੀ ਸ਼ਾਇਰ ਕੰਵਰ ਇਕਬਾਲ ਸਿੰਘ ਜ਼ਿਲ੍ਹਾ ਚੇਅਰਮੈਨ ਐਕਸਾਈਜ਼ ਐਂਡ ਟੈਕਸੇਸ਼ਨ (ਆਬਕਾਰੀ ਅਤੇ ਕਰ ਵਿਭਾਗ ਕਪੂਰਥਲਾ) ਜੋ ਕਿ ਪੂਰੇ ਪੰਜਾਬ ਦੀਆਂ ਟੈਕਨੀਕਲ ਯੂਨੀਵਰਸਿਟੀਆਂ, ਕਾਲਜ, ਸਕੂਲ, ਸਾਇੰਸ ਸਿਟੀ ਅਤੇ ਪੀਟੀਯੂ ਵਰਗੇ ਅਦਾਰਿਆਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਵਾਲੇ ÷ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ ਵਿਭਾਗ ਪੰਜਾਬ÷ ਦੀ ਗਵਰਨਿੰਗ ਬਾਡੀ ਦੇ ਮੈਂਬਰ ਵੀ ਨੇ। ਦੋਨਾ ਪੱਤਰਕਾਰ ਮੰਚ ਵੱਲੋਂ ਕਰਵਾਏ ਗਏ ਭਾਵਪੂਰਤ ਸਮਾਗਮ ਦੌਰਾਨ ਕੰਵਰ ਇਕਬਾਲ ਸਿੰਘ ਨੇ ਇੱਕ ਸਭਿਆਚਾਰਕ ਗੀਤ ਪੇਸ਼ ਕਰਕੇ ਆਪਣੀ ਹਾਜ਼ਰੀ ਲਵਾਈ ਅਤੇ ਧੰਨਵਾਦ ਵਜੋਂ ਦੋ ਸ਼ਬਦ ਬੋਲਦਿਆਂ ਉਹਨਾਂ ਕਿਹਾ ਕਿ ਜਿੱਥੇ ਦੋਨਾ ਪੱਤਰਕਾਰ ਮੰਚ ਨੇ ਲੰਮੇ ਸਮੇਂ ਤੋਂ ਪੱਤਰਕਾਰੀ ਦੇ ਖੇਤਰ ਵਿੱਚ ਵਿਲੱਖਣ ਕਾਰਜ ਕੀਤੇ ਹਨ ਉਥੇ ਹੀ ਇਲਾਕੇ ਦੀਆਂ ਸਾਹਿਤਕ ਅਤੇ ਸੱਭਿਆਚਾਰਕ ਗਤੀਵਿਧੀਆਂ ਨੂੰ ਵੀ ਸੁਚਾਰੂ ਢੰਗ ਨਾਲ ਚਲਾ ਕੇ ਚੰਗਾ ਨਾਮਣਾ ਖੱਟਿਆ ਹੈ।

ਇਸ ਮੌਕੇ ਤੇ ਮੰਚ ਵੱਲੋਂ ਬੂਟੇ ਲਗਾਏ ਜਾਣ ਦੀ ਸ਼ੁਰੂਆਤ ਫਰਜ਼ ਸੇਵਾ ਸੁਸਾਇਟੀ ਕੰਪਲੈਕਸ ਵਿਖੇ ਜਗਤਾਰ ਪਰਵਾਨਾ ਯਾਦਗਾਰੀ ਮੰਚ ਦੇ ਪ੍ਰਧਾਨ ਫਤਿਹ ਸਿੰਘ ਸੋਹਲ, ਵਾਤਾਵਰਣ ਪ੍ਰੇਮੀ ਅਮਰੀਕ ਸਿੰਘ ਮੰਗੀ ਲੰਬੜ, ਰਜਿੰਦਰ ਤੂਰ, ਜਗਵੀਰ ਸਿੰਘ ਨਿੱਝਰ ਅਤੇ ਹੋਰ ਆਏ ਮਹਿਮਾਨਾਂ ਵੱਲੋਂ ਸਾਂਝੇ ਤੌਰ ਤੇ ਕੀਤੀ ਗਈ। ਡਾ. ਸੁਖਵਿੰਦਰ ਸਿੰਘ ਸਿੱਧੂ ਵੱਲੋਂ ਧੰਨਵਾਦ ਕੀਤਾ ਗਿਆ। ਇਸ ਮੌਕੇ ਤੇ ਹਾਜਰਾਂ ਵਿੱਚ ਸਾਹਿਤਕ ਗਾਇਕ ਨਰਿੰਦਰ ਸਿੰਘ ਫੁੱਲ, ਸਤਨਾਮ ਸਿੰਘ ਨਿੱਝਰ, ਸਰਵਣ ਸਿੰਘ ਸੰਘਾ, ਜੱਸ ਅਠੋਲੇ ਵਾਲਾ, ਗੁਰਦਾਵਰ ਸਿੰਘ ਬੱਸਣ, ਸਿਰਜਣਾ ਕੇਂਦਰ ਕਪੂਰਥਲਾ ਤੋਂ ਤੇਜਬੀਰ ਸਿੰਘ, ਆਸ਼ੂ ਕੁਮਰ, ਜਗਦੇਵ ਥਾਪਰ, ਕਪਲ ਕੁਮਾਰ, ਸੋਨੂ ਦਬੁਰਜੀ, ਸਰਬਜੀਤ ਸਿੰਘ ਸੰਧੂ, ਕੁੰਦਨ ਸਿੰਘ ਬਗੋਤਾ ਆਦਿ ਹਾਜਰ ਸਨ।

# ਸ਼ਾਇਰਾਂ ਦੀ ਦੁਨੀਆਂ ਵਲੋਂ ਇੱਕ ਮੁੱਠੀ ਬੀਜ ਪੁਸਤਕ ਲੋਕ ਅਰਪਣ




**ਜਲੰਧਰ**-ਸ਼ਾਇਰਾਂ ਦੀ ਦੁਨੀਆਂ ਵਲੋਂ ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ ਦੇ ਸਹਿਯੋਗ ਨਾਲ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਇੱਕ ਸ਼ਾਨਦਾਰ ਪ੍ਰੋਗਰਾਮ ਦਾ ਆਯੋਜਨ ਕਰਕੇ ਸਵਿੰਦਰ ਸੰਧੂ ਦੇ ਕਾਵਿ ਸੰਗ੍ਰਹਿ ਕਿਰਨ ਪਾਤ ਅਤੇ ਸਮੇਂ ਦੀ ਕੈਨਵਸ 'ਤੇ ਅਧਾਰਿਤ ਜਗਦੀਸ਼ ਰਾਣਾ ਦੁਆਰਾ ਸੰਪਾਦਿਤ ਪੁਸਤਕ ਇੱਕ ਮੁੱਠੀ ਬੀਜ ਲੋਕ ਅਰਪਣ ਕੀਤੀ ਗਈ ਜਿਸਦੇ ਪ੍ਰਧਾਨਗੀ ਮੰਡਲ ਵਿੱਚ ਡਾ. ਸੋਮਾ ਸਬਲੋਕ, ਜਗਦੀਸ਼ ਰਾਣਾ, ਸਵਿੰਦਰ ਸੰਧੂ, ਬਲਬੀਰ ਕੌਰ ਰਾਏਕੋਟੀ ਅਤੇ ਜੋਗਿੰਦਰ ਸਿੰਘ ਸੰਧੂ ਵਿਰਾਜਮਾਨ ਰਹੇ।

ਚਰਨਜੀਤ ਸਮਾਲਸਰ ਦੁਆਰਾ ਲਿਖਿਆ ਕਿਤਾਬ ਬਾਰੇ ਜਾਣਕਾਰੀ ਭਰਪੂਰ ਪਰਚਾ ਨਾਵਲਕਾਰ ਗੁਰਨਾਮ ਬਾਵਾ ਨੇ ਪੜ੍ਹਿਆ। ਡਾ.ਸੋਮਾ ਸਬਲੋਕ ਨੇ ਪਰਚਾ ਪੜ੍ਹਦਿਆਂ ਕਿਤਾਬ ਦੇ ਮੂਲ ਲੇਖਕ ਸਵਿੰਦਰ ਸੰਧੂ ਅਤੇ ਸੰਪਾਦਕ ਜਗਦੀਸ਼ ਰਾਣਾ ਨੂੰ ਵਧਾਈ ਦਿੰਦਿਆਂ ਕਿਹਾ ਕਿ ਦੋਵੇਂ ਸਾਹਿਤਕਾਰ ਲੋਕ ਪੱਖੀ ਹੋਣ ਕਰਕੇ ਇੱਕ ਮੁੱਠੀ ਬੀਜ ਪੁਸਤਕ ਵਿੱਚ ਵੀ ਜ਼ਿਆਦਾਤਰ ਰਚਨਾਵਾਂ ਲੋਕ ਸਰੋਕਾਰਾਂ ਨਾਲ? ਸਬੰਧਿਤ ਹੀ ਲਈਆਂ ਗਈਆਂ ਹਨ ਤੇ ਇਸ ਦਾ ਸੁਆਗਤ ਕਰਨਾ ਬਣਦਾ ਹੈ।

ਜੋਗਿੰਦਰ ਸੰਧੂ ਅਤੇ ਬਲਬੀਰ ਕੌਰ ਰਾਏਕੋਟੀ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਸਵਿੰਦਰ ਸੰਧੂ ਕੋਲ ਉਮਰ ਭਰ ਦਾ ਤਜਰਬਾ ਹੈ ਜਿਹੜਾ ਉਸ ਦੀਆਂ ਕਵਿਤਾਵਾਂ ਵਿੱਚ ਵੀ ਨਜ਼ਰ ਆਉਂਦਾ ਹੈ ਤੇ ਜਗਦੀਸ਼ ਰਾਣਾ ਦੁਆਰਾ ਸੰਪਾਦਿਤ ਇਸ ਪੁਸਤਕ ਦਾ ਵੱਡੇ ਕਵੀਆਂ ਨੂੰ ਨੋਟਿਸ ਲੈਣਾ ਚਾਹੀਦਾ ਹੈ। ਸਵਿੰਦਰ ਸੰਧੂ ਨੇ ਕਿਹਾ ਕਿ ਲੋਕ ਸ਼ਾਇਰ ਜਗਦੀਸ਼ ਰਾਣਾ ਦੁਆਰਾ ਉਸ ਦੀਆਂ ਕਵਿਤਾਵਾਂ ਤੇ ਅਧਾਰਿਤ ਨਵੀਂ ਪੁਸਤਕ ਇੱਕ ਮੁੱਠੀ ਬੀਜ ਤਿਆਰ ਕਰਨਾ ਉਸ ਲਈ ਵੱਡੇ ਸਨਮਾਨ ਬਰਾਬਰ ਹੈ। ਜਗਦੀਸ਼ ਰਾਣਾ ਨੇ ਆਖਿਆ ਕਿ ਸਵਿੰਦਰ ਸੰਧੂ ਦੀਆਂ ਕਵਿਤਾਵਾਂ ਆਮ ਲੋਕਾਂ ਦੀਆਂ ਭਾਵਨਾਵਾਂ, ਪੀੜਾਂ ਵਿਅਕਤ ਕਰਦੀਆਂ ਹਨ ਇਸ ਲਈ ਉਹ ਪਹਿਲਾਂ ਵੀ ਉਹਨਾਂ ਦੀਆਂ ਤਿੰਨ ਪੁਸਤਕਾਂ ਤੇ ਅਧਾਰਿਤ ਇੱਕ ਪੁਸਤਕ ਜ਼ਿੰਦਗੀ ਇੱਕ ਮੰਚ ਸੰਪਾਦਿਤ ਕਰ ਚੁੱਕੇ ਹਨ ਤੇ ਹੁਣ ਉਹਨਾਂ ਦੀਆਂ ਦੋ ਪੁਸਤਕਾਂ ਤੇ ਅਧਾਰਿਤ ਇੱਕ ਮੁੱਠੀ ਬੀਜ ਪੁਸਤਕ ਸੰਪਾਦਤ ਕੀਤੀ ਹੈ।

ਇਸ ਉਪਰੰਤ ਹੋਏ ਕਵੀ ਦਰਬਾਰ ਦੇ ਪ੍ਰਧਾਨਗੀ ਮੰਡਲ ਵਿੱਚ ਪੰਜਾਬੀ ਜਾਗਰਣ ਦੇ ਸਹਿ ਸੰਪਾਦਕ ਜਸਵਿੰਦਰ ਦੂਹੜਾ,ਪ੍ਰਸਿੱਧ ਕਵੀ ਮੋਹਨ ਮਤਿਆਲਵੀ, ਕੁਲਬੀਰ ਸਿੰਘ ਕੰਵਲ ਅਤੇ ਨੱਕਾਸ਼ ਚਿੱਤੇਵਾਨੀ ਵਿਰਾਜਮਾਨ ਰਹੇ।

ਇਸ ਦੌਰਾਨ ਹੋਏ ਕਵੀ ਦਰਬਾਰ ਵਿੱਚ ਗੁਰਦੀਪ ਸਿੰਘ ਸੈਣੀ, ਡਾ. ਸੋਮਾ ਸਬਲੋਕ, ਸਵਿੰਦਰ ਸੰਧੂ, ਨਕਸ਼ ਵਰਿਆਣਵੀ,

ਗੀਤੂ ਕਲਸੀ, ਮਨਜੀਤ ਕੌਰ ਮੀਸ਼ਾ, ਮਿੱਤਰ ਮਨਜੀਤ, ਦਲਜੀਤ ਮਹਿਮੀ, ਇੰਦਰ ਸਿੰਘ ਮਿਸ਼ਰੀ, ਕੀਮਤੀ ਕੈਸਰ, ਹੀਰਾ ਲਾਲ ਮਲਹੋਤਰਾ, ਹਰਜਿੰਦਰ ਸਿੰਘ ਜਿੰਦੀ, ਕੁਲਬੀਰ ਸਿੰਘ ਕੰਵਲ, ਨੱਕਾਸ਼ ਚਿੱਤੇਵਾਣੀ, ਮੋਹਨ ਮਤਿਆਲਵੀ, ਹਰਦਿਆਲ ਹੁਸ਼ਿਆਰਪੁਰੀ, ਸਾਹਿਬਾ ਜੀਟਨ ਕੌਰ, ਦੀਪ ਜਗਤਪੁਰੀ, ਹਰਸ਼ਵਿੰਦਰ ਕੌਰ ਤਲਵਾੜਾ, ਅਨੀਤਾ ਵਸ਼ਿਸ਼ਟ ਗੜ੍ਹਸ਼ੰਕਰ, ਅਸ਼ੋਕ ਗੋਇਲ, ਸੋਢੀ ਸੱਤੋਵਾਲੀ ਆਦਿ ਕਵੀਆਂ ਨੇ ਆਪਣੀਆਂ ਰਚਨਾਵਾਂ ਰਾਹੀਂ ਪ੍ਰੋਗਰਾਮ ਨੂੰ ਚਾਰ ਚੰਨ ਲਾ ਦਿੱਤੇ।

ਗ਼ਜ਼ਲ ਗਾਇਕ ਸੁਰਿੰਦਰ ਗੁਲਸ਼ਨ ਨੇ ਜਗਦੀਸ਼ ਰਾਣਾ ਅਤੇ ਉਲਫ਼ਤ ਬਾਜਵਾ ਦੀਆਂ ਗ਼ਜ਼ਲਾਂ ਗਾ ਕੇ ਪ੍ਰੋਗਰਾਮ ਨੂੰ ਸਿਖ਼ਰ ਤੇ ਪੁਚਾ ਦਿੱਤਾ। ਇਸ ਦੌਰਾਨ ਕਰਨਲ ਜਗਬੀਰ ਸਿੰਘ ਸੰਧੂ, ਗੀਤਾ ਵਰਮਾ, ਗੁਰਨਾਮ ਬਾਵਾ, ਸ਼ਿਵਦੀਪ, ਪਰਮਿੰਦਰਜੀਤ ਕੌਰ, ਜਸਵੰਤ ਕੌਰ, ਭਾਵਿਨੀ ਕਲਸੀ, ਵਿਨੋਦ ਕੁਮਾਰ, ਤ੍ਰਿਪਤਾ ਰਾਣੀ ਆਦਿ ਵਿਸ਼ੇਸ਼ ਤੌਰ ਤੇ ਹਾਜ਼ਰ ਰਹੇ।

## ਮਾਂਏ ਨੀ ਸੁਣ ਮਾਏਂ ਨੀ।

ਪ੍ਰਿੰਸੀਪਲ ਹਰਨਿੰਦਰ ਕੌਰ



ਮਾਂਏ ਨੀ ਸੁਣ ਮਾਏਂ ਨੀ।
ਤੈਥੋਂ ਉੱਚੀ ਹੋਰ ਕਿਹੜੀ ਏ?
ਥਾਂ ਏਂ ਨੀ ਮਾਏਂ ਨੀ.....
ਤੇਰੇ ਵਾਰੇ ਕੀ ਲਿਖਾਂ ਮੈਂ।
ਤੂੰ ਮੈਨੂੰ ਲਿਖਿਆ ਮਾਏਂ ਨੀ।
ਸੁਚੱਜਤਾ ਨਾਲ ਪਾਲ ਪੋਸ ਕੇ।
ਕਿਉਂ ਵਿਛੋੜੇ ਪਾਏ ਨੀ ? ਮਾਏਂ ਨੀ..
ਨਿੱਘੀ ਗੋਦ ਦੇ ਨਿੱਘ ਅਵੱਲੇ।
ਤੇਰੀ ਗੋਦ ਚੋਂ ਹੀ ਪਾਏ ਨੀ. ਮਾਏਂ ਨੀ..
ਤੇਰੀ ਸੁਚੱਜਤਾ ਦੇ ਬਲਿਹਾਰੇ।
ਧੀ ਤੇਰੀ ਵੀ ਜਾਏ ਨੀ. ਮਾਏਂ ਨੀ..
ਜਿਗਰ ਦੇ ਟੁੱਕੜੇ ਨੂੰ ਦੂਰ ਕਰਕੇ।
ਜਿੰਦ ਬੜੀ ਕੁਰਲਾਏ ਨੀ. ਮਾਂਏਂ ਨੀ..
ਪੋਤੇ ਦੋਹਤੇ ਦੇਖ ਰਹੋਸੇਂ.
ਜੰਨਤ ਦਾ ਸੁਖ ਪਾਏ ਨੀ. ਮਾਏਂ ਨੀ..
ਧੀਏ ਹੋਰ ਵਾਂਡੇਂ ਨਾ ਜਾਈਏ.
ਘਰ ਮਾਂ ਵਰਗੀ ਭਰਜਾਈ ਨੀ.
ਇਹ ਤੇਰੀ ਸਿੱਖਿਆ ਮਾਂਏ ਨੀ. ਮਾਂਏ ਨੀ..
ਧੀ ਦੀ ਸਿਫ਼ਤਿ-ਸਾਲਾਹ ਸੁਣ ਕੇ.
ਸਵਰਗ ਦਾ ਸੁੱਖ ਪਾਏ ਨੀ. ਮਾਂਏਂ ਨੀ
ਤੇਰੀ ਮੈਂ ਹਾਂ ਕਰਜ਼ਦਾਰ ਤੇਰੇ
ਦੇਣ ਜਾਣੇ ਨਾ ਭੁਲਾਏ ਨੀ. ਮਾਂਏਂ ਨੀ..
ਤੈਨੂੰ ਖੁਸ਼ ਦੇਖਣ ਦੇ ਲਈ ਮੈਂ.
ਕਈ ਅਣਚਾਹੇ ਬੋਲ ਪੁਗਾਏ ਨੀ. ਮਾਂਏ.
ਔਕੜਾਂ ਤੋਂ ਕਦੀਂ ਨਾ ਹਾਰੀ.
ਕਿਉਂਕਿ ਭਲੀ ਕੁੱਖ ਦੇ ਜਾਏ ਨੀ. ਮਾਂਏ ..
ਧਰਮ ਸਭਿਆਚਾਰ ਇਹ ਸਾਰੇ.
ਅਜਿਹੀਆਂ ਸ਼ਖ਼ਸੀਅਤਾਂ ਹੀ ਬਚਾਏ ਨੀ ਮਾਂਏ ਨੀ..
ਤੇਰੇ ਕਰਕੇ ਰੰਗਲੀ ਦੁਨੀਆਂ ਦੇ.
ਪੰਧ ਸੋਖੇ ਜਾਣ ਲੰਘਾਏਂ ਨੀ. ਮਾਂਏ ਨੀ..
ਵਾਹਿਗੁਰੂ ਤੈਨੂੰ ਤੰਦਰੁਸਤੀ ਬਖਸ਼ੇ.
ਤੇਰੀ ਨਿੰਦਰ ਇਹੀ ਹਮੇਸ਼ਾ ਚਾਹੇ ਨੀ. ਮਾਏਂ..
ਵਾਹਿਗੁਰੂ ਦਾ ਜਸ ਗਾਉਣ ਵਾਲੀਏ.
ਤੇਰੀ ਨਿਰੰਕਾਰ ਨਾਲ ਨਿਭ ਜਾਏ ਨੀ.
ਮਾਂਏ ਨੀ ਠੰਡੀ ਮਿੱਠੀ ਛਾਏਂ ਨੀ.
ਤੇਰੇ ਦੁੱਖ ਨਾ ਨੇੜੇ ਆਏ ਨੀ.
ਮੈ ਤੇਰਾ ਟੁੱਕੜਾ ਮਾਂਏਂ ਨੀ.
ਮੇਰੀਆਂ ਅਰਦਾਸਾਂ ਨੂੰ ਬੂਰ ਪਵੇ.
ਤੇਰੇ ਵਿਹੜੇ ਖੁਸ਼ੀਆਂ ਛਹਿਬਰ ਲਾਏ ਨੀ.
ਮਾਂਏ ਨੀ..

# ਪ੍ਰੀਤ ਲੱਧੜ ਦੀਆਂ ਤਿੰਨ ਗ਼ਜ਼ਲਾਂ

**ਪ੍ਰੀਤ ਲੱਧੜ**
ਪਿੰਡ ਤੇ ਡਾਕਖਾਨਾਂ : ਲੱਧੜਾਂ,
ਤਹਿਸੀਲ : ਨਕੋਦਰ, ਜਿਲ੍ਹਾ: ਜਲੰਧਰ,
ਪਿਨ : 144040. ਪੰਜਾਬ, ਭਾਰਤ।
ਫੋਨ ਨੰ : +91-98155-70576
ਈਮੇਲ : preetladhar@yahoo.com



1.

ਜੇ ਭੁੱਖੇ ਬਾਲ ਦੇ ਮੂੰਹ ਵਿੱਚ ਨਿਵਾਲਾ ਪਾ ਨਹੀਂ ਸਕਦਾ।
ਖ਼ੁਦਾਇਆ ਤੂੰ ਮੇਰੇ ਮੂੰਹੋ ਖ਼ੁਦਾ ਕਹਿਲਾ ਨਹੀਂ ਸਕਦਾ।

ਸਮੁੰਦਰ ਨੂੰ ਕੀ ਹੋਣੈ ਲਾਭ ਇਸ ਬਰਸਾਤ ਦਾ, ਪੁੱਛੋ,
ਇਹ ਬੱਦਲ ਔੜ 'ਤੇ ਕਿਉਂ ਇੱਕ ਛਰਾਟਾ ਪਾ ਨਹੀਂ ਸਕਦਾ?

ਮੈਂ ਕਿੰਨੀ ਵਾਰ ਤੈਨੂੰ ਆਖਿਐ, ਅੱਖਾਂ 'ਚੋਂ ਹੀ ਪੜ੍ਹ ਲੈ,
ਇਹ ਮੇਰੀ ਬੇਵਸੀ ਹੈ, ਬੋਲ ਕੇ ਸਮਝਾ ਨਹੀਂ ਸਕਦਾ।

ਪੈ ਜਾਵੇ ਜਿਸ ਨੂੰ ਆਦਤ, ਤਖਤ ਦੇ ਪੈਰਾਂ 'ਚ ਬੈਠਣ ਦੀ,
ਮੇਰੇ ਯਾਰੋ ਉਹ ਬੰਦਾ ਤਖਤ ਨੂੰ ਪਲਟਾ ਨਹੀਂ ਸਕਦਾ।

ਉਸੇ ਲਈ ਭਟਕਦਾ ਹਾਂ, ਮਨ ਦੇ ਰੇਗਿਸਤਾਨ ਵਿੱਚ ਹਰ ਪਲ,
'ਹਸੀਂ ਜਿਸ ਮਿਰਗ ਤ੍ਰਿਸ਼ਨਾ ਨੂੰ ਕਦੇ ਮੈਂ ਪਾ ਨਹੀਂ ਸਕਦਾ।

ਮੇਰੀ ਜ਼ਿਦ ਹੈ, ਦੀਦਾਰ-ਏ-ਯਾਰ, ਮੈਂ ਕਰਨਾ ਤਾਂ ਕਰਨਾ ਹੈ,
ਮਗਰ ਮਜਬੂਰ ਹੈ, ਘੁੰਗਟ ਉਹ ਵੀ ਸਰਕਾ ਨਹੀਂ ਸਕਦਾ।

ਹਨੇਰੇ ਨੂੰ ਕਹੋ, ਔਕਾਤ ਹੈ ਬਸ ਰਾਤ ਭਰ ਤੇਰੀ,
ਮਹਿਜ਼ ਇੱਕ ਰਿਸ਼ਮ ਸੰਗ ਵੀ ਉਹ ਕਦੇ ਟਕਰਾ ਨਹੀਂ ਸਕਦਾ।

ਗ਼ਰੀਬੀ ਜੋ ਲਿਬਾਸਾਂ ਵਾਂਗ ਤਨ ਉੱਤੇ ਹੰਢਾਉਂਦਾ ਹੈ,
ਉਹ ਸ਼ਾਇਰ ਫ਼ਕਤ ਵਾਹ-ਵਾਹ ਨੂੰ ਸਵਾ ਕੇ ਪਾ ਨਹੀਂ ਸਕਦਾ।

ਕਵੀ ਹੋਣਾ ਹੀ ਕੇਵਲ ਬਸਰ ਦਾ ਜ਼ਰੀਆ ਨਹੀਂ 'ਲੱਧੜ'
ਮੈਂ ਅੱਖਰ ਲਿਖ ਤਾਂ ਸਕਦਾ ਹਾਂ ਪਰ ਅੱਖਰ ਖਾ ਨਹੀਂ ਸਕਦਾ।

2.

ਜੁਦਾ ਇੱਕ ਖੋਲ ਨੂੰ ਅਪਣੇ 'ਤੋਂ ਕਰਦਾ ਹਾਂ, ਭਲੀ ਹੋਵੇ।
ਮੈਂ ਵੱਲ ਅਸਮਾਨ ਦੇ ਪਰਵਾਜ਼ ਭਰਦਾ ਹਾਂ, ਭਲੀ ਹੋਵੇ।

ਮੇਰਾ ਅਪਣਾ ਹੈ ਰਾਹ, ਮੈਂ ਭੀੜ ਦਾ ਹਿੱਸਾ ਬਣਾ ਹੀ ਕਿਉਂ,
ਸਦਾ ਵਿਪਰੀਤ ਲਹਿਰਾਂ ਦੇ ਮੈਂ ਤਰਦਾ ਹਾਂ, ਭਲੀ ਹੋਵੇ।

ਅਚੰਭਿਤ ਹੁਣ ਨਹੀਂ ਕਰਦਾ, ਘਟੇ ਕੁਝ ਅਣਕਿਆਸਾ ਜੇ,
ਕੀ ਦੱਸਾਂ ਹਾਦਸੇ ਕਿੰਨੇ ਮੈਂ ਜਰਦਾ ਹਾਂ, ਭਲੀ ਹੋਵੇ।

ਨਦੀ ਦੇ ਵਾਂਗ ਵਹਿਣਾ ਤਾਂ ਉਦ੍ਹੀ ਫਿਤਰਤ 'ਚ ਹੈ ਸ਼ਾਮਿਲ,
ਕਿਨਾਰਾ ਹਾਂ, ਮੈਂ ਰਹਿੰਦਾ ਫ਼ਕਤ ਖਰਦਾ ਹਾਂ, ਭਲੀ ਹੋਵੇ।

ਮੇਰੇ ਦਿਲ ਵਿੱਚ ਹੈ ਉਹ, ਐਪਰ ਮੇਰੇ ਬੁੱਲ੍ਹ ਇਸ ਤੋਂ ਮੁਨਕਰ ਹਨ,
ਮੈਂ ਅਪਣੇ ਆਪ ਵਿੱਚ ਆਪੇ ਹੀ ਪਰਦਾ ਹਾਂ, ਭਲੀ ਹੋਵੇ।

ਉਹ ਬਣ ਕੇ ਚਾਨਣੀ ਯਾਰੋ, ਮੇਰੇ ਸੰਗ ਲਿਪਟ ਜਾਂਦਾ ਹੈ,
ਹਨੇਰਾ ਬਣ ਕੇ ਮੈਂ ਜਦ-ਜਦ ਪਸਰਦਾ ਹਾਂ, ਭਲੀ ਹੋਵੇ।

ਗ਼ਮਾਂ ਨੂੰ ਬੀਜ ਕੇ ਸੀਨੇ ਉਗਾਏ ਫੁੱਲ ਮੈਂ 'ਲੱਧੜ',
ਕਦੇ ਤੂੰ ਆਖਦਾ ਸੀ ਕਿ ਮੈਂ ਗਰਦਾ ਹਾਂ, ਭਲੀ ਹੋਵੇ।

3.

ਤੇਰੀ ਬੜੀਆਂ ਜਗਾਹਾਂ 'ਤੇ ਰੜਕਦੀ ਥੋੜ ਹੈ, ਅਕਸਰ।
ਕਦੇ ਮਿਲਿਆ ਨਾ ਤੂੰ ਉਸ 'ਤੇ, ਉਹ ਮਿਲਦਾ ਮੋੜ ਹੈ, ਅਕਸਰ।

ਗਣਿਤ ਪੱਲੇ ਪਿਆ ਨਾ ਇਸ਼ਕ ਦਾ, ਮੇਰੇ ਨਾਲਾਇਕ ਦੇ,
ਘਟਾਉਂਦਾ ਉਹ ਰਿਹਾ ਖੁਦ ਨੂੰ, ਲਿਆ ਮੈਂ ਜੋੜ ਹੈ, ਅਕਸਰ।

ਮੈਂ ਮਿਲਿਆਂ ਹਾਂ ਤਬੀਬਾਂ ਨੂੰ, ਟਟੋਲੀ ਨਬਜ਼ ਕਈਆਂ ਨੇ,
ਮਰੀਜ਼-ਏ-ਇਸ਼ਕ ਹੈ, ਦੱਸ ਕੇ ਹੀ ਦਿੱਤਾ ਮੋੜ ਹੈ, ਅਕਸਰ।

ਇਕੱਲੇ ਸ਼ਰਟ ਦੇ ਟੁੱਟੇ ਬਟਨ ਹੀ ਜੋੜਦੀ ਨਾ ਉਹ,
ਮੇਰੇ ਟੁੱਟੇ ਮਨੋਬਲ ਨੂੰ ਵੀ ਦਿੰਦੀ ਜੋੜ ਹੈ, ਅਕਸਰ।

ਹਿਫ਼ਾਜ਼ਤ ਲਈ, ਤੂੰ ਥੋੜ੍ਹੇ ਖਾਰ ਵੀ ਸੰਗ ਆਪਣੇ ਰੱਖੀਂ,
ਇਹ ਜੱਗ ਸੋਹਣੇ ਗੁਲਾਂ ਨੂੰ ਵੇਖ ਲੈਂਦਾ ਤੋੜ ਹੈ, ਅਕਸਰ।

ਤੂੰ ਬਣ ਵੀਰਾਂਗਣਾ ਫੂਲਨ ਜਿਹੀ, ਲੈ ਜ਼ੁਲਮ ਸੰਗ ਟੱਕਰ,
ਜੇ ਪਾਪੀ ਨਾਸਣੈ, ਸ਼ਸਤਰ ਹੀ ਹੁੰਦਾ ਤੋੜ ਹੈ, ਅਕਸਰ।

ਸਿਦਕ ਵਾਲਾ ਹੈ ਮਾਰੂਥਲ, ਕਦੇ ਸ਼ਿਕਵਾ ਨਹੀਂ ਕਰਦਾ,
ਊਂ ਬਾਰਿਸ਼ ਦੀ ਤਾਂ ਐ 'ਲੱਧੜ' ਉਨੂੰ ਵੀ ਲੋੜ ਹੈ, ਅਕਸਰ।

# ਗਲੋਬਲ ਪੰਜਾਬੀ ਐਸੋਸੀਏਸ਼ਨ ਦਾ ਸੈਮੀਨਾਰ ਅਤੇ ਸਮਾਗਮ

**ਚੇਤਨ ਸਿੰਘ**
ਸਾਬਕ ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ
98729-81237

ਗਲੋਬਲ ਪੰਜਾਬੀ ਐਸੋਸੀਏਸ਼ਨ ਇੱਕ ਅਜਿਹੀ ਨਿਰਪੱਖ ਸਰਬ ਸਾਂਝੀ ਸੰਸਥਾ ਹੈ ਜਿਸ ਦਾ ਮਨੋਰਥ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀਆਂ ਅਲੋਪ ਹੋ ਰਹੀਆਂ ਮਹਾਨ ਕਦਰਾਂ-ਕੀਮਤਾਂ ਅਤੇ ਸੱਭਿਆਚਾਰਕ ਖ਼ੂਬੀਆਂ ਨੂੰ ਵਿਸ਼ਵ ਪੱਧਰ ਤੱਕ ਮੁੜ ਸਥਾਪਿਤ ਕਰਨਾ ਹੈ। ਇਹ ਸੰਸਥਾ ਆਲਮੀ ਸ਼ਾਂਤੀ ਅਤੇ ਸਦਭਾਵਨਾ ਦੇ ਮਾਹੌਲ ਦੀ ਸਿਰਜਣਾ ਕਰਨ ਲਈ ਯਤਨਸ਼ੀਲ ਹੈ । ਸੰਸਾਰ ਦੀ ਸਾਰੀ ਮਾਨਵ ਜਾਤ ਇਕ ਅਕਾਲ ਪੁਰਖ ਪਿਤਾ ਦੀ ਸੰਤਾਨ ਹੈ। ਗੁਰੂ ਸਾਹਿਬਾਨ ਵੱਲੋਂ ਦਿੱਤਾ ਸਿਧਾਂਤ - "ਏਕੁ ਪਿਤਾ ਏਕਸ ਕੇ ਹਮ ਬਾਰਕਿ ਤੂ ਮੇਰਾ ਗੁਰ ਹਾਈ॥" ਨੇ ਕੁਲ ਮਾਨਵ ਜਾਤੀ ਲਈ ਸਮਾਨਤਾ ਤੇ ਸੱਦਭਾਵਨਾ ਰੱਖਦਾ ਹੈ। ਇਸ ਸੰਸਥਾ ਦੇ ਮੋਢੀ ਸੰਕਲਪ ਕਰਤਾ ਤੇ ਚੇਅਰਮੈਨ ਡਾ. ਇਕਬਾਲ ਸਿੰਘ ਆਈ.ਪੀ.ਐਸ. (ਸਾਬਕਾ ਚੇਅਰਮੈਨ ਭਾਰਤ ਘੱਟ ਗਿਣਤੀ ਕਮਿਸ਼ਨ ਦਿੱਲੀ) ਹਨ। ਇਸ ਦਾ ਹੈਡਕੁਆਟਰ 5 ਏ. ਰਣਜੀਤ ਐਵੇਨਿਓ ਅੰਮ੍ਰਿਤਸਰ ਹੈ ਅਤੇ ਆਫਿਸ ਦੇ ਇੰਚਾਰਜ ਡਾ. ਜਸਵਿੰਦਰ ਸਿੰਘ ਢਿਲੋਂ ਹਨ। ਅੰਤਰਰਾਸ਼ਟਰੀ ਮੈਡੀਕਲ ਖੇਤਰ ਵਿਚ ਉਘੀ ਸ਼ਖਸੀਅਤ ਡਾ. ਕੁਲਵੰਤ ਸਿੰਘ ਇਸ ਸਭਾ ਦੇ ਪ੍ਰੈਜੀਡੈਂਟ ਹਨ। ਇਹਨਾਂ ਸਤਰਾਂ ਦਾ ਲੇਖਕ ਅਤੇ ਪ੍ਰਵਾਸੀ ਲੇਖਕ ਤੇ ਕਾਰੋਬਾਰੀ ਸੁਰਿੰਦਰ ਸਿੰਘ ਸੁੱਨੜ ਅਮਰੀਕਾ ਨਿਵਾਸੀ ਸਰਬੱਤ ਦੇ ਭਲੇ ਦਾ ਉਦੇਸ਼ ਰੱਖਣ ਵਾਲੀ ਇਸ ਸੰਸਥਾ ਦੇ ਨਿਯਮਾਂ ਅਧੀਨ ਮੈਂਬਰ ਬਣੇ ਹਨ । ਗਲੋਬਲ ਪੰਜਾਬੀ ਐਸੋਸੀਏਸ਼ਨ ਵਲੋਂ 12 ਅਪ੍ਰੈਲ 2026 ਨੂੰ ਸ੍ਰੀ ਅਨੰਦਪੁਰ ਸਾਹਿਬ ਦੀ ਪਵਿਤਰ ਧਰਤੀ ਉਤੇ, ਐਸ.ਜੀ.ਐਸ.ਖਾਲਸਾ ਸਕੂਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਇੱਕ ਸੈਮੀਨਾਰ ਅਤੇ ਸਮਾਗਮ ਦਾ ਪ੍ਰਬੰਧ ਕੀਤਾ ਗਿਆ।

ਦੇ ਕਰੀਬ ਡੈਲੀਗੇਟ ਮੈਂਬਰ ਤੇ ਹੋਰ ਸ਼ਖਸੀਅਤਾਂ ਸ਼ਾਮਿਲ ਹੋਈਆਂ। ਸਕੂਲ ਦੀ ਦੂਜੀ ਮੰਜ਼ਿਲ ਉੱਤੇ ਸਥਿਤ ਸੁੰਦਰ ਹਾਲ ਵਿਖੇ ਸੈਮੀਨਾਰ ਤੇ ਸਮਾਗਮ ਦਾ ਆਗਾਜ਼ ਸਕੂਲ ਦੇ ਵਿਦਿਆਰਥੀਆਂ ਵੱਲੋਂ "ਦੇਹਿ ਸ਼ਿਵਾ ਬਰ ਮੋਹਿ ਇਹੈ ਸੁੱਭ ਕਰਮਨ ਤੇ ਕਬਹੂੰ ਨ ਟਰੋਂ॥" ਦੇ ਰੂਹਾਨੀ ਤੇ ਬੀਰ ਰਸ ਭਰਪੂਰ ਗਾਇਨ ਨਾਲ ਕੀਤਾ ਗਿਆ। ਗਲੋਬਲ ਪੰਜਾਬੀ ਐਸੋਸੀਏਸ਼ਨ ਵਲੋਂ ਇਹ ਪੰਜਾਬ ਬਾਰੇ ਤਿਆਰ ਕੀਤੇ ਗਏ ਗੀਤ ਦਾ ਵੀ ਸਮੂਹ




ਗਾਇਨ ਕੀਤਾ ਗਿਆ। ਸਟੇਜ ਉੱਪਰ ਨਵਾਬ ਜੱਸਾ ਸਿੰਘ ਆਲੂਵਾਲੀਆ ਰਿਆਸਤ ਕਪੂਰਥਲਾ ਦੀ ਵੰਸ ਵਿੱਚੋਂ ਟਿਕਾ ਰਾਜਾ ਸ਼ਤਰੂਜੀਤ ਸਿੰਘ ਸਾਹਿਬ ਬਹਾਦਰ ਕਪੂਰਥਲਾ ਅਤੇ ਮਹਾਰਾਜਾ ਰਿਪਦੁਮਣ ਸਿੰਘ ਨਾਭਾ ਰਿਆਸਤ ਦੀ ਵੰਸ ਵਿੱਚੋਂ ਰਾਣੀ ਪ੍ਰੀਤੀ ਸਿੰਘ ਸੁਸ਼ੋਭਿਤ ਸਨ। ਉਹਨਾਂ ਦੇ ਨਾਲ ਸੰਸਥਾ ਦੇ ਚੇਅਰਮੈਨ ਡਾ. ਇਕਬਾਲ ਸਿੰਘ ਲਾਲਪੁਰਾ ਤੇ ਹੋਰ ਬਹੁਤ ਸਾਰੇ ਡਾਇਰੈਕਟਰ ਡੈਲੀਗੇਟ ਸਨ।

ਸਭ ਤੋਂ ਪਹਿਲਾਂ ਪੰਜਾਂ ਪਿਆਰਿਆਂ ਵਿੱਚੋਂ ਦੋ ਪਿਆਰੇ ਭਾਈ ਦਇਆ ਸਿੰਘ ਜੀ ਅਤੇ ਭਾਈ ਧਰਮ ਸਿੰਘ ਜੀ ਦੀ ਅੰਸ ਵਿੱਚੋਂ ਆਈਆਂ ਧਾਰਮਿਕ ਸ਼ਖਸੀਅਤਾਂ ਦਾ ਫੁੱਲਾਂ ਦੇ ਬੁੱਕੇ ਭੇਟ ਕਰਕੇ ਸਵਾਗਤ ਕੀਤਾ ਗਿਆ। ਸਟੇਜ ਸਕੱਤਰ ਦੀ ਭੂਮਿਕਾ ਨਿਭਾਉਣ ਵਾਲੇ ਡਾ. ਜਸਵਿੰਦਰ ਸਿੰਘ ਢਿੱਲੋ ਵਲੋਂ ਗਲੋਬਲ ਪੰਜਾਬੀ ਐਸੋਸੀਏਸ਼ਨ ਦੇ ਸੰਸਥਾਪਕ ਡਾ. ਇਕਬਾਲ ਸਿੰਘ ਲਾਲਪੁਰਾ ਚੇਅਰਮੈਨ ਦੇ ਸ਼ਖਸ਼ੀਅਤੀ, ਪ੍ਰਬੰਧਕੀ ਅਤੇ ਸਾਹਿਤਕ ਗੁਣਾਂ ਦਾ ਜ਼ਿਕਰ ਕਰਦਿਆਂ ਗਲੋਬਲ ਪੰਜਾਬੀ ਐਸੋਸੀਏਸ਼ਨ ਦੀ ਸਥਾਪਨਾ ਦੇ ਸੰਕਲਪ ਤੇ ਪਿਛਲੇ ਸਮੇਂ ਦੇ ਕਾਰਜਾਂ ਬਾਰੇ ਸੰਖੇਪ ਜਾਣਕਾਰੀ ਦਿੱਤੀ ਗਈ। ਡਾ. ਇਕਬਾਲ ਸਿੰਘ ਲਾਲਪੁਰਾ ਨੇ ਆਪਣੇ ਕੁੰਜੀਵਤ ਭਾਸ਼ਣ ਵਿੱਚ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ 1699 ਦੀ ਵਿਸਾਖੀ ਨੂੰ ਖ਼ਾਲਸਾ ਪੰਥ ਦੀ ਸਿਰਜਣਾ ਕੀਤੀ ਸੀ। ਗੁਰੂ ਸਾਹਿਬ ਨੇ ਮਾਨਸ

ਤੋਂ ਦੇਵਤੇ ਬਣਾ ਕੇ ਖ਼ਾਲਸਾ ਜੀ ਨੂੰ ਆਦਰਸ਼ਕ ਇਨਸਾਨ ਬਣਾਇਆ ਸੀ। ਇਤਿਹਾਸ ਵਿੱਚ ਖ਼ਾਲਸੇ ਨੇ ਇਸ ਆਦਰਸ਼ ਦੀ ਖ਼ੂਬ ਪਾਲਣਾ ਕੀਤੀ ਅਤੇ ਬੇਸ਼ੁਮਾਰ ਸ਼ਹਾਦਤਾਂ ਦਿੱਤੀਆਂ ਹਨ। ਪਰ ਆਧੁਨਿਕ ਦੌਰ ਵਿੱਚ ਸਿੱਖ ਜਗਤ ਵਲੋਂ ਉਹਨਾਂ ਸ਼ਖਸੀਅਤਾਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਵਿਸਾਰ ਦਿੱਤਾ ਗਿਆ ਹੋਇਆ ਹੈ। ਅੱਜ ਅਸੀਂ ਉਨ੍ਹਾਂ ਨੂੰ ਵੀ ਭੁੱਲ ਚੁੱਕੇ ਹਾਂ, ਜਿਨਾਂ ਦਾ ਪਿਛੋਕੜ ਸਿੱਖੀ ਵਾਲਾ ਨਹੀਂ ਸੀ ਪਰ ਉਨ੍ਹਾਂ ਨੇ ਸਿੱਖੀ ਦੇ ਮਹਾਨ ਮਾਰਗ ਨੂੰ ਆਪਣਾ ਕੇ ਸਿੱਖ ਪੰਥ ਦੀ ਖ਼ੂਬ ਸੇਵਾ ਕੀਤੀ ਹੈ। ਇਹਨਾਂ ਵਿੱਚ ਡਾ. ਇੰਦਰਜੀਤ ਸਿੰਘ (ਪੰਜਾਬ ਸਿੰਧ ਬੈਂਕ ਦਾ ਵਿਸਥਾਰ ਕਰਨ ਅਤੇ ਹਜ਼ਾਰਾਂ ਨੌਜਵਾਨਾਂ ਨੂੰ ਨੌਕਰੀ ਦੇਣ ਵਾਲੇ); ਮਾਸਟਰ ਤਾਰਾ ਸਿੰਘ (ਸਿੱਖ ਰਾਜਨੀਤੀ ਵਿੱਚ ਸਿੱਖਾਂ ਦੇ ਹਿੱਤਾਂ ਦੀ ਰਾਖੀ ਕਰਨ ਲਈ ਸਾਰਾ ਜੀਵਨ ਸਿੱਖ ਕੌਮ ਦੇ ਲੇਖੇ ਲਾਉਣ ਵਾਲੇ); ਅਤੇ ਪ੍ਰੋ. ਸਾਹਿਬ ਸਿੰਘ (ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ) ਆਦਿ ਅਨੇਕਾਂ ਸ਼ਖਸ ਹਨ। ਇਸ ਤੋਂ ਇਲਾਵਾ ਨਾਭਾ ਰਿਆਸਤ ਦੇ ਮਹਾਰਾਜਾ ਰਿਪੁਦਮਣ ਸਿੰਘ ਵੀ ਹਨ ਜਿਨ੍ਹਾਂ ਨੇ 1909 ਈਸਵੀ ਵਿੱਚ ਅਨੰਦ ਮੈਰਿਜ ਐਕਟ ਬਣਾਇਆ ਸੀ। ਸਾਡਾ ਉਦੇਸ਼ ਸਿੱਖ ਸਮਾਜ ਵਿੱਚ ਯੋਗਦਾਨ ਪਾਉਣ ਵਾਲਿਆਂ ਨੂੰ ਯਾਦ ਕਰਕੇ ਜਾਂ ਉਹਨਾਂ ਦਾ ਮਾਨ ਸਨਮਾਨ ਕਰਕੇ ਇਹਨਾਂ ਦਾ ਸਤਿਕਾਰ ਵਧਾਉਣਾ ਹੈ।ਅਸੀਂ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਅਮੀਰ ਗੁਣਾਂ ਦਾ ਬਿਨਾਂ ਕਿਸੇ ਭੇਦ-ਭਾਵ ਦੇ ਇਨਸਾਨੀਅਤ ਦੇ ਭਲੇ ਹਿੱਤ ਪ੍ਰਚਾਰ ਕਰਨਾ ਹੈ।

ਕਰਨਲ ਜੈਮਲ ਸਿੰਘ ਨੇ ਰਸਮੀ ਤੌਰ ਤੇ ਮੀਟਿੰਗ ਅਤੇ ਸੈਮੀਨਾਰ ਵਿੱਚ ਹਾਜ਼ਰ ਹੋਣ ਲਈ ਪਹੁੰਚੇ ਮੈਂਬਰਾਂ ਨੂੰ 'ਜੀ ਆਇਆਂ' ਕਿਹਾ।

ਸੁਆਮੀ ਰਾਮੇਸ਼ਵਰ ਦੱਤ ਅਚਾਰੀਆ ਅੰਬਾਲਾ ਜੀ ਨੇ ਗੁਰਬਾਣੀ ਪ੍ਰਚਾਰ ਸਬੰਧੀ ਆਪਣੇ ਵਿਚਾਰ ਰੱਖ ਕੇ ਵਿਸ਼ੇਸ਼ ਪਹਿਚਾਣ ਬਣਾਈ।

ਪ੍ਰੋਫੈਸਰ ਗੁਰਵਿੰਦਰ ਸਿੰਘ ਮੰਮਣਕੇ ਸਾਹਿਬ ਨੇ ਕਿਹਾ ਕਿ ਜਿਹੜਾ ਪੰਜਾਬ ਕਦੇ ਸੋਨੇ ਦੀ ਚਿੜੀ ਦੀ ਪਛਾਣ ਰੱਖਦਾ ਸੀ, ਅੱਜ ਪੰਜਾਬ ਦੇ ਹੋਏ ਸਰਬਪੱਖੀ ਬਿਨਾਸ ਨੂੰ ਰੋਕ ਕੇ ਉਹੀ ਪੁਰਾਤਨ ਸ਼ਾਨ ਨੂੰ ਬਹਾਲ ਕਰਨਾ ਲਈ ਸਾਨੂੰ ਯਤਨ ਕਰਨੇ ਚਾਹੀਦੇ ਹਨ। ਸਾਨੂੰ ਗਲੋਬਲ ਪੰਜਾਬੀ ਐਸੋਸੀਏਸ਼ਨ ਵੱਲੋਂ ਕੋਈ ਕੰਪਲੈਕਸ ਦੀ ਉਸਾਰੀ ਕਰਨੀ ਚਾਹੀਦੀ ਹੈ , ਜਿੱਥੇ ਬੈਠ ਕੇ ਗੋਸ਼ਟੀਆਂ, ਵਿਚਾਰਾਂ ਅਤੇ ਵਰਕਸ਼ਾਪਾਂ ਲਗਾ ਕੇ ਅਜਿਹੇ ਪ੍ਰੋਗਰਾਮ ਉਲੀਕਿਆ ਕਰੀਏ, ਜਿਨਾਂ ਨਾਲ ਸਾਡੀ ਪੁਰਾਤਨ ਸ਼ਾਨ ਮੁੜ ਬਹਾਲ ਹੋ ਸਕੇ। ਉਹਨਾਂ ਨੇ ਸਿੱਖਿਆ ਤੇ ਜ਼ੋਰ ਦਿੰਦਿਆਂ ਇਰਾਨ ਦਾ ਹਵਾਲਾ ਦਿੱਤਾ ਜਿਨਾਂ ਨੇ ਸਿੱਖਿਆ ਦੇ ਅਧਾਰ 'ਤੇ ਅੱਜ ਦੁਨੀਆ ਵਿੱਚ ਆਪਣੀ ਵੱਖਰੀ ਪਛਾਣ ਬਣਾਈ ਹੈ।

ਚੰਡੀਗੜ੍ਹ ਤੋਂ ਆਏ ਅਮਰਜੀਤ ਸਿੰਘ ਵਿਰਕ ਨੇ ਕਿਹਾ ਕਿ ਉਹ 12 ਮਿਸਲਾਂ ਦੇ ਇਤਿਹਾਸ ਨੂੰ ਡਿਜੀਟਲ ਰੂਪ ਵਿੱਚ ਸੰਭਾਲਣਾ ਚਾਹੁੰਦੇ ਹਨ। ਉਹਨਾਂ ਨੇ ਕਿਹਾ ਕਿ ਗੁਰੂ ਨਾਨਕ ਸਾਹਿਬ ਜੀ ਨੇ ਜੋ ਪਰਮ ਮਨੁੱਖ ਦਾ ਸਿਧਾਂਤ ਦਿੱਤੀ ਹੈ, ਉਹਨਾਂ ਦੀ ਵਿਚਾਰਧਾਰਾ ਉੱਤੇ ਡੱਟ ਕੇ ਚੱਲਾਂਗੇ ਤਾਂ ਪੰਥ ਨੂੰ ਕੋਈ ਖ਼ਤਰਾ ਨਹੀਂ ਹੋਵੇਗਾ।

ਉੱਤਰ ਪ੍ਰਦੇਸ਼ ਤੋਂ ਆਏ ਡਾਕਟਰ ਸੋਰਨ ਸਿੰਘ ਨੇ ਧਰਮ ਅਸਥਾਨਾਂ ਦੀ ਸਥਾਪਨਾ ਉੱਪਰ ਜ਼ੋਰ ਦਿੰਦਿਆਂ ਕਿਹਾ ਕਿ ਉਹਨਾਂ ਨੇ ਕਈ ਗੁਰਦੁਆਰੇ ਸਥਾਪਿਤ ਕੀਤੇ ਹਨ। ਸਾਨੂੰ ਅਜਿਹਾ ਕਰਦਿਆਂ ਲਾਲਪੁਰਾ ਸਾਹਿਬ ਨੇ ਬਹੁਤ ਸਹਿਯੋਗ ਦਿੱਤਾ ਹੈ। ਇਹ ਕਾਰਜ ਬਹੁਤ ਮਹੱਤਵਪੂਰਨ ਹੈ। ਇਸ ਸਹਿਜਧਾਰੀ ਸ਼ਰਧਾਲੂ ਦੀ ਸਿੱਖ ਗੁਰਦੁਆਰਾ ਸਾਹਿਬਾਨ ਦੀ ਉਸਾਰੀ ਪ੍ਰਤੀ ਸ਼ਰਧਾ ਤੇ ਸੇਵਾ ਦੇਖ ਕੇ ਸਰੋਤਿਆਂ ਨੇ ਵਾਹ ਵਾਹ ਕਿਹਾ। ਉਹਨਾਂ ਨੇ ਸਾਡੀ -"ਬਾਂਹ ਪਕੜੋ" ਕਹਿ ਕੇ ਜਜ਼ਬਾਤੀ ਅਪੀਲ ਵੀ ਕੀਤੀ। ਪੰਜ ਪਿਆਰਿਆਂ- ਭਾਈ ਦਇਆ ਸਿੰਘ ਜੀ ਦੀ ਅੰਸ ਵੰਸ ਵਿੱਚੋਂ ਬਾਬਾ ਗੁਰਪ੍ਰੀਤ ਸਿੰਘ ਜੀ ਆਪਣੇ ਦਰਸ਼ਨੀ ਗੁਰਮੁਖੀ ਲਿਬਾਸ ਵਿੱਚ ਸਜੇ ਸੋਭਾ ਦੇ ਰਹੇ ਸਨ। ਉਹਨਾਂ ਨੇ ਪਿਛਲੇ 300 ਸਾਲ ਦੇ ਹਵਾਲੇ ਨਾਲ ਯੂਪੀ ਵਿੱਚ 25 ਲੱਖ ਸਿੱਖ ਹੋਣ ਦਾ ਜ਼ਿਕਰ ਕੀਤਾ ਅਤੇ ਦੱਸਿਆ ਕਿ ਸਿੱਖ ਜਗਤ ਵਿੱਚ ਪਹਿਲਾਂ ਜਾਤ ਪਾਤ ਨਹੀਂ ਸੀ ਪਰ ਹੁਣ ਇਸਦਾ ਪ੍ਰਭਾਵ ਸਪਸਟ ਨਜ਼ਰ ਆ ਰਿਹਾ ਹੈ। ਬਾਬਾ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਅਸੀਂ ਸਾਰੇ ਡਾ. ਇਕਬਾਲ ਸਿੰਘ ਲਾਲਪੁਰਾ ਨਾਲ ਜੁੜ ਕੇ ਸਿੱਖ ਪਰਿਵਾਰਾਂ ਤੱਕ ਪਹੁੰਚ ਕਰ ਰਹੇ ਹਾਂ ਅਤੇ ਕਈ ਸਫਲ ਸਮਾਗਮ ਵੀ ਕੀਤੇ ਹਨ।

ਸੋਲਨ ਤੋਂ ਆਏ ਬੀ.ਐਸ.ਐਨ.ਐਲ.ਦੇ ਉਚ ਅਫਸਰ ਸ. ਜਸਪਾਲ ਸਿੰਘ ਨੇ ਕਿਹਾ ਕਿ ਗੁਰੂ ਜੀ ਨੇ ਉਦਾਸੀਆਂ ਕਰਦਿਆਂ ਥਾਂ-ਥਾਂ ਜਾ ਕੇ ਕਰੈਕਟਰ ਬਿਲਡਿੰਗ ਦਾ ਉਪਦੇਸ਼ ਦਿੱਤਾ। ਹਿੰਦੂ ਤੇ ਮੁਸਲਮਾਨਾਂ ਨੂੰ ਗੁਰੂ ਜੀ ਨੇ ਬਹੁਤ ਸਤਿਕਾਰਤ ਵਿਧੀ ਨਾਲ ਸੱਚ ਦਾ ਉਪਦੇਸ਼ ਦਿੱਤਾ । ਉਹਨਾਂ ਨੇ ਕਿਹਾ ਕਿ ਸਿੱਖ ਜਗਤ ਨੂੰ ਉਹਨਾਂ ਸ਼ਖਸੀਅਤਾਂ ਦੀ ਪਹਿਚਾਣ ਕਰਕੇ ਮਾਨ- ਸਨਮਾਨ ਕਰਨਾ ਸਾਡਾ ਫਰਜ਼ ਹੈ, ਜਿਨਾਂ ਨੇ ਗੁਰੂ ਆਸੇ ਅਨੁਸਾਰ ਸਮਾਜਿਕ ਅਤੇ ਭਾਈਚਾਰਕ ਕਾਰਜਾਂ ਵਿੱਚ ਉੱਘਾ

ਯੋਗਦਾਨ ਪਾਇਆ ਹੈ। ਉਹਨਾਂ ਪਾਸ ਗੱਲਬਾਤ ਕਰਨ ਲਈ ਬਹੁਤ ਨੁਕਤੇ ਸਨ, ਪਰ ਸਮੇਂ ਦੀ ਮਜਬੂਰੀ ਸੀ।

ਇੰਜੀਨੀਅਰ ਹਰਪ੍ਰੀਤ ਸਿੰਘ ਬਰਾੜ ਚੀਫ ਇੰਜੀ. ਪੰਜਾਬ ਮੰਡੀ ਬੋਰਡ ਨੇ ਕਿਹਾ ਕਿ ਪੰਜਾਬ ਦੀ ਧਰਤੀ ਨੂੰ ਮਹਾਂਪੁਰਖਾਂ ਨੇ ਵਰੋਸਾਇਆ ਹੋਇਆ ਹੈ। ਇਸ ਧਰਤੀ ਉੱਪਰ ਮਹਾਨ ਗ੍ਰੰਥਾਂ, ਜਿਵੇਂ ਰਿਗਵੇਦ ਅਤੇ ਗੁਰੂ ਗ੍ਰੰਥ ਸਾਹਿਬ ਰਚੇ ਗਏ ਹਨ। ਇਹ ਰੂਹਾਨੀ ਗਿਆਨ ਹੀ ਸਾਡੇ ਪੰਜਾਬ ਦੇ ਪਿਛੋਕੜ ਵਿੱਚ ਸਮਾਇਆ ਹੋਇਆ ਹੈ। ਸਾਨੂੰ ਪੰਜਾਬ ਦੀਆਂ ਮਹਾਨ ਕਦਰਾਂ-ਕੀਮਤਾਂ ਉੱਪਰ ਪਹਿਰਾ ਦੇਣਾ ਚਾਹੀਦਾ ਹੈ।

ਇਹਨਾਂ ਸਤਰਾਂ ਦੇ ਲੇਖਕ (ਚੇਤਨ ਸਿੰਘ ਡਾਇਰੈਕਟਰ ਭਾਸ਼ਾ ਵਿਭਾਗ ਰਿਟਾਇਰਡ) ਨੇ ਕਿਹਾ ਕਿ ਸਟੇਜ ਉੱਪਰ ਨਵਾਬ ਜੱਸਾ ਸਿੰਘ ਕਪੂਰਥਲਾ ਦੇ ਵਾਰਸ ਟਿੱਕਾ ਰਾਜਾ ਸ਼ਤਰੂਜੀਤ ਸਿੰਘ ਸਾਹਿਬ ਬਹਾਦਰ ਕਪੂਰਥਲਾ ਬੈਠੇ ਹਨ। ਮੇਰੇ ਗਿਆਨ ਮੁਤਾਬਿਕ ਕਿਲਾ ਅਨੰਦਗੜ੍ਹ ਸਾਹਿਬ ਤੇ ਇਸ ਵਿੱਚ ਬਉਲੀ ਦੀ ਉਸਾਰੀ ਦੇ ਇਤਿਹਾਸ ਵਿੱਚ ਨਵਾਬ ਜੱਸਾ ਸਿੰਘ ਆਲੂਵਾਲੀਏ ਦਾ ਨਾਮ ਜੁੜਿਆ ਹੋਇਆ ਹੈ। ਜਦੋਂ ਸ੍ਰੀ ਰਕਾਬਗੰਜ ਸਾਹਿਬ ਦੀ ਕੰਧ ਢਾਹੀ ਗਈ ਸੀ ਤਾਂ ਉਸ ਸਮੇਂ ਅੰਗਰੇਜ਼ ਸਰਕਾਰ ਦਾ ਵਿਰੋਧ ਕਰਦਿਆਂ ਹੋਇਆਂ, ਬਚਨ ਸਿੰਘ ਪਲੀਡਰ (ਸਰਕਾਰੀ ਐਡਵੋਕੇਟ ਜਨਰਲ) ਲਾਹੌਰ ਹਾਈਕੋਰਟ ਨੇ ਵੀ ਇਸ ਦਾ ਵਿਰੋਧ ਕੀਤਾ ਸੀ। ਅੰਗਰੇਜ਼ ਸਰਕਾਰ ਨੇ ਉਨ੍ਹਾਂ ਨੂੰ ਸਰਕਾਰੀ ਨੌਕਰੀ ਤੋਂ ਕੱਢ ਦਿੱਤਾ ਸੀ। ਪਰ ਨਾਭਾਪਤੀ ਮਹਾਰਾਜਾ ਰਿਪੁਦਮਨ ਸਿੰਘ ਜੀ ਨੇ ਸਰਦਾਰ ਬਚਨ ਸਿੰਘ ਪਲੀਡਰ ਨੂੰ ਆਪਣੀ ਰਿਆਸਤ ਨਾਭਾ ਵਿੱਚ ਵਜ਼ੀਰੇ ਤਾਲੀਮ ਦਾ ਅਹੁਦਾ ਦੇ ਕੇ ਨਿਵਾਜਿਆ ਸੀ, ਭਾਵੇਂ ਉਹਨਾਂ ਨੂੰ ਇਸਦੀ ਕਿੰਨੀ ਹੀ ਕੀਮਤ ਚੁਕਾਉਣੀ ਪਈ ਸੀ। ਭਾਈ ਨਰਾਇਣ ਸਿੰਘ ਵੱਲੋਂ ਸੰਤ ਅਤਰ ਸਿੰਘ ਜੀ ਬਾਰੇ ਲਿਖੇ ਮਹਾਂਕਾਵਿ- **ਸੰਤ ਬਿਲਾਸ ਸੰਤ ਅਤਰ ਸਿੰਘ ਜੀ ਮਸਤੂਆਣੇ** ਵਿੱਚ ਅਜਿਹਾ ਜ਼ਿਕਰ ਮਿਲਦਾ ਹੈ। ਸਾਨੂੰ ਸਿੱਖ ਸਾਹਿਤ ਦੇ ਅਲੋਪ ਹੋ ਰਹੇ ਮਹੱਤਵਪੂਰਨ ਸਿੱਖ ਸਾਹਿਤ ਨੂੰ ਸੁਰੱਖਿਅਤ ਕਰਨ ਲਈ ਯਤਨ ਕਰਨੇ ਚਾਹੀਦੇ ਹਨ । ਉਹਨਾਂ ਨੇ ਇਸ ਸਕੂਲ ਦੇ ਹੈਡਮਾਸਟਰ ਰਹੇ ਸ. ਸੰਤੋਖ ਸਿੰਘ ਦੀ 1946 ਵਿੱਚ ਲਿਖੀ ਪੁਸਤਕ **'ਆਨੰਦਪੁਰੀ ਦੀ ਕਹਾਣੀ'** ਦਾ ਜ਼ਿਕਰ ਕਰਦਿਆਂ ਅਪੀਲ ਕੀਤੀ ਕਿ ਸ੍ਰੀ ਅਨੰਦਪੁਰ ਸਾਹਿਬ ਦੀ ਕੁਦਰਤੀ ਸ਼ਾਨ ਨੂੰ ਬਰਕਰਾਰ ਰੱਖਣ ਦੀ ਅਪੀਲ ਕੀਤੀ। ਚੇਤਨ ਸਿੰਘ ਨੇ ਕਿਹਾ ਕਿ ਵੱਡੀਆਂ-ਵੱਡੀਆਂ ਇਮਾਰਤਾਂ ਨੇ ਤਖ਼ਤ ਸ਼੍ਰੀ ਕੇਸਗੜ੍ਹ ਸਾਹਿਬ ਅਤੇ ਹੋਰ ਗੁਰਦੁਆਰੇ ਦੀ ਸ਼ਾਨ ਨੂੰ ਘਟਾ ਦਿੱਤਾ ਹੈ।

ਟਿੱਕਾ ਸ਼ਤਰੂਜੀਤ ਸਿੰਘ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਕਿਹਾ ਕਿ ਕੁਝ ਦਿਨ ਹੋਏ ਮੈਨੂੰ ਇਰਾਨ ਅਤੇ ਪਾਕਿਸਤਾਨ ਦੇ ਉਚ ਰਾਜਨੀਤਿਕ ਆਗੂਆਂ ਦੇ ਫ਼ੋਨ ਆਏ ਹਨ। ਉਹਨਾਂ ਨੇ ਕਿਹਾ ਕਿ ਜੋ ਕੁਝ ਇਰਾਨ ਵਿੱਚ ਹੋ ਰਿਹਾ ਹੈ ਕਿਆ ਇਸ ਬੇਇਨਸਾਫੀ ਲਈ ਆਪਦਾ ਦਿਲ ਨਹੀਂ ਤੜਫ਼ਦਾ। ਆਪ ਕੇ ਵਾਲਦਾਇਨ ਨੇ ਕਪੂਰਥਲਾ ਵਿੱਚ ਮੁਸਲਮਾਨਾਂ ਲਈ ਇੱਕ ਮਸਜਿਦ ਬਣਵਾਈ ਸੀ। ਆਪ ਕੇ ਬਜ਼ੁਰਗ ਸਰਬੱਤ ਲੁਕਾਈ ਦੇ ਭਲੇ ਵਾਲੇ ਕੰਮ ਕਰਦੇ ਸਨ। ਟਿੱਕਾ ਸਾਹਿਬ ਨੇ ਮੁਸਲਿਮ ਆਗੂ ਆਗਾ ਖਾਂ ਦੀ ਗੱਲ ਸਰੋਤਿਆਂ ਨਾਲ ਸਾਂਝੀ ਕੀਤੀ। ਨਾਭਾ ਰਿਆਸਤ ਦੇ ਮਹਾਰਾਜਾ ਰਿਪੁਦਮਣ ਸਿੰਘ ਦੀ ਵਾਰਿਸ ਰਾਣੀ ਪ੍ਰੀਤੀ ਸਿੰਘ ਨੇ ਆਪਣੇ ਬੱਚਿਆਂ ਨੂੰ ਸਿੱਖੀ ਨਾਲ ਜੋੜਨ ਤੇ ਜ਼ੋਰ ਦਿੱਤਾ। ਉਹਨਾਂ ਨੇ ਕਿਹਾ ਕਿ ਉਹ ਗਲੋਬਲ ਪੰਜਾਬੀ ਐਸੋਸੀਏਸ਼ਨ ਵੱਲੋਂ ਮਿਲੀ ਕੋਈ ਵੀ ਜਿੰਮੇਵਾਰੀ ਤੇ ਸੇਵਾ ਨਿਭਾਉਣ ਵਿੱਚ ਖੁਸ਼ੀ ਮਹਿਸੂਸ ਕਰਨਗੇ।

ਸਰਬਸੰਮਤੀ ਨਾਲ ਪਦਮ ਸ੍ਰੀ ਅਜੀਤਪਾਲ ਸਿੰਘ ਅਰਜਨ ਅਵਾਰਡ ਜੇਤੂ ਨੂੰ 'ਪਰਾਇਡ ਆਫ਼ ਪੰਜਾਬ ਅਵਾਰਡ' ਦੇਣ ਦਾ ਫੈਸਲਾ ਕੀਤਾ ਗਿਆ। ਇਹ ਫੈਸਲਾ ਹੋਇਆ ਕਿ ਇਸ ਸੁਪ੍ਰਸਿੱਧ ਪੰਜਾਬੀ ਇਸਤਰੀ ਨੂੰ ਅਵਾਰਡ ਵੀ ਦਿੱਤਾ ਜਾਇਆ ਕਰੇਗਾ। 'ਰਾਜਾ ਪੋਰਸ' ਅਵਾਰਡ ਦੇਣ ਲਈ ਇਕ ਕਮੇਟੀ ਦਾ ਗਠਨ ਕੀਤਾ ਜਾਵੇਗਾ। ਇਹ ਵੀ ਸਰਬ ਸੰਮਤੀ ਹੋਈ ਕਿ ਦਿੱਲੀ ਜਾਂ ਚੰਡੀਗੜ੍ਹ ਵਿਖੇ ਗਲੋਬਲ ਪੰਜਾਬੀ ਐਸੋਸੀਏਸ਼ਨ ਦਾ ਦਫ਼ਤਰ ਸਥਾਪਤ ਕੀਤਾ ਜਾਵੇਗਾ।

ਸਭਾ ਦੀ ਸਮਾਪਤੀ ਤੋਂ ਪਹਿਲੋਂ ਗਲੋਬਲ ਪੰਜਾਬੀ ਐਸੋਸੀਏਸ਼ਨ ਦੇ ਨਵੇਂ ਬਣੇ ਮੈਂਬਰ **ਸੁਰਿੰਦਰ ਸਿੰਘ ਸੁੰਨੜ** (ਸਾਹਿਤਕਾਰ ਤੇ ਕਾਰੋਬਾਰੀ -ਅਮਰੀਕੀ ਨਿਵਾਸੀ) ਦਾ ਮੈਗਜ਼ੀਨ **ਆਪਣੀ ਆਵਾਜ਼** ਦਾ ਤਾਜ਼ਾ ਅੰਕ ਰੀਲੀਜ਼ ਕਰਕੇ ਹਾਜ਼ਰੀਨ ਨੂੰ ਵੰਡਿਆ ਗਿਆ।

ਸਟੇਜ ਸਕੱਤਰ ਡਾ.ਜਸਵਿੰਦਰ ਸਿੰਘ ਢਿੱਲੋ ਨੇ ਦੱਸਿਆ ਕਿ ਗਲੋਬਲ ਪੰਜਾਬੀ ਐਸੋਸੀਏਸ਼ਨ ਦੇ ਮੈਂਬਰਾਂ ਨੂੰ ਸ਼ਿਸ਼ਟਾਚੀਰ ਭਾਵਨਾ ਅਧੀਨ ਇਹ ਮੈਗਜ਼ੀਨ ਭੇਜਿਆ ਜਾਇਆ ਕਰੇਗਾ। ਇਸ ਤਰਾਂ ਇਸ ਸੈਮੀਨਾਰ ਅਤੇ ਮੀਟਿੰਗ ਦੀ ਸਮਾਪਤੀ ਹੋਈ । ਆਏ ਹੋਏ ਸਾਰੇ ਸੱਜਣ ਆਪਣੇ ਪੰਜਾਬ ਦੇ ਲਈ ਕੁਝ ਕਰਨ ਲਈ ਨਵੀਂ ਰੂਹ ਲੈ ਕੇ ਰਵਾਨਾ ਹੋਏ।

# ਗਮਲੇ ਦਾ ਬੂਟਾ

ਲਖਵਿੰਦਰ ਸਿੰਘ ਬਾਜਵਾ
ਜਗਜੀਤ ਨਗਰ (ਹਰੀ ਪੁਰਾ), ਸਰਸਾ
ਹਰਿਆਣਾ, 125075
9416734506, 9729608492

ਪਾਰਕ ਵਿੱਚ ਖੇਡਦੇ ਬੱਚਿਆਂ ਵਿੱਚੋਂ ਅਚਾਨਕ ਆਪਣੀ ਪੰਜ ਸਾਲਾ ਬੱਚੀ ਦੀ ਕਿਲਕਾਰੀ ਸੁਣ ਕੇ ਪਾਰਕ ਦੇ ਬੈਂਚ 'ਤੇ ਉਦਾਸ ਜਿਹੇ ਬੈਠੇ ਤੇਜਿੰਦਰ ਤੇ ਉਸ ਦੀ ਪਤਨੀ ਹਰਪ੍ਰੀਤ ਖੁਸ਼ੀ ਵਿੱਚ ਇੱਕ ਦਮ ਉੱਛਲ ਪਏ ਤੇ ਉੱਠ ਕੇ ਖਲੋ ਗਏ। ਹਰਪ੍ਰੀਤ ਖੇਡ ਰਹੇ ਬੱਚਿਆਂ ਵੱਲ ਜਾਣ ਲੱਗੀ ਤਾਂ ਤੇਜਿੰਦਰ ਨੇ ਉਸ ਦੀ ਬਾਂਹ ਫੜ ਕੇ ਰੋਕ ਲਿਆ। ਉਸ ਨੂੰ ਜਾਪਿਆ ਸੀ ਕਿ ਹਰਪ੍ਰੀਤ ਦੇ ਜਾਣ ਨਾਲ ਹੁਣੇ ਹੁਣੇ ਮਿਲੀ ਖੁਸ਼ੀ ਮਤੇ ਮੁੜ ਕੇ ਰੁੱਸ ਜਾਵੇ। ਬੱਚਿਆਂ ਨੂੰ ਖੇਡ ਵਿੱਚ ਮਸਤ ਹੋਏ ਵੇਖਦੇ ਉਹ ਮੁੜ ਕੇ ਬੈਂਚ ਉੱਤੇ ਬੈਠ ਗਏ।

ਉਹ ਜਦੋਂ ਇਸ ਸ਼ਹਿਰ ਵਿੱਚ ਆਏ ਸਨ ਤਾਂ ਉਹਨਾਂ ਦੀ ਬੇਟੀ ਪਿੰਕੀ ਅਜੇ ਚਾਰ ਕੁ ਮਹੀਨਿਆਂ ਦੀ ਹੀ ਸੀ। ਗੋਰਾ ਰੰਗ ਗੋਲ ਮਟੋਲ ਚਿਹਰਾ ਤੇ ਸਿਰ 'ਤੇ ਕਾਲੇ ਘੁੰਘਰਾਲੇ ਵਾਲ। ਇਸ ਤਰ੍ਹਾਂ ਵੇਖਦਿਆਂ ਹੀ ਹਰ ਦਿਲ ਦੀ ਖਿੱਚ ਦਾ ਕਾਰਨ ਬਣਦੀ। ਭੰਗੂੜੇ ਵਿੱਚ ਪਈ ਅੰਗੂਠਾ ਚੂਸਦੀ ਇੰਜ ਲੱਗਦੀ ਜਿਵੇਂ ਮਨਿਆਰੀ ਦੀ ਦੁਕਾਨ 'ਤੇ ਸ਼ੋ ਕੇਸ ਵਿੱਚ ਸਜਾਈ ਰਬੜ ਦੀ ਗੁੱਡੀ ਹੋਵੇ, ਬਹੁਤ ਹੀ ਖੂਬਸੂਰਤ। ਦੋਵੇਂ ਜੀ ਵੇਖਦੇ ਤਾਂ ਫੁੱਲੇ ਨਾ ਸਮਾਉਂਦੇ। ਉਹਨਾਂ ਨੇ ਉਸ ਦਾ ਗੁਲਾਬੀ ਰੰਗ ਵੇਖ ਕੇ ਹੀ ਉਸ ਦਾ ਪਿਆਰ ਦਾ ਨਾਂ ਪਿੰਕੀ ਰੱਖ ਲਿਆ ਸੀ।

ਉਹਨਾਂ ਦੇ ਘਰ ਦੇ ਸਾਹਮਣੇ ਹੀ ਪਾਰਕ ਸੀ। ਪਰ ਉਹਨਾਂ ਲਈ ਉਸ ਦਾ ਬਹੁਤਾ ਮਹੱਤਵ ਨਹੀਂ ਸੀ। ਦੋਵੇਂ ਪਤੀ ਪਤਨੀ ਨੌਕਰੀ ਪੇਸ਼ਾ ਸਨ। ਹਰਪ੍ਰੀਤ ਦੀ ਏਥੇ ਪੱਕੀ ਨੌਕਰੀ ਲੱਗੀ ਹੋਈ ਸੀ ਤੇ ਇਹ ਸ਼ਹਿਰ ਪੰਜਾਬ ਵਿੱਚ ਪੈਂਦਾ ਸੀ। ਤੇਜਿੰਦਰ ਦਾ ਸ਼ਹਿਰ ਹਰਿਆਣੇ ਵਿੱਚ ਸੀ। ਹੁਣ ਜ਼ਾਹਰ ਸੀ ਕਿ ਦੋਹਾਂ ਵਿੱਚੋਂ ਇੱਕ ਨੌਕਰੀ ਛੱਡ ਕੇ ਦੂਸਰੇ ਸਟੇਟ ਵਿੱਚ ਆ ਕੇ ਨੌਕਰੀ ਕਰ ਲਵੇ। ਉਹ ਤਾਂ ਹੀ ਇੱਕਠੇ ਰਹਿ ਸਕਦੇ ਸਨ।

ਹਰਪ੍ਰੀਤ ਕਾਲਜ ਵਿੱਚ ਪ੍ਰੋਫ਼ੈਸਰ ਸੀ ਤੇ ਉਸ ਨੂੰ ਇਹ ਥਾਂ ਛੱਡਣੀ ਠੀਕ ਨਹੀਂ ਸੀ ਲੱਗਦੀ। ਸੋ ਤੇਜਿੰਦਰ ਨੇ ਵੀ ਪੰਜਾਬ ਵਿੱਚ ਨੌਕਰੀ ਜੁਆਇਨ ਕਰ ਲਈ ਅਤੇ ਫੇਰ ਤਬਾਦਲਾ ਕਰਵਾਕੇ ਉਸੇ ਸ਼ਹਿਰ ਵਿੱਚ ਆ ਗਿਆ। ਜਲਦੀ ਹੀ ਉਹਨਾਂ ਨੂੰ ਆਪਣੀ ਮਰਜੀ ਦਾ ਸੁੰਦਰ ਮਕਾਨ ਮਿਲ ਗਿਆ। ਦੋਵੇਂ ਆਪਣੇ ਪ੍ਰੀਵਾਰਾਂ ਤੋਂ ਹਟ ਕੇ ਇੱਕ ਵੱਖਰੇ ਸ਼ਹਿਰ ਵਿੱਚ ਅਬਾਦ ਹੋ ਗਏ। ਉਹ ਭਾਵੇਂ ਪਾਰਕ ਵਿੱਚ ਕਦੇ ਨਹੀਂ ਸਨ ਗਏ ਪਰ ਉਹਨਾਂ ਦੀ ਕੋਠੀ ਦੇ ਚੁਬਾਰੇ ਦੀ ਬਾਲਕੋਨੀ ਵਿੱਚ ਖਲੋ ਕੇ ਪਾਰਕ ਵਿੱਚ ਹੁੰਦੀ ਹਰ ਹਰਕਤ ਨੂੰ ਵੇਖਿਆ ਜਾ ਸਕਦਾ ਸੀ।

ਪਾਰਕ ਵਿੱਚ ਭਾਵੇਂ ਘਾਹ ਵੀ ਲਗਾਇਆ ਗਿਆ ਸੀ ਪਰ ਬੱਚਿਆਂ ਨੇ ਖੇਡ ਖੇਡ ਕੇ ਇੱਕ ਪਾਸਿਓਂ ਘਾਹ ਦਾ ਨਾਮੋ ਨਿਸ਼ਾਨ ਮਿਟਾ ਦਿੱਤਾ ਸੀ। ਛੋਟੇ ਬੱਚੇ ਅਕਸਰ ਏਸੇ ਥਾਂ ਮਿੱਟੀ ਵਿੱਚ ਖੇਡਦੇ ਕਿਲਕਾਰੀਆਂ ਮਾਰਦੇ। ਕਈਆਂ ਦੇ ਮੂੰਹ ਸਿਰ ਮਿੱਟੀ ਨਾਲ ਲਿੱਬੜੇ ਹੁੰਦੇ। ਇਹ ਵੇਖ ਕੇ ਹਰਪ੍ਰੀਤ ਸੋਚਦੀ ਮੈਂ ਆਪਣੀ ਬੱਚੀ ਨੂੰ ਪਾਰਕ ਵਿੱਚ ਬਿਲਕੁਲ ਨਹੀਂ ਖੇਡਣ ਦਿਆਂਗੀ।

ਬੱਚਿਆਂ ਵੱਲ ਵੇਖ ਕੇ ਸੋਚਦੀ, "ਇਹ ਐਨਾ ਮਾਸੂਮ ਜਿਹਾ ਬੇਦਾਗ ਚਿਹਰਾ ਮਿੱਟੀ ਲੱਗ ਕੇ ਮੈਲਾ ਹੋ ਜਾਵੇ ਮੈਂ ਨਹੀਂ ਵੇਖ ਸੱਕਦੀ। ਕਿੰਨੇ ਗੰਦੇ ਲੋਕ ਨੇ ਇਹ, ਬੱਚਿਆਂ ਦਾ ਖਿਆਲ ਵੀ ਨਹੀਂ ਰੱਖ ਸਕਦੇ। ਕਿੰਨੇ ਗੰਦੇ ਹੋ ਜਾਂਦੇ ਨੇ ਬੱਚੇ। ਫੇਰ ਕੀ ਪਤਾ ਮਿੱਟੀ ਘੱਟੇ ਵਿੱਚ ਅਨੇਕ ਪ੍ਰਕਾਰ ਦੇ ਕੀਟਾਣੂ ਵੀ ਤਾਂ ਹੁੰਦੇ ਨੇ। ਬੱਚੇ ਬੀਮਾਰ ਹੋ ਜਾਣ ਤਾਂ। ਨਾ-ਨਾ ... ਮੈਂ ਤਾਂ ਆਪਣੀ ਪਿੰਕੀ ਨੂੰ ਬੀਮਾਰ ਹੁੰਦੀ ਨਹੀਂ ਵੇਖ ਸੱਕਦੀ।"

ਉਹਨਾਂ ਦੀ ਪੱਕੀ ਸੁੰਦਰ ਕੋਠੀ ਦੇ ਅੰਦਰ ਬਾਹਰ ਸੁੰਦਰ ਸਾਫ਼ ਮਾਰਬਲ ਲੱਗਿਆ ਹੋਇਆ ਸੀ। ਥਾਂ ਥੋੜ੍ਹਾ ਹੋਣ ਕਰਕੇ ਘਾਹ ਵਗੈਰਾ ਲਗਾਉਣ ਲਈ ਜਗ੍ਹਾ ਨਹੀਂ ਸੀ ਬਚੀ। ਇਸ ਦੀ ਘਾਟ ਉਹਨਾਂ ਨੇ ਗਮਲਿਆਂ ਵਿੱਚ ਕੁਝ ਫੁੱਲ ਬੂਟੇ ਲਾ ਕੇ ਪੂਰੀ ਕਰ ਲਈ ਸੀ। ਸਾਫ਼ ਸੁਥਰਾ ਘਰ ਸੀ ਮਿੱਟੀ ਘੱਟੇ ਤੋਂ ਰਹਿਤ।

ਹੁਣ ਪਿੰਕੀ ਸਾਲ ਦੀ ਹੋ ਗਈ ਸੀ ਤੇ ਤੁਰਨ ਫਿਰਨ ਲੱਗ ਪਈ ਸੀ। ਘਰ ਵਿੱਚ ਉਸ ਦੀਆਂ ਕਿਲਕਾਰੀਆਂ ਗੂੰਜਦੀਆਂ ਤਾਂ

ਘਰ ਦੀ ਰੌਣਕ ਹੋਰ ਵੱਧ ਜਾਂਦੀ। ਦੋਵੇਂ ਪਤੀ ਪਤਨੀ ਨੌਕਰ ਪੇਸ਼ਾ ਸਨ ਅਤੇ ਉਹਨਾਂ ਦੋਵਾਂ ਦੇ ਪ੍ਰੀਵਾਰ ਵੀ ਉਹਨਾਂ ਦੇ ਨਾਲ ਨਹੀਂ ਸਨ। ਛੇ ਕੁ ਮਹੀਨੇ ਤਾਂ ਹਰਪ੍ਰੀਤ ਦੀ ਮਾਂ ਉਹਨਾਂ ਦੇ ਕੋਲ ਰਹੀ ਪਰ ਉਹ ਆਪਣਾ ਘਰ ਛੱਡ ਕੇ ਏਥੇ ਕਿੰਨਾ ਕੁ ਚਿਰ ਰਹਿ ਸਕਦੀ ਸੀ। ਤੇਜਿੰਦਰ ਦੇ ਮਾਤਾ ਪਿਤਾ ਦੀਆਂ ਆਪਣੀਆਂ ਜ਼ਿੰਮੇਵਾਰੀਆਂ ਸਨ। ਇਸ ਲਈ ਉਹਨਾਂ ਨੂੰ ਬੱਚੀ ਦੀ ਸੰਭਾਲ ਲਈ ਕੋਈ ਹੋਰ ਉਪਰਾਲਾ ਕਰਨਾ ਪੈਣਾ ਸੀ। ਦੋ ਕੁ ਮਹੀਨੇ ਤਾਂ ਉਹ ਕਾਲਜ ਵਿੱਚੋਂ ਛੁੱਟੀ ਲੈ ਕੇ ਬੱਚੀ ਦੀ ਸੰਭਾਲ ਵਾਸਤੇ ਘਰ ਰਹੀ ਪਰ ਫੇਰ ਉਹਨਾਂ ਨੇ ਹੋਰ ਨੌਕਰੀ ਪੇਸ਼ਾਂ ਦੰਪਤੀਆਂ ਵਾਂਗ ਆਪਣੀ ਬੱਚੀ ਨੂੰ ਕਰੈਚ ਵਿੱਚ ਦਾਖਲ ਕਰਾਉਣ ਦਾ ਮਨ ਬਣਾ ਲਿਆ। ਇਹ ਸ਼ਿਸ਼ੂ ਗ੍ਰਹਿ ਉਹਨਾਂ ਦੇ ਘਰ ਤੋਂ ਬਹੁਤਾ ਦੂਰ ਵੀ ਨਹੀਂ ਸੀ। ਤੇਜਿੰਦਰ ਦੇ ਰਾਹ ਵਿੱਚ ਹੀ ਪੈਂਦਾ ਸੀ। ਸੋ ਉਹ ਦਫ਼ਤਰੋਂ ਪਰਤਦਾ ਬੱਚੀ ਨੂੰ ਮੋਟਰ ਸਾਈਕਲ ਤੇ ਬਿਠਾ ਲਿਆਉਂਦਾ।

ਦਾਖਲ ਕਰਵਾਉਣ ਲੱਗੇ ਹੀ ਕਰੈਚ ਦੀ ਸੰਚਾਲਕ ਨੂੰ ਉਹਨਾਂ ਨੇ ਖਾਸ ਹਿਦਾਇਤ ਕਰ ਦਿੱਤੀ ਸੀ ਕੀ ਸਾਡੀ ਬੱਚੀ ਦੂਸਰੇ ਬੱਚਿਆਂ ਦੇ ਨਾਲ ਨਹੀਂ ਖੇਡੇਗੀ ਤੇ ਨਾ ਹੀ ਉਸ ਨੂੰ ਪਾਰਕ ਵਗੈਰਾ ਵਿੱਚ ਜਾਂ ਮਿੱਟੀ ਘੱਟੇ ਵਾਲੀ ਥਾਂ ਤੇ ਖੇਡਣ ਦਿੱਤਾ ਜਾਵੇ। ਕਿਓਂਕਿ ਓਥੇ ਖੇਡਦੇ ਬੱਚੇ ਗੰਦੇ ਹੋ ਜਾਂਦੇ ਸਨ ਤੇ ਉਹ ਇਹ ਨਹੀ ਸੀ ਚਾਹੁੰਦੀ ਕਿ ਮੇਰੀ ਫੁੱਲ ਵਰਗੀ ਬੱਚੀ ਵੀ ਮਿੱਟੀ ਘੱਟੇ ਵਿੱਚ ਖੇਡ ਕੇ ਗੰਦੀ ਜਾਂ ਮੈਲੀ ਹੋ ਜਾਵੇ। ਉਹਨਾ ਨੇ ਉਸ ਦੀ ਆਇਆ ਨੂੰ ਸਖਤ ਹਿਦਾਇਤ ਕੀਤੀ ਹੋਈ ਸੀ ਕਿ ਉਸ ਨੂੰ ਧੁੱਪ ਵਿੱਚ ਬਿਲਕੁਲ ਨਾ ਕੱਢਿਆ ਜਾਵੇ। ਮਤੇ ਗੁਲਾਬ ਦੇ ਫੁੱਲ ਵਰਗਾ ਉਸ ਦਾ ਨਾਜ਼ੁਕ ਪਿਆਰਾ ਮੁੱਖ ਧੁੱਪ ਲੱਗਕੇ ਕੁਮਲਾ ਜਾਵੇ। ਅੰਨ੍ਹਾ ਕੀ ਭਾਲੇ ਦੋ ਅੱਖਾਂ, ਕਰੈਚ ਵਾਲੇ ਤਾਂ ਪਹਿਲਾਂ ਹੀ ਬੱਚਿਆਂ ਨੂੰ ਕੈਦੀਆਂ ਵਾਂਗ ਰੱਖਦੇ ਸਨ।

ਇਸ ਤਰ੍ਹਾਂ ਦੋ ਸਾਲ ਹੋਰ ਲੰਘ ਗਏ। ਹੁਣ ਉਹਨਾਂ ਨੇ ਪਿੰਕੀ ਨੂੰ ਸਕੂਲ ਵਿੱਚ ਦਾਖਲ ਕਰਵਾ ਦਿੱਤਾ। ਪਰ ਪਿੰਕੀ ਜਿਵੇਂ ਇੱਕ ਕੈਦ 'ਚੋਂ ਦੂਜੀ ਕੈਦ ਵਿੱਚ ਚਲੀ ਗਈ ਹੋਵੇ। ਇੱਥੇ ਉਸ ਤੋਂ ਵੀ ਸਖ਼ਤ ਡਸਿਪਲਨ, ਘਰ ਆ ਕੇ ਵੀ ਉਸ ਨੂੰ ਬਾਹਰ ਨਾ ਨਿਕਲਣ ਦਿੱਤਾ ਜਾਂਦਾ। ਨਾ ਬੱਚਿਆਂ ਵਿੱਚ ਖੇਡਣ ਦਿੱਤਾ ਜਾਂਦਾ। ਘਰ ਕੋਈ ਹੋਰ ਬੱਚਾ ਤਾਂ ਹੈ ਨਹੀਂ ਸੀ ਤੇ ਅਜੇ ਸਕੂਲ ਵਿੱਚ ਵੀ ਉਸ ਦਾ ਦਿਲ ਨਹੀਂ ਸੀ ਲੱਗਾ। ਐਲ.ਕੇ.ਜੀ. ਦੇ ਬੱਚਿਆਂ ਨੂੰ ਤਾਂ ਅਜੇ ਦੂਜੇ ਬੱਚਿਆਂ ਵਿੱਚ ਖੇਡਣ ਦੀ ਇਜ਼ਾਜ਼ਤ ਵੀ ਨਹੀਂ ਸੀ। ਬੱਚੇ ਉਪਰੀ ਥਾਂ ਅਤੇ ਬੇ-ਵਾਕਫੀ ਕਰਕੇ ਪਹਿਲਾਂ ਪਹਿਲ ਤਾਂ ਵੈਸੇ ਵੀ ਸਹਿਮੇ ਸਹਿਮੇ ਰਹਿੰਦੇ ਹਨ। ਪਿੰਕੀ ਆਪਣੇ ਆਪ ਨੂੰ ਇੱਕ ਕੈਦ ਵਰਗੀ ਘੁਟਨ ਵਿੱਚ ਮਹਿਸੂਸ ਕਰਦੀ ਪਰ ਬੱਚੀ ਕਿਸ ਨੂੰ ਦੱਸਦੀ। ਦੁੱਖੀ ਹੋ ਕੇ ਰੋਂਦੀ ਰਹਿੰਦੀ। ਮੈਡਮ ਝਿੜਕਦੀ, ਚੁੱਪ ਚੁੱਪ ਡੁਸਕਦੀ ਸੌਂ ਜਾਂਦੀ।

ਉਹਨਾਂ ਦੀ ਬਹੁਤੀ ਦੇਖ ਰੇਖ ਹੁੰਦਿਆਂ ਵੀ ਬੱਚੀ ਕੁਮਲਾ ਗਈ ਸੀ। ਉਸ ਦਾ ਬਚਪਨ ਵਾਲਾ ਗੁਲਾਬੀ ਰੰਗ, ਸ਼ੋਖੀ ਤੇ ਹਾਸੇ ਭਰੀਆਂ ਕਿਲਕਾਰੀਆਂ ਗਾਇਬ ਹੋ ਗਈਆਂ ਸਨ। ਲਗਾਤਾਰ ਉਸ ਨੂੰ ਸੂਰਜ ਦੇ ਚਾਨਣ ਅਤੇ ਧਰਤੀ ਦੀ ਛੋਹ ਤੋਂ ਵਾਂਝਾ ਹੀ ਰੱਖਿਆ ਗਿਆ ਸੀ। ਉਹ ਸੋਚਦੇ ਸਨ ਕਿ ਬੱਚੀ ਦਾ ਗੋਰਾ ਰੰਗ ਸੂਰਜ ਦੀ ਧੁੱਪ ਨਾਲ ਸਾਂਵਲਾ ਹੋ ਜਾਵੇਗਾ। ਪਰ ਉਹ ਸਾਂਵਲੇ ਦੀ ਥਾਂ ਗੋਰੇ ਤੋਂ ਪੀਲਾ ਹੁੰਦਾ ਜਾ ਰਿਹਾ ਸੀ। ਉਸ ਦੀਆਂ ਸ਼ੋਖ ਅੱਖਾਂ ਵਿੱਚੋਂ ਚੰਚਲਤਾ ਦੀ ਥਾਂ ਉਦਾਸੀ ਦੀ ਝਲਕ ਉੱਭਰ ਆਈ ਸੀ। ਕਾਲੀਆਂ ਗੁਲਾਬੀ ਅੱਖਾਂ ਬੇ-ਨੂਰ ਜਿਹੀਆਂ ਬੱਗੀਆਂ ਬੱਗੀਆਂ ਦਿਸਣ ਲੱਗ ਪਈਆਂ ਸਨ। ਇਹ ਵੇਖ ਕੇ ਪਤੀ ਪਤਨੀ ਨੇ ਉਸ ਦੀ ਸਾਂਭ ਸੰਭਾਲ ਹੋਰ ਵਧਾ ਦਿੱਤੀ। ਉਹ ਪਤੀ ਨਾਲ ਲੜਦੀ,

"ਤੁਹਾਨੂੰ ਕਿਹਾ ਸੀ ਨਾ ਇਸ ਨੂੰ ਮੋਟਰਸਾਈਕਲ 'ਤੇ ਨਾ ਲੈ ਕੇ ਆਇਆ ਕਰੋ। ਰਾਹ ਵਿੱਚ ਉੱਡਦੀ ਧੂੜ ਮਿੱਟੀ ਕਰਕੇ ਹੀ ਇਹਨੂੰ ਕੋਈ ਰੋਗ ਹੋ ਗਿਆ ਲੱਗਦੈ। ਪੀਲੀਆ ਟਾਈਫਾਈਡ ਏਦਾਂ ਹੀ ਤਾਂ ਫੈਲਦੇ ਨੇ। ਘਰ ਕਾਰ ਕਿਹੜੇ ਕੰਮ ਜੇ ਬੱਚੇ ਹੀ ਤੰਦਰੁਸਤ ਨਾ ਰਹਿਣ।"

ਤਾਂ ਉਸ ਨੂੰ ਤੇਜਿੰਦਰ ਅੱਗੋਂ ਆਖਦਾ, "ਸਾਰੇ ਹੋਰ ਬੱਚੇ ਵੀ ਤਾਂ ਏਵੇਂ ਹੀ ਆਉਂਦੇ ਜਾਂਦੇ ਨੇ ਉਹਨਾਂ ਨੂੰ ਤਾਂ ਧੂੜ ਨੇ ਬੀਮਾਰ ਨਹੀਂ ਕੀਤਾ।"

"ਸਾਨੂੰ ਲੋਕਾਂ ਨਾਲ ਰੀਸ ਐ", ਉਹ ਆਖਦੀ।

ਉਹ ਜਿਵੇਂ ਸੁੱਤੇ ਤੋਂ ਜਾਗੇ ਸਨ। ਝੱਟ ਡਾਕਟਰ ਕੋਲ ਜਾ ਪਹੁੰਚੇ। ਡਾਕਟਰ ਨੇ ਚੈਕ ਕਰਕੇ ਕਿਹਾ, "ਹੋਰ ਤਾਂ ਕੋਈ ਨੁਕਸ ਨਹੀਂ ਆਇਆ, ਖ਼ੂਨ ਦੀ ਕਮੀ ਐਂ। ਤੁਸੀਂ ਲੋਕ ਬੱਚਿਆਂ ਨੂੰ ਸੰਤੁਲਿਤ ਅਹਾਰ ਨਹੀਂ ਦੇਂਦੇ। ਤੁਹਾਡੇ ਵਰਗੇ ਪੜ੍ਹੇ ਲਿਖੇ ਲੋਕਾਂ ਦੇ

ਬੱਚੇ ਵੀ ਅਨੀਮਿਆਂ ਤਾ ਸ਼ਿਕਾਰ ਹੋ ਜਾਣ ਤਾਂ ਫਿਰ ਅਨਪੜ੍ਹ ਲੋਕਾਂ ਦਾ ਕੀ ਹਾਲ।"

"ਪਰ ਡਾਕਟਰ ਸਾਹਿਬ ਅਸੀਂ ਤਾਂ ਇਹਨੂੰ ਸਭ ਕੁਝ ਦੇਂਦੇ ਹਾਂ। ਘਰ ਜਾ ਕੇ ਵੇਖੋ ਫਰਿਜ਼ ਹਰ ਤਰ੍ਹਾਂ ਦੇ ਫਰੂਟ ਨਾਲ ਭਰੀ ਪਈ ਐ। ਪਤਾ ਨਹੀਂ ਇਸ ਦੀ ਭੁੱਖ ਹੀ ਕਿਓਂ ਮਰ ਗਈ ਐ।"ਹਰਪ੍ਰੀਤ ਨੇ ਉਦਾਸ ਲਹਿਜੇ ਵਿੱਚ ਕਿਹਾ।

ਤੇ ਫਿਰ ਇੱਕ ਸਾਲ ਡਾਕਟਰ ਬਦਲ ਬਦਲ ਕੇ ਇਲਾਜ ਦਾ ਦੌਰ ਚੱਲਿਆ। ਹਰ ਤਰ੍ਹਾਂ ਦੇ ਟੈਸਟ ਕਰਵਾਏ ਗਏ ਪਰ ਸਾਕਾਰਾਤਮਕ ਨਤੀਜਾ ਨਾ ਨਿਕਲਿਆ। ਹਰੇਕ ਡਾਕਟਰ ਏਹੋ ਕਹਿੰਦਾ, "ਖ਼ੂਨ ਦੀ ਕਮੀ ਐਂ। ਲੀਵਰ ਵਿੱਚ ਨੁਕਸ ਹੋ ਸੱਕਦੈ। ਰੀਪੋਰਟ ਤਾਂ ਸਭ ਨਾਰਮਲ ਆ ਰਹੀ ਐ।"

ਪੇਟ ਦੇ ਕੀੜਿਆਂ ਦੀ ਦਵਾਈ ਦੇ ਦੇਂਦੇ ਜਾਂ ਆਪੋ ਆਪਣੇ ਅੰਦਾਜੇ ਮੁਤਾਬਕ ਦਵਾਈਆਂ ਬਦਲ ਬਦਲ ਕੇ ਦੇਈ ਜਾਂਦੇ। ਤੇ ਦਵਾਈ ਬਿਨ੍ਹਾਂ ਨਾਗੇ ਦੇਈ ਜਾਣ ਦੀ ਹਿਦਾਇਤ ਵੀ ਕਰਦੇ।

ਹੁਣ ਬੱਚੀ ਦੀ ਹਾਲਤ ਹੋਰ ਨਾਜ਼ੁਕ ਹੋ ਗਈ। ਉਸ ਦੇ ਦਿਮਾਗ 'ਤੇ ਦਵਾਈਆਂ ਦਾ ਇੱਕ ਵੱਡਾ ਬੋਝ ਹੋਰ ਆਣ ਪਿਆ। ਖਾਣਾ ਪੀਣਾ ਹੋਰ ਘੱਟ ਕਰ ਦਿੱਤਾ। ਘੱਟ ਬੋਲਦੀ ਤੇ ਹੋਰ ਉਦਾਸ ਰਹਿਣ ਲੱਗ ਪਈ। ਮਾਂ ਦੀਆਂ ਝਿੜਕਾਂ ਤੋਂ ਡਰਦੀ ਉਹ ਰੋ ਵੀ ਨਾ ਸਕਦੀ ਅਤੇ ਘੁੱਟੀ ਘੁੱਟੀ ਰਹਿੰਦੀ। ਦਵਾਈ ਦੇਣ ਵੇਲੇ ਦਵਾਈ ਨੂੰ ਵੇਖ ਕੇ ਤਾਂ ਉਸ ਦੀ ਜਿਵੇਂ ਜਾਨ ਹੀ ਨਿਕਲ ਜਾਂਦੀ।

"ਮੰਮੀ ਮੈਂ ਨਹੀਂ ਦਵਾਈ ਖਾਣੀ, ਹਾਏ ਮੈਂ ਦਵਾਈ ਨਹੀਂ ਖਾਣੀ।"ਆਖਦੀ ਉਹ ਉੱਚੀ ਉੱਚੀ ਰੋਂਦੀ ਉੱਭੇ ਸਾਹ ਲੈਣ ਲੱਗਦੀ।

ਇਹ ਵੇਖ ਕੇ ਹਰਪ੍ਰੀਤ ਦੇ ਅੰਦਰ ਜਿਵੇਂ ਰੁੱਗ ਭਰਿਆ ਜਾਂਦਾ। ਉਸ ਦੀਆਂ ਅੱਖਾਂ ਵਿਚੋਂ ਟੱਪ ਟੱਪ ਅੱਥਰੂ ਡਿੱਗਣ ਲੱਗਦੇ। ਪਰ ਉਸ ਕੋਲ ਇਸ ਦਾ ਹੱਲ ਵੀ ਤਾਂ ਨਹੀਂ ਸੀ। ਕਦੇ ਝਿੜਕਦੀ ਕਦੇ ਪਿਆਰ ਨਾਲ ਸਮਝਾਉਂਦੀ ਅਸੀਂ ਤੇਰੇ ਭਲੇ ਵਾਸਤੇ ਹੀ ਤਾਂ ਦੇਂਦੇ ਹਾਂ ਦਵਾਈ। ਕਦੇ ਆਪਣੇ ਕਰਮਾਂ ਨੂੰ ਕੋਸਦੀ।

ਕਦੇ ਕਦੇ ਮੌਕਾ ਵੇਖ ਕੇ ਪਿੰਕੀ ਪੌੜੀਆਂ ਚੜ੍ਹ ਉਪਰ ਚਲੀ ਜਾਂਦੀ ਤੇ ਬਾਲਕੋਨੀ ਦੀ ਜਾਲੀ ਵਿੱਚੋਂ ਪਾਰਕ ਵਿੱਚ ਖੇਡਦੇ ਬੱਚਿਆਂ ਵੱਲ ਹਸਰਤ ਨਾਲ ਵੇਖਦੀ ਰਹਿੰਦੀ।

ਇੱਕ ਦਿਨ ਏਸੇ ਤਰ੍ਹਾਂ ਵੇਖਦੀ ਨੂੰ ਹਰਪ੍ਰੀਤ ਨੇ ਪੁੱਛਿਆ, "ਪਿੰਕੀ ਬੇਟੇ ਕੀ ਵੇਖਦੀ ਐਂ?"

ਪਰ ਪਿੰਕੀ ਉਦਾਸ ਤੇ ਚੁੱਪ ਚਾਪ ਪਿੱਛੇ ਹੋ ਗਈ। ਫਿਰ ਡਰਦੀ ਡਰਦੀ ਹੌਲੀ ਜਿਹੀ ਬੋਲੀ, "ਮੰਮਾ ਆਪਾ ਪਾਰਕ ਵਿੱਚ ਕਿਉਂ ਨਹੀਂ ਜਾਂਦੇ?"

"ਨਾ ਬੇਟੇ ਪਾਰਕ ਵਿੱਚ ਗੰਦੇ ਲੋਕ ਆਉਂਦੇ ਨੇ। ਵੇਖ ਔਹ ਬੱਚੇ ਕਿੰਨੇ ਗੰਦੇ ਨੇ। ਇਹਨਾਂ ਨਾਲ ਖੇਡ ਕੇ ਬੀਮਾਰ ਹੋ ਜਾਈਦੈ।"

ਹਰਪ੍ਰੀਤ ਏਨਾ ਆਖ ਕੇ ਥੱਲੇ ਉੱਤਰ ਗਈ ਪਰ ਪਿੰਕੀ ਨੂੰ ਸਮਝ ਨਹੀਂ ਸੀ ਆ ਰਹੀ ਕਿ ਉਹ ਫਿਰ ਕਿਓਂ ਬੀਮਾਰ ਐ, ਮੈਂ ਤਾਂ ਗੰਦੇ ਥਾਂ ਵੀ ਨਹੀ ਗਈ। ਉਹ ਸੋਚਦੀ, ਪਰ ਉਸ ਦਾ ਦਿਲ ਉਹਨਾ ਬੱਚਿਆਂ ਵੱਲ ਖਿੱਚਿਆ - ਖਿੱਚਿਆ ਰਹਿੰਦਾ। ਸਖ਼ਤ ਡਸਿਪਲਨ ਦੇ ਖਰਵੇ ਹੱਥਾਂ ਵਿੱਚ ਕੋਮਲ ਕਲੀ ਮੁਰਝਾ ਗਈ ਸੀ।

ਹੁਣ ਜਦੋਂ ਦਵਾਈਆਂ ਦਿੱਤੀਆਂ ਜਾਂਦੀਆਂ, ਉਹ ਚੀਕਦੀ ਚਿਲਾਉਂਦੀ। ਪਰ ਉਸ ਦੀ ਮਾਂ ਧੱਕੇ ਨਾਲ ਢਾਹ ਕੇ ਉਸ ਦੇ ਸੰਘ ਵਿੱਚ ਦਵਾਈ ਸੁੱਟ ਦੇਂਦੀ। ਉਹ ਬਹੁਤ ਔਖੀ ਹੁੰਦੀ। ਕਦੇ ਕਦੇ ਉਸ ਨੂੰ ਗੋਤਾ ਲੱਗ ਜਾਂਦਾ ਤਾਂ ਉਪਰੋਂ ਹੋਰ ਝਿੜਕਾਂ ਸਹਿਣੀਆਂ ਪੈਂਦੀਆਂ।"ਚੱਜ ਨਾਲ ਦਵਾਈ ਖਾ ਲਿਆ ਕਰੇਂ ਤਾਂ ਗੋਤਾ ਕਿਉਂ ਲੱਗੇ।"

ਹਰਪ੍ਰੀਤ ਆਖਦੀ, "ਸਾਰੇ ਲੋਕਾਂ ਦੇ ਬੱਚੇ ਤੰਦਰੁਸਤ ਨੇ ਪਤਾ ਨਹੀਂ ਸਾਡੇ ਕਰਮਾਂ ਵਿੱਚ ਹੀ ਕੀ ਫ਼ਰਕ ਐ?"

ਪਿੰਕੀ ਦਾ ਜਿੰਨਾ ਜ਼ਿਆਦਾ ਦਵਾ ਦਾਰੂ ਕੀਤਾ ਜਾਂਦਾ ਓਨਾ ਹੀ ਉਹ ਹੋਰ ਉਦਾਸ ਤੇ ਚੁੱਪ ਚੁੱਪ ਹੁੰਦੀ ਜਾਂਦੀ। ਸਕੂਲ ਵੀ ਉਸ ਨੂੰ ਨਿਯਮ ਨਾਲ ਭੇਜ ਦਿੱਤਾ ਜਾਂਦਾ ਕਿ ਦੂਜੇ ਬੱਚਿਆਂ ਤੋਂ ਪਿੱਛੇ ਨਾ ਰਹਿ ਜਾਵੇ। ਪਰ ਓਥੇ ਵੀ ਉਹ ਗੁੰਮ ਸੁੰਮ ਬੈਠੀ ਰਹਿੰਦੀ। ਛੋਟੇ ਛੋਟੇ ਬੱਚੇ ਅੰਦਰ ਹੀ ਕੈਦ ਭੁਗਤਦੇ। ਕਦੇ ਰੋਂਦੇ ਕਦੇ ਹਟਕੋਰੇ ਲੈਂਦੇ ਸੌਂ ਜਾਂਦੇ। ਸਿਰ 'ਤੇ ਮੈਡਮ ਦੀ ਤਲਵਾਰ ਲਟਕਦੀ ਹਰ ਵੇਲੇ ਸਾਹ ਸੁਕਾਈ ਰੱਖਦੀ। ਪਿੰਕੀ ਜਿਵੇਂ ਦੋ ਪੁੜਾਂ ਦੇ ਵਿਚਾਲੇ ਪਿਸ ਰਹੀ ਹੋਵੇ। ਘਰ ਆ ਕੇ ਉਹ ਮੌਕਾ ਮਿਲਦਿਆਂ ਹੀ ਬਾਲਕੋਨੀ 'ਤੇ ਜਾ ਖਲੋਂਦੀ ਤੇ ਪਾਰਕ ਵਿੱਚ ਖੇਡਦੇ ਕਿਲਕਾਰੀਆਂ ਮਾਰਦੇ ਬੱਚਿਆਂ ਵੱਲ ਇੱਕ ਟੱਕ ਵੇਖਦੀ ਰਹਿੰਦੀ। ਫਿਰ ਮਾਂ ਤੋਂ ਡਰਦੀ ਕਿ ਕਿਤੇ ਝਿੜਕੇ ਹੀ ਨਾ ਹੇਠਾਂ ਉੱਤਰ ਆਉਂਦੀ।

ਹੌਲੀ-ਹੌਲੀ ਹਾਲਤ ਹੋਰ ਤਰਸਯੋਗ ਹੋ ਗਈ ਅਤੇ ਉਸਦੀ ਸਕੂਲ ਤੋਂ ਵੀ ਛੁੱਟੀ ਕਰ ਦਿੱਤੀ ਗਈ। ਹਰਪ੍ਰੀਤ ਨੇ ਵੀ ਕੁਝ ਦਿਨਾਂ ਦੀ ਕਾਲਜ ਤੋਂ ਛੁੱਟੀ ਲੈ ਲਈ। ਡਾਕਟਰ ਨੂੰ ਵਿਖਾਇਆ ਤਾਂ ਉਸ ਨੇ ਨਵੀਂ ਸਮੱਸਿਆ ਦੱਸ ਦਿੱਤੀ। ਇਸ ਨੂੰ ਮਾਨਸਿਕ ਰੋਗਾਂ ਦੇ ਮਾਹਰ ਡਾਕਟਰ ਨੂੰ ਵਖਾਓ, ਬੱਚੀ ਨੂੰ ਕੋਈ ਦਿਮਾਗੀ ਪ੍ਰੇਸ਼ਾਨੀ ਹੋ ਸਕਦੀ ਐ।

ਮਾਨਸਿਕ ਰੋਗਾਂ ਦੇ ਡਾਕਟਰ ਨੇ ਪੁੱਛ ਗਿੱਛ ਕੀਤੀ ਤਾਂ ਉਹਨਾਂ ਨੇ ਦੱਸਿਆ ਕਿ ਬੱਚੀ ਕਿਸੇ ਦੇ ਹੱਥ ਛੂਹਣ 'ਤੇ ਵੀ ਭਿੱਟਿਆ ਹੋਇਆ ਮਹਿਸੂਸ ਕਰਦੀ ਹੈ। ਕਪੜੇ ਆਦਿ ਬਦਲਵਾ ਲੈਂਦੀ ਐ। ਕੋਈ ਹੱਥ ਫੜ ਲਵੇ ਤਾਂ ਧੋਣ ਨੂੰ ਕਹਿੰਦੀ ਐ। ਪਰ ਉਹਨਾਂ ਨੂੰ ਇਹ ਤਾਂ ਭੁੱਲ ਹੀ ਗਿਆ ਸੀ ਕਿ ਅਸੀਂ ਹੁਣ ਤੱਕ ਇਸ ਨੂੰ ਏਹੋ ਤਾਂ ਸਿਖਾਇਆ ਹੈ।

ਡਾਕਟਰ ਨੇ ਕੁਝ ਹਿਦਾਇਤਾਂ ਤੇ ਦਵਾਈਆਂ ਦੇ ਕੇ ਭੇਜ ਦਿੱਤਾ। ਦਵਾਈ ਤਾਂ ਉਹ ਸ਼ਾਮ ਸਵੇਰੇ ਦੇਂਦੇ ਪਰ ਹਿਦਾਇਤਾਂ 'ਤੇ ਅਮਲ ਕੌਣ ਕਰਦਾ। ਹਰਪ੍ਰੀਤ ਤਾਂ ਬੱਚੀ ਦੀ ਚਿੰਤਾ ਵਿੱਚ ਆਪ ਮਾਨਸਿਕ ਰੋਗੀ ਹੋ ਚੱਲੀ ਸੀ। ਉਸ ਦੇ ਅੰਦਰ ਡੂੰਘੀ ਉਦਾਸੀ ਦਾ ਹਨੇਰਾ ਛਾਈ ਜਾ ਰਿਹਾ ਸੀ।

ਤਿੰਨ ਚਾਰ ਦਿਨਾਂ ਤੋਂ ਉਸ ਨੇ ਗਮਲਿਆਂ ਵਿੱਚ ਲੱਗੇ ਬੂਟਿਆਂ ਵੱਲ ਵੀ ਧਿਆਨ ਨਹੀ ਸੀ ਦਿੱਤਾ। ਗਰਮੀਆਂ ਦੇ ਦਿਨਾ ਵਿੱਚ ਉਹ ਕੁਝ ਗਮਲਿਆਂ ਨੂੰ ਤੇਜ ਧੁੱਪ ਤੋਂ ਬਚਾਉਣ ਲਈ ਅੰਦਰ ਰੱਖ ਦੇਂਦੇ ਸਨ ਤੇ ਸ਼ਾਮ ਨੂੰ ਹੀ ਬਾਹਰ ਕੱਢਦੇ ਸਨ। ਪਰ ਹੁਣ ਕਈ ਦਿਨਾ ਤੋਂ ਉਹ ਬੂਟੇ ਅੰਦਰ ਰੱਖ ਕੇ ਬਾਹਰ ਕੱਢਣਾ ਹੀ ਭੁੱਲ ਗਈ ਸੀ।

ਕੋਈ ਫ਼ਰਕ ਨਾ ਪੈਂਦਾ ਵੇਖ ਕੇ ਦੋਵੇਂ ਪਤੀ ਪਤਨੀ ਉਸ ਨੂੰ ਚੰਡੀਗੜ੍ਹ ਪੀ.ਜ਼ੀ.ਆਈ. ਵਿੱਚ ਵਿਖਾਉਣ ਦੀਆਂ ਸਕੀਮਾਂ ਘੜਨ ਲੱਗੇ। ਅਸਲ ਵਿੱਚ ਡਾਕਟਰ ਤਾਂ ਠੀਕ ਸੀ ਪਰ ਉਹਨਾਂ ਦਾ ਆਪਣਾ ਹੌਸਲਾ ਡਾਵਾਂ ਡੋਲ ਹੋਇਆ ਪਿਆ ਸੀ। ਤੇਜਿੰਦਰ ਪ੍ਰੇਸ਼ਾਨੀ ਦੀ ਹਾਲਤ ਵਿੱਚ ਅੰਦਰ ਬਾਹਰ ਆ ਜਾ ਰਿਹਾ ਸੀ। ਮਨ ਨੂੰ ਚੈਨ ਹੀ ਨਹੀਂ ਸੀ ਆ ਰਿਹਾ।

ਅਚਾਨਕ ਉਸ ਨੇ ਅੰਦਰ ਜਾ ਕੇ ਹਰਪ੍ਰੀਤ ਨੂੰ ਅਵਾਜ਼ ਮਾਰੀ ਹਰਪ੍ਰੀਤ ਵੀ ਘਬਰਾਈ ਜਿਹੀ ਅੰਦਰ ਗਈ ਤਾਂ ਉਸ ਨੇ ਕਿਹਾ, "ਐਹ ਗਮਲੇ ਕਈ ਦਿਨਾਂ ਤੋਂ ਬਾਹਰ ਕਿਓਂ ਨਹੀਂ ਕੱਢੇ?"

ਤਾਂ ਅੱਗੋਂ ਹਰਪ੍ਰੀਤ ਨੇ ਉਦਾਸ ਸਵਰ 'ਚ ਉੱਤਰ ਦਿੱਤਾ, "ਐਹ ਕੁੜੀ ਨੇ ਤਾਂ ਮੇਰਾ ਵੀ ਦਿਮਾਗ ਚੁੱਕ ਦਿੱਤੈ। ਹੋਰ ਕਿਸੇ ਕੰਮ ਦਾ ਧਿਆਨ ਹੀ ਨਹੀਂ ਰਹਿੰਦਾ।"

"ਕਿੱਥੇ ਐ ਪਿੰਕੀ?" ਤੇਜਿੰਦਰ ਨੇ ਪੁੱਛਿਆ।

"ਪਤਾ ਨਹੀਂ? ਹੁਣੇ ਤਾਂ ਏਥੇ ਸੀ।"

ਦੋਵੇਂ ਪੌੜੀਆਂ ਚੜ੍ਹ ਕੇ ਉਪਰ ਗਏ। ਉਹਨਾਂ ਵੇਖਿਆਂ ਪਿੰਕੀ ਬਾਲਕੋਨੀ 'ਤੇ ਖਲੋ ਕੇ ਪਾਰਕ ਵਿੱਚ ਖੇਡਦੇ ਬੱਚਿਆਂ ਵੱਲ ਇੱਕ ਟੱਕ ਵੇਖੀ ਜਾ ਰਹੀ ਸੀ। ਉਸ ਨੂੰ ਉਹਨਾਂ ਦੇ ਆ ਜਾਣ ਦਾ ਪਤਾ ਹੀ ਨਾ ਲੱਗਾ। ਉਹ ਦੋਵੇਂ ਚੁੱਪ ਚਾਪ ਉਸ ਦੇ ਪਿੱਛੇ ਖਲੋ ਗਏ।

ਤੇਜਿੰਦਰ ਨੇ ਹਰਪ੍ਰੀਤ ਨੂੰ ਸੈਨਤ ਮਾਰੀ ਤੇ ਕਮਰੇ ਵਿੱਚ ਲੈ ਗਿਆ।

"ਤੂੰ ਸਮਝੀ ਏਂ ਕੁਝ ਹਰਪ੍ਰੀਤ?""

"ਨਹੀ"

ਆਪਣੇ ਗਮਲਿਆਂ ਦੇ ਬੂਟੇ ਧੁੱਪ ਵਿੱਚ ਨਾ ਰੱਖਣ ਕਰਕੇ ਮੁਰਝਾ ਗਏ ਨੇ।"ਉਹ ਉਸ ਨੂੰ ਹੇਠਾਂ ਲੈ ਆਇਆ।

"ਆਹ ਵੇਖ ਇਹ ਬੂਟੇ ਕਿਵੇਂ ਖਿੜਕੀ ਵੱਲ ਸੂਰਜ ਦੀ ਰੌਸ਼ਨੀ ਦੀ ਆਸ ਨਾਲ ਝੁਕ ਗਏ ਨੇ। ਤੂੰ ਵੇਖ ਰਹੀ ਐਂ ਨਾ..? ਕਿਵੇਂ ਪਿੰਕੀ ਵੀ ਹਸਰਤ ਨਾਲ ਪਾਰਕ ਵਿੱਚ ਖੇਡ ਰਹੇ ਬੱਚਿਆਂ ਵੱਲ ਵੇਖ ਰਹੀ ਐ।"

ਦੋਵੇਂ ਫੇਰ ਉਪਰ ਗਏ। ਪਿੰਕੀ ਨੂੰ ਬਾਹੋਂ ਫੜਿਆ ਤਾਂ ਉਹ ਘਬਰਾ ਗਈ।

"ਮੈਂ ਨਹੀਂ ਦਵਾਈ ਖਾਣੀ, ਹਾਏ ਮੈਂ ਨਹੀਂ ਦਵਾਈ ਖਾਣੀ ।"ਉਸ ਦੀ ਹਿਰਦੇ ਵਿਦਾਰਕ ਚੀਕ ਨਿਕਲ ਗਈ। ਕਿਉਂਕਿ ਦਵਾਈ ਦਾ ਟਾਈਮ ਹੋ ਗਿਆ ਸੀ ਤੇ ਇਹ ਸੋਚਦੀ ਸੀ ਕਿ ਉਹ ਉਸ ਨੂੰ ਦਵਾਈ ਦੇਣ ਵਾਸਤੇ ਲੈਣ ਆਏ ਹਨ।

"ਨਹੀ ਪਿੰਕੀ ਬੇਟਾ ਦਵਾਈ ਨਹੀ ਦੇਂਦੇ ਹੇਠਾਂ ਚੱਲ"।

ਪਰ ਪਿੰਕੀ ਹੇਠਾਂ ਜਾਣ ਨੂੰ ਤਿਆਰ ਹੀ ਨਹੀ ਸੀ।

ਉਹ ਉਸ ਨੂੰ ਨਾਲ ਲੈ ਕੇ ਹੇਠਾਂ ਉੱਤਰ ਆਏ। ਤੇਜਿੰਦਰ ਦਵਾਈ ਦੀਆਂ ਸਾਰੀਆਂ ਸ਼ੀਸ਼ੀਆਂ ਚੁੱਕ ਲਿਆਇਆ। ਉਹ ਵੇਖ ਕੇ ਫੇਰ ਚੀਕੀ, "ਹਾਏ ਮੈਂ ਨਹੀ ਦਵਾਈ ਲੈਣੀ, ਨਹੀ ਦਵਾਈ ਲੈਣੀ।"

ਪਿੰਕੀ ਚੀਕਾਂ ਮਾਰਕੇ ਮਾਂ ਨੂੰ ਚਿੰਬੜ ਗਈ। ਹਰਪ੍ਰੀਤ ਕੋਲੋਂ ਉਹਦਾ ਰੋਣਾ ਸੁਣਿਆ ਨਾ ਗਿਆ। ਉਸ ਨੇ ਪਿੰਕੀ ਨੂੰ ਚੁੱਕ ਕੇ ਸੀਨੇ ਨਾਲ ਘੁੱਟ ਲਿਆ।

"ਮੇਰੀ ਧੀ ਦਵਾਈ ਨਹੀਂ ਖਾਵੇਗੀ ਅੱਜ ਤੋਂ।"

ਤੇਜਿੰਦਰ ਨੇ ਸਾਰੀਆਂ ਸ਼ੀਸ਼ੀਆਂ ਪਿੰਕੀ ਦੇ ਸਾਹਮਣੇ ਇੱਕ ਲਿਫ਼ਾਫ਼ੇ ਵਿੱਚ ਪਾ ਕੇ ਪਿੰਕੀ ਨੂੰ ਪੁੱਛਿਆ, "ਸੁੱਟ ਦਈਏ ਦਵਾਈ?"

"ਹਾਂ ਹਾਂ ਸੁੱਟ ਦਿਓਂ।" ਉਹ ਓਧਰ ਵੇਖ ਵੀ ਨਹੀਂ ਰਹੀ ਸੀ।

"ਲੈ ਤੂੰ ਆਪ ਹੀ ਸੁੱਟ ਦੇ ਲੈ ਫੜ।"

ਪਿੰਕੀ ਨੇ ਝੱਟ ਪਿੱਛੇ ਮੁੜ ਕੇ ਵੇਖਿਆ ਜਿਵੇਂ ਉਸ ਦੇ ਮਨ ਦੀ ਮੁਰਾਦ ਪੂਰੀ ਹੋ ਰਹੀ ਹੋਵੇ। ਤੇਜਿੰਦਰ ਨੇ ਲਿਫ਼ਾਫਾ ਪਿੰਕੀ ਦੇ ਹੱਥ ਵਿੱਚ ਦੇ ਕੇ ਕਿਹਾ, "ਲੈ ਔਹ ਸਾਹਮਣੇ ਡਸਟਬੀਨ ਵਿੱਚ ਸੁੱਟ ਆ।"

ਉਹ ਝੱਟ ਥੱਲੇ ਉੱਤਰੀ ਤੇ ਲਿਫ਼ਾਫਾ ਫੜਕੇ ਡਸਟਬੀਨ ਵੱਲ ਤੁਰ ਪਈ। ਪਿੰਕੀ ਨੇ ਲਿਫ਼ਾਫਾ ਡਸਟਬੀਨ ਵਿੱਚ ਸੁੱਟ ਦਿੱਤਾ ਤੇ ਵਾਪਸ ਪਰਤੀ। ਉਸ ਦੇ ਚਿਹਰੇ ਦੇ ਭਾਵ ਤੋਂ ਲੱਗਦਾ ਸੀ ਕਿ ਉਸ ਦੇ ਮਨ ਤੋਂ ਇੱਕ ਬੋਝ ਉੱਤਰ ਗਿਆ ਹੈ ਤੇ ਫੇਰ ਬਾਹਰ ਨਿਕਲ ਕੇ ਪਾਰਕ ਵਿੱਚ ਖੇਡਦੇ ਬੱਚਿਆਂ ਵੱਲ ਵੇਖਣ ਲੱਗੀ।

"ਆਓ ਪਾਰਕ ਵਿੱਚ ਚੱਲੀਏ।" ਤੇਜਿੰਦਰ ਨੇ ਕਿਹਾ ਤੇ ਪਿੰਕੀ ਦਾ ਹੱਥ ਫੜ ਕੇ ਓਧਰ ਤੁਰ ਪਿਆ । ਹਰਪ੍ਰੀਤ ਵੀ ਉਸ ਦੇ ਪਿੱਛੇ ਪਿੱਛੇ ਆ ਗਈ। ਤਿੰਨੇ ਪਾਰਕ ਵਿੱਚ ਬਣੇ ਬੈਂਚ 'ਤੇ ਬੈਠ ਗਏ।

ਤੇਜਿੰਦਰ ਨੇ ਹੌਲੀ ਜਿਹੀ ਕਿਹਾ, "ਪਿੰਕੀ ਬੇਟਾ ਜਾਓ ਖੇਡੋ।" ਤਾਂ ਉਹ ਮਾਂ ਦੇ ਮੂੰਹ ਵੱਲ ਵੇਖਣ ਲੱਗੀ। ਜਿਵੇਂ ਉਹ ਹੁਣੇ ਉਸ ਨੂੰ ਝਿੜਕ ਦੇਵੇਗੀ ਕਿ

"ਪਿੰਕੀ ਗੰਦੇ ਬੱਚਿਆਂ ਵਿੱਚ ਨਹੀਂ ਖੇਡਣਾ।""

ਪਰ ਹਰਪ੍ਰੀਤ ਨੇ ਕਿਹਾ, "ਹਾਂ ਹਾਂ ਪਿੰਕੀ ਜਾਓ ਬੇਟਾ ਖੇਡੋ।""

ਸਾਹਮਣੇ ਨੇੜੇ ਹੀ ਕੁਝ ਬੱਚੇ ਖੇਡ ਰਹੇ ਸਨ। ਉਹ ਪਿੰਕੀ ਦੇ ਹਮ ਉਮਰ ਵੀ ਸਨ ਤੇ ਕੁਝ ਸਹਿਪਾਠੀ ਵੀ। ਪਿੰਕੀ ਪਹਿਲਾਂ ਤਾਂ ਕੁਝ ਝੱਕੀ ਫਿਰ ਹੌਲੀ-ਹੌਲੀ ਉਹਨਾਂ ਬੱਚਿਆਂ ਦੇ ਕੋਲ ਜਾ ਕੇ ਖਲੋ ਗਈ। ਪਰ ਅਜੇ ਉਸ ਦਾ ਖੇਡਣ ਦਾ ਹੀਆ ਨਹੀਂ ਸੀ ਪੈ ਰਿਹਾ। ਉਸ ਨੂੰ ਬੱਚਿਆਂ ਨਾਲ ਖੇਡਣ ਦੀ ਆਦਤ ਨਹੀਂ ਸੀ ਪੈਣ ਦਿੱਤੀ।

ਕੁਝ ਦੇਰ ਤਾਂ ਉਹ ਉਹਨਾਂ ਨੂੰ ਖਰੂਦ ਕਰਦੇ ਵੇਖਦੀ ਰਹੀ ਤੇ ਫੇਰ ਜਿਵੇਂ ਆਪੇ ਨੂੰ ਨਾ ਰੋਕ ਸੱਕੀ ਹੋਵੇ। ਉਹਨਾਂ ਦੀ ਵੇਖਾ ਵੇਖੀ ਮਿੱਟੀ ਚੁੱਕ ਕੇ ਉਡਾਉਣ ਲੱਗੀ। ਫੇਰ ਥੋੜ੍ਹੀ ਦੇਰ ਬਾਅਦ ਪਿੰਕੀ ਦੀ ਕਿਲਕਾਰੀ ਵੀ ਦੂਜੇ ਬੱਚਿਆਂ ਵਿੱਚ ਗੂੰਜੀ ਤਾਂ ਬੈਂਚ 'ਤੇ ਉਦਾਸ ਬੈਠੇ ਪਤੀ ਪਤਨੀ ਇੱਕ ਦਮ ਉਠ ਕੇ ਖਲੋ ਗਏ। ਜਿਵੇਂ ਆਪਣੇ ਹੱਕ ਦੀ ਟੀਮ ਦੇ ਜਿੱਤ ਜਾਣ ਦੀ ਖੁਸ਼ੀ ਮਨਾ ਰਹੇ ਹੋਣ।

ਹਰਪ੍ਰੀਤ ਉੱਠ ਕੇ ਪਿੰਕੀ ਵੱਲ ਜਾਣ ਲੱਗੀ ਤਾਂ ਤੇਜਿੰਦਰ ਨੇ ਰੋਕ ਲਿਆ। ਸ਼ਾਇਦ ਉਹ ਨਹੀ ਸੀ ਚਾਹੁੰਦਾ ਕਿ ਹੁਣੇ ਹੁਣੇ ਮਿਲੀ ਖੁਸ਼ੀ ਮਤੇ ਹਰਪ੍ਰੀਤ ਦੇ ਜਾਣ ਨਾਲ ਰੁੱਸ ਜਾਵੇ।

ਹਰਪ੍ਰੀਤ ਤੇਜਿੰਦਰ ਵੱਲ ਮੁਸਕਰਾਹਟ ਸੁੱਟਦੀ ਬੋਲੀ, "ਤੁਸੀਂ ਪਿੰਕੀ ਨੂੰ ਲੈ ਕੇ ਆ ਜਾਣਾ ਧੁੱਪ ਜਾਣ ਵਾਲੀ ਐ। ਮੈਂ ਗਮਲਿਆਂ ਨੂੰ ਕੁਝ ਦੇਰ ਧੁੱਪੇ ਰੱਖ ਦੇਵਾਂ ਜਾ ਕੇ। ਤੇ ਘਰ ਵੱਲ ਤੇਜ਼ ਤੇਜ਼ ਕਦਮਾਂ ਨਾਲ ਤੁਰ ਪਈ।

ਗਮਲੇ ਬਾਹਰ ਕੱਢ ਕੇ ਉਸ ਨੂੰ ਇੰਜ ਲੱਗਾ ਜਿਵੇਂ ਉਸ ਨੇ ਆਪਣੀ ਪਿੰਕੀ ਨੂੰ ਹਨੇਰੇ 'ਚੋਂ ਰੌਸ਼ਨੀ ਵਿੱਚ ਕੱਢਿਆ ਹੋਵੇ।

ਓਧਰ ਤੇਜਿੰਦਰ ਸੋਚ ਰਿਹਾ ਸੀ ਕਿ ਪਿੰਕੀ ਵੀ ਅਸੀਂ ਗਮਲਿਆਂ ਵਾਂਗੂ ਭੁਲੇਖੇ ਨਾਲ ਧਰਤੀ ਦੀ ਛੋਹ ਤੇ ਸੂਰਜ ਦੀ ਰੌਸ਼ਨੀ ਤੋਂ ਵਾਂਝੀ ਹੀ ਰੱਖੀ ਹੋਈ ਸੀ। ਸਾਡੀ ਗਲਤੀ ਦੀ ਸਜਾ ਇਸ ਮਾਸੂਮ ਨੂੰ ਕਿੰਨੀ ਦੇਰ ਭੋਗਣੀ ਪਈ।

ਠੀਕ ਹੀ ਤਾਂ ਸੀ ਜੋ ਰਾਜ ਉਹ ਦੇਰ ਤੱਕ ਉਸਦੇ ਮਾਂ ਬਾਪ ਹੁੰਦੇ ਹੋਏ ਵੀ ਨਾ ਜਾਣ ਸੱਕੇ, ਉਹ ਗਮਲੇ ਦੇ ਬੂਟੇ ਨੇ ਝੱਟ ਸਮਝਾ ਦਿੱਤਾ ਸੀ।

ਉਹ ਪਿੰਕੀ ਨੂੰ ਲੈਕੇ ਘਰ ਆਇਆ ਤਾਂ ਅੱਗੋਂ ਹਰਪ੍ਰੀਤ ਬੋਲੀ, "ਵੇਖੋ ਅੱਧਾ ਘੰਟਾ ਧੁੱਪੇ ਰੱਖਣ ਨਾਲ ਹੀ ਬੂਟਿਆਂ ਦੇ ਪੱਤੇ ਕਿਵੇਂ ਟਹਿਕ ਪਏ ਨੇ।""

"ਤੇ ਪਿੰਕੀ ਵੀ।" ਤੇਜਿੰਦਰ ਨੇ ਕਿਹਾ।

ਦੋਹਾਂ ਨੇ ਵੇਖਿਆਂ ਪਿੰਕੀ ਦੇ ਚਿਹਰੇ 'ਤੇ ਰੌਣਕ ਤੇ ਅੱਖਾਂ ਵਿੱਚ ਅਨੋਖੀ ਚਮਕ ਪਰਤ ਆਈ ਸੀ।

# ਜਗਜੀਤ ਸਿੰਘ ਦੀ ਗਾਇਕੀ : ਧੁੱਪੇ ਤੁਰਦਿਆਂ ਸੰਘਣੇ ਰੁੱਖ ਦੀ ਛਾਂ



**ਸ਼ੈਲੇਂਦਰ ਸ਼ੈਲ**

**ਅਨੁਵਾਦਕਾ : ਮਾਲਾ ਅਗਰਵਾਲ ਮਾਧਵੀ**

ਮੈਂ ਅਤੇ ਜਗਜੀਤ ਡੀ.ਏ.ਵੀ.ਕਾਲਜ, ਜਲੰਧਰ ਵਿੱਚ ਸਹਿਪਾਠੀ ਸੀ। ਉਹ ਸ਼੍ਰੀ ਗੰਗਾਨਗਰ ਤੋਂ ਆਇਆ ਸੀ। ਮੈਂ ਆਪਣੇ ਪਿਤਾ ਦੀ ਬਦਲੀ ਕਾਰਨ ਫਰੀਦਕੋਟ ਤੋਂ ਆਇਆ ਸੀ। ਸਾਡੇ ਸ਼ੁਰੂਆਤੀ ਦਿਨਾਂ ਵਿੱਚ, ਅਸੀਂ ਦੋਵੇਂ "ਤੱਪੜਵਾਲੇ ਸਕੂਲ" ਕਹੇ ਜਾਂਦੇ ਸਕੂਲਾਂ ਵਿੱਚ ਪੜ੍ਹਦੇ ਸੀ। ਬੈਂਚ ਅੱਠਵੀਂ ਜਮਾਤ ਤੋਂ ਬਾਅਦ ਹੀ ਮਿਲਦੇ ਸਨ। ਜਗਜੀਤ ਹੋਸਟਲ ਵਿੱਚ ਰਹਿੰਦਾ ਸੀ, ਅਤੇ ਅਸੀਂ ਆਦਰਸ਼ ਨਗਰ ਵਿੱਚ ਰਹਿੰਦੇ ਸੀ। ਜਦੋਂ ਮੈਂ ਉਸਨੂੰ ਮਿਲਿਆ, ਤਾਂ ਉਸਨੇ ਕਦੇ-ਕਦੇ ਕਾਲਜ ਦੇ ਸਮਾਗਮਾਂ ਵਿੱਚ ਗਾਉਣਾ ਸ਼ੁਰੂ ਕਰ ਦਿੱਤਾ ਸੀ। ਉਹ ਆਮ ਦਿਖਾਈ ਦਿੰਦਾ ਸੀ, ਦੂਜੇ ਸਿੱਖ ਮੁੰਡਿਆਂ ਵਾਂਗ। ਹਾਂ, ਉਹਨੇ ਸਹੀ ਢੰਗ ਨਾਲ ਪੱਗ ਬੰਨੀ ਹੁੰਦੀ ਅਤੇ ਮੋਟੀ ਦਾੜ੍ਹੀ ਕੱਸ ਕੇ ਬੰਨੀ ਹੁੰਦੀ ਸੀ - ਸ਼ਾਇਦ ਫਿਕਸੋ ਵੀ ਲਗਾਂਦਾ ਸੀ। ਉਹ ਅਕਾਦਮਿਕ ਤੌਰ 'ਤੇ ਔਸਤ ਸੀ। ਕਲਾਸ ਵਿੱਚ, ਉਹ ਹਮੇਸ਼ਾ ਪਿੱਛਲੀ ਸੀਟ ਦੀ ਭਾਲ ਕਰਦਾ ਸੀ ਤਾਂ ਜੋ ਉਹ ਅਧਿਆਪਕ ਦੀ ਨਜ਼ਰ ਤੋਂ ਬਚ ਸਕੇ। ਅਕਸਰ, ਉਹ ਮੈਨੂੰ ਜਾਂ ਕਿਸੇ ਹੋਰ ਨੂੰ ਹਾਜ਼ਰੀ ਲਵਾਉਣ ਲਈ ਕਹਿੰਦਾ ਸੀ। ਉਹ ਕਲਾਸ ਵਿੱਚ ਵੀ ਨਹੀਂ ਆਉਂਦਾ ਸੀ। ਉਹ ਸਿਰਫ਼ ਪਾਸ ਹੋਣਾ ਚਾਹੁੰਦਾ ਸੀ। ਮੈਂ ਥੋੜ੍ਹਾ ਜਿਹਾ ਪੜ੍ਹਾਕੂ ਕਿਸਮ ਦਾ ਸੀ। ਉਸਦੀ ਗੱਲਬਾਤ ਵਿੱਚ ਕੁਝ ਅਜਿਹਾ ਸੀ ਜੋ ਤੁਹਾਨੂੰ ਆਕਰਸ਼ਿਤ ਕਰਦਾ ਸੀ। ਪਰ ਫਿਰ ਵੀ ਉਹ ਮੇਰਾ ਅਜਿਹਾ ਦੋਸਤ ਨਹੀਂ ਸੀ ਜਿਵੇਂ ਸੁਰੇਸ਼ ਸੇਠ ਜਾਂ ਨਰਿੰਦਰ ਵਰਮਾ ਸੀ। ਮੇਰੀ ਅਤੇ ਸੁਰੇਸ਼ ਦੀ ਸਾਹਿਤ ਵਿੱਚ ਦਿਲਚਸਪੀ ਸੀ। ਉਹ ਕਹਾਣੀਆਂ ਲਿਖਣ ਦੀ ਕੋਸ਼ਿਸ਼ ਕਰ ਰਿਹਾ ਸੀ, ਅਤੇ ਮੈਂ ਕਵਿਤਾਵਾਂ ਲਿਖ ਰਿਹਾ ਸੀ। ਨਰਿੰਦਰ ਅਤੇ ਮੈਂ ਬਹਿਸ ਅਤੇ ਭਾਸ਼ਣ ਮੁਕਾਬਲਿਆਂ ਵਿੱਚ ਹਿੱਸਾ ਲੈ ਕੇ ਨੇੜੇ ਹੋਏ। ਉਸਦਾ ਸਾਹਿਤ ਨਾਲ ਕੋਈ ਲੈਣਾ-ਦੇਣਾ ਨਹੀਂ ਸੀ। ਇਸੇ ਤਰ੍ਹਾਂ, ਜਗਜੀਤ ਸੰਗੀਤ ਦੀ ਦੁਨੀਆ ਵਿੱਚ ਗੁਆਚਾ ਰਹਿੰਦਾ ਅਤੇ ਮੈਂ ਕਿਤਾਬਾਂ ਦੀ ਦੁਨੀਆ ਵਿੱਚ। ਇਹ ਦੋਵੇਂ ਇੱਕ ਦੂਜੇ ਤੋਂ ਵੱਖਰੇ ਸਨ।

ਮੈਂ ਜਗਜੀਤ ਨੂੰ ਹੌਲੀ-ਹੌਲੀ ਜਾਣਦਾ ਗਿਆ, ਪਰਤ-ਦਰ-ਪਰਤ। ਕਾਲਜ ਚੋਣਾਂ ਹੋ ਰਹੀਆਂ ਸਨ। ਤੀਜੇ ਸਾਲ ਦੇ ਪ੍ਰਤੀਨਿਧੀ ਨੂੰ ਉਪ-ਪ੍ਰਧਾਨ ਚੁਣਿਆ ਜਾਂਦਾ ਸੀ। ਐਮ.ਏ. ਪ੍ਰਤੀਨਿਧੀ ਨੂੰ ਪ੍ਰਧਾਨ। ਚੋਣਾਂ ਵਾਲੇ ਦਿਨ, ਜਗਜੀਤ ਆਪਣੇ ਕਮਰੇ ਵਿੱਚ ਬੈਠਾ ਅਭਿਆਸ ਕਰਦਾ ਰਿਹਾ ਅਤੇ ਵੋਟ ਪਾਉਣ ਵੀ ਨਹੀਂ ਆਇਆ। ਮੈਂ ਇੱਕ ਵੋਟ ਨਾਲ ਚੋਣ ਹਾਰ ਗਿਆ। ਮੈਂ ਅਗਲੇ ਦਿਨ ਉਸ ਨੂੰ ਆਪਣੀ ਨਾਰਾਜ਼ਗੀ ਜ਼ਾਹਰ ਕੀਤੀ। ਉਸਨੇ ਮਾਸੂਮੀਅਤ ਨਾਲ ਜਵਾਬ ਦਿੱਤਾ, "ਮਾਫ਼ ਕਰਨਾ ਦੋਸਤ। ਮੈਂ ਅਭਿਆਸ ਦੇ ਚੱਕਰ ਵਿੱਚ ਭੁੱਲ ਗਿਆ। ਖੈਰ, ਮੈਂ ਕਾਲਜ ਵਿਦਿਆਰਥੀ ਯੂਨੀਅਨ ਦਾ ਉਪ-ਪ੍ਰਧਾਨ ਬਣਨ ਤੋਂ ਖੁੰਝ ਗਿਆ। ਇੱਕ ਤਰ੍ਹਾਂ ਨਾਲ, ਇਹ ਇੱਕ ਚੰਗੀ ਗੱਲ ਸੀ। ਹੁਣ ਮੈਂ ਆਪਣੀ ਪੜ੍ਹਾਈ 'ਤੇ ਪੂਰਾ ਧਿਆਨ ਦੇ ਸਕਦਾ ਸੀ। ਕਹਾਣੀਕਾਰ ਰਵਿੰਦਰ ਕਾਲੀਆ ਨੂੰ ਪ੍ਰਧਾਨ ਚੁਣਿਆ ਗਿਆ। ਸ਼ਾਇਦ ਬਿਨਾਂ ਵਿਰੋਧ ਦੇ!

ਜਨਮ ਦੇ ਸਮੇਂ ਜਗਜੀਤ ਦਾ ਨਾਂ ਜਗਮੋਹਨ ਰੱਖਿਆ ਗਿਆ ਸੀ,ਪਰ ਇੱਕ ਗੁਰੂ ਦੇ ਕਹਿਣ 'ਤੇ, ਇਸਨੂੰ ਜਗਜੀਤ ਵਿੱਚ ਬਦਲ ਦਿੱਤਾ ਗਿਆ। ਇਹ ਸੰਗੀਤ ਜਗਤ 'ਤੇ ਉਸਦੀ ਜਿੱਤ ਦੀ ਪੂਰਵ-ਸੂਚਨਾ ਹੋ ਸਕਦੀ ਹੈ। ਉਸਦਾ ਬਚਪਨ ਗਰੀਬੀ ਵਿੱਚ ਬੀਤਿਆ। ਉਹ ਸੱਤ ਭੈਣ-ਭਰਾਵਾਂ ਵਿੱਚੋਂ ਇੱਕ ਸੀ, ਅਤੇ ਉਸਦੇ ਪਿਤਾ ਇੱਕ ਛੋਟੀ ਜਿਹੀ ਸਰਕਾਰੀ ਨੌਕਰੀ ਕਰਦੇ ਸਨ। ਘਰ ਵਿੱਚ ਬਿਜਲੀ ਅਤੇ ਪਾਣੀ ਦੀ ਘਾਟ ਸੀ। ਉਸਦੇ ਪਿਤਾ, ਅਮਰ ਸਿੰਘ ਨੇ ਛੋਟੀ ਉਮਰ ਵਿੱਚ ਹੀ ਉਸਦੀ ਸੰਗੀਤਕ ਪ੍ਰਤਿਭਾ ਨੂੰ ਪਛਾਣ ਲਿਆ ਅਤੇ ਉਸਨੂੰ ਸੰਗੀਤ ਦੀ ਸਿੱਖਿਆ ਲਈ ਇੱਕ ਦ੍ਰਿਸ਼ਟੀਹੀਣ ਗੁਰੂ, ਪੰਡਿਤ ਛਗਨਲਾਲ ਸ਼ਰਮਾ ਕੋਲ ਭੇਜਿਆ। ਸਕੂਲ ਤੋਂ ਬਾਅਦ, ਉਹ ਇੱਕ ਜਾਂ ਦੋ ਘੰਟੇ ਸੰਗੀਤ ਸਿੱਖਣ ਵਿੱਚ ਬਿਤਾਉਂਦਾ ਸੀ। ਉਸਨੇ ਛੇਵੀਂ ਜਾਂ ਸੱਤਵੀਂ ਜਮਾਤ ਵਿੱਚ ਹਾਰਮੋਨੀਅਮ ਵਜਾਉਣਾ ਸਿੱਖਿਆ। ਉਸਨੇ ਕਈ ਗੁਰੂ ਪੁਰਬਾਂ 'ਤੇ ਗੁਰਦੁਆਰੇ ਵਿੱਚ ਸੰਗੀਤਕ ਕੀਰਤਨਾਂ ਵਿੱਚ ਵੀ ਹਿੱਸਾ ਲਿਆ। ਉਸਨੇ ਆਪਣੀ ਪਤਲੀ, ਕੱਚੀ ਆਵਾਜ਼ ਵਿੱਚ ਰਫੀ ਦਾ ਇੱਕ ਗੀਤ, ਬੈਜੂ ਬਾਵਰਾ ਤੋਂ 'ਓ ਦੁਨੀਆ ਕੇ ਰੱਖਵਾਲੇ'

ਗਾਇਆ। ਉਸਦੇ ਇਸ ਗੀਤ ਦੀ ਬਹੁਤ ਪ੍ਰਸ਼ੰਸਾ ਹੋਈ। ਫਿਰ ਪੰਜ-ਛੇ ਸਾਲ ਉਸਨੇ ਸੇਨੀਆ ਘਰਾਣੇ ਦੇ ਉਸਤਾਦ ਜਮਾਲ ਖਾਨ ਤੋਂ ਸ਼ਾਸਤਰੀ ਸੰਗੀਤ ਸਿੱਖਿਆ।

ਡੀ.ਏ.ਵੀ. ਕਾਲਜ ਵਿੱਚ ਸੱਭਿਆਚਾਰਕ ਗਤੀਵਿਧੀਆਂ ਨੂੰ ਬਹੁਤ ਉਤਸ਼ਾਹਿਤ ਕੀਤਾ ਜਾਂਦਾ ਸੀ। ਪ੍ਰਿੰਸੀਪਲ ਸੂਰਜ ਭਾਨ ਨੇ ਇਹ ਜ਼ਿੰਮੇਵਾਰੀ ਪ੍ਰੋਫੈਸਰ ਪੀ.ਡੀ. ਚੌਧਰੀ ਨੂੰ ਦਿੱਤੀ ਹੋਈ ਸੀ। ਜਗਜੀਤ ਆਪਣੇ ਕਮਰੇ ਨੂੰ ਤਾਲਾ ਲਗਾ ਕੇ ਅਭਿਆਸ ਕਰਦਾ ਸੀ। ਜਦੋਂ ਹੋਰ ਵਿਦਿਆਰਥੀ ਇਤਰਾਜ਼ ਕਰਦੇ ਸਨ, ਤਾਂ ਉਹ ਪਿੱਛੇ ਜੰਗਲ ਵਿੱਚ ਚਲਾ ਜਾਂਦਾ ਸੀ। ਉਸ ਸਮੇਂ ਸਾਡੇ ਵਿੱਚੋਂ ਕਿਸੇ ਨੇ ਵੀ ਉਸਦੀ ਪ੍ਰਤਿਭਾ ਨੂੰ ਨਹੀਂ ਪਛਾਣਿਆ। ਹੌਲੀ-ਹੌਲੀ, ਉਸਨੇ ਇੱਕ ਹੋਰ ਵਿਦਿਆਰਥੀ, ਪੁਰਸ਼ੋਤਮ ਲਾਲ ਨਾਲ ਮੁਕਾਬਲਿਆਂ ਵਿੱਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਇਨਾਮ ਅਤੇ ਟਰਾਫੀਆਂ ਜਿੱਤਣੀਆਂ ਸ਼ੁਰੂ ਕਰ ਦਿੱਤੀਆਂ। ਉਨ੍ਹਾਂ ਨੇ ਕਈ ਯੂਨੀਵਰਸਿਟੀ ਪੱਧਰੀ ਯੁਵਕ ਮੇਲੇ ਜਿੱਤੇ। ਇਸ ਦੌਰਾਨ, ਨਰਿੰਦਰ ਅਤੇ ਮੈਂ ਬਹਿਸ ਮੁਕਾਬਲਿਆਂ ਵਿੱਚ ਇਨਾਮ ਜਿੱਤਣੇ ਸ਼ੁਰੂ ਕਰ ਦਿੱਤੇ। ਅਸੀਂ ਅਕਸਰ ਇੱਕੋ ਰੇਲਗੱਡੀ ਵਿੱਚ ਸਫ਼ਰ ਕਰਦੇ ਸੀ, ਕੁਲੀ ਦਾ ਖਰਚਾ ਬਚਾਉਣ ਲਈ ਆਪਣਾ ਸਮਾਨ ਆਪ ਚੁੱਕਦੇ ਸੀ। ਉਨ੍ਹਾਂ ਦਿਨਾਂ ਵਿੱਚ, ਜਗਜੀਤ ਨੇ ਕੁਝ ਗ਼ਜ਼ਲਾਂ ਦਾ ਇੰਨਾ ਅਭਿਆਸ ਕੀਤਾ ਸੀ ਕਿ ਉਹ ਨੀਂਦ ਵਿੱਚ ਗਾਉਂਦੇ ਹੋਏ ਵੀ ਇਨਾਮ ਜਿੱਤ ਸਕਦਾ ਸੀ। ਉਨ੍ਹਾਂ ਗ਼ਜ਼ਲਾਂ ਵਿੱਚੋਂ ਇੱਕ ਅਨਵਰ ਮਿਰਜ਼ਾ ਪੁਰੀ ਦੀ ਸੀ "ਰੁੱਖ ਸੇ ਪਰਦਾ ਹਟਾ ਦੇ ਜਰਾ ਸਾਕੀਆ ਕਿ ਅਬ ਰੰਗ ਏ ਮਹਿਫ਼?ਲ ਬਦਲ ਜਾਏਗਾ, ਜੋ ਹੈ ਬੇਹੋਸ਼ ਵੋ ਹੋਸ਼ ਮੇਂ ਆਏਗਾ, ਗਿਰਨੇ ਵਾਲਾ ਜੋ ਹੈ ਸੰਭਲ ਜਾਏਗਾ।" ਉਸਨੇ ਇਸਨੂੰ ਇੰਨੀ ਡੂੰਘਾਈ, ਮਿਠਾਸ ਅਤੇ ਇਮਾਨਦਾਰੀ ਨਾਲ ਗਾਇਆ, ਦਰਜਨਾਂ ਪੁਰਸਕਾਰ ਜਿੱਤੇ। ਉਸਨੇ ਇਸ ਗ਼ਜ਼ਲ ਨੂੰ 1976 ਵਿੱਚ ਆਪਣੀ ਪਹਿਲੀ ਐਲਬਮ, "ਅਨਫੋਰਗੇਟੇਬਲ" ਵਿੱਚ ਸ਼ਾਮਲ ਨਹੀਂ ਕੀਤਾ ਸੀ। ਕਈ ਸਾਲਾਂ ਬਾਅਦ 2004 ਦੇ ਐਲਬਮ, "ਮੁੰਤਜ਼ਿਰ" ਵਿੱਚ ਸ਼ਾਮਲ ਕੀਤਾ।

ਸਿਰਫ਼ ਇਸ ਲਈ ਕਿਉਂਕਿ ਉਹ ਮੇਰਾ ਦੋਸਤ ਅਤੇ ਸਹਿਪਾਠੀ ਸੀ, ਮੈਨੂੰ ਉਸਦੇ ਗੁਣ ਗਾਉਣੇ ਚਾਹੀਦੇ ਹਨ, ਇਹ ਮੇਰੇ ਲਈ ਬੇਈਮਾਨੀ ਹੋਵੇਗੀ ਅਤੇ ਜਗਜੀਤ ਦੀ ਗਾਇਕੀ ਨਾਲ ਬੇਇਨਸਾਫ਼ੀ ਹੋਵੇਗੀ। ਸਾਨੂੰ ਕੋਈ ਅੰਦਾਜ਼ਾ ਨਹੀਂ ਸੀ ਕਿ ਉਹ ਸੰਗੀਤ ਵਿੱਚ ਇੰਨੀਆਂ ਉਚਾਈਆਂ 'ਤੇ ਪਹੁੰਚ ਜਾਵੇਗਾ। ਅਸੀਂ ਅਕਸਰ ਉਸਨੂੰ ਤਾਨਸੇਨ ਦਾ ਪੁੱਤਰ ਜਾਂ ਸਹਿਗਲ ਦੀ ਆਤਮਾ ਕਹਿ ਕੇ ਛੇੜਦੇ ਸੀ। ਉਹ ਹੱਸ ਕੇ ਟਾਲ ਦਿੰਦਾ। ਦਰਅਸਲ, ਉਦੋਂ ਤੱਕ ਉਹ ਤਲਤ ਮਹਿਮੂਦ ਦੀ ਆਵਾਜ਼ ਦਾ ਦੀਵਾਨਾ ਸੀ। ਤਲਤ ਮੇਰਾ ਵੀ ਮਨਪਸੰਦ ਗਾਇਕ ਸੀ। ਅਸੀਂ ਬਿਨਾਂਕਾ ਗੀਤਮਾਲਾ ਜਾਂ ਹੋਰ ਰੇਡੀਓ ਪ੍ਰੋਗਰਾਮਾਂ 'ਤੇ ਉਸਦੇ ਗੀਤਾਂ ਦੀ ਉਡੀਕ ਕਰਦੇ ਸੀ। ਸਾਡੇ ਕੋਲ ਨਾ ਤਾਂ ਕੋਈ ਰਿਕਾਰਡ ਪਲੇਅਰ ਸੀ ਅਤੇ ਨਾਂ ਹੀ ਰਿਕਾਰਡ ਖਰੀਦਣ ਲਈ ਪੈਸੇ!

ਪੰਜ ਛੋਟੇ ਭੈਣ-ਭਰਾਵਾਂ ਦੇ ਨਾਲ ਇੱਕ ਛੋਟੇ ਜਿਹੇ ਘਰ ਵਿੱਚ ਰਹਿਣ ਕਰਕੇ, ਮੈਂ ਸਹੀ ਢੰਗ ਨਾਲ ਪੜ੍ਹਾਈ ਨਹੀਂ ਕਰ ਪਾ ਰਿਹਾ ਸੀ। ਇਸ ਲਈ, ਆਪਣੇ ਬੀਏ ਫਾਈਨਲ ਦੀ ਤਿਆਰੀ ਲਈ, ਮੈਂ ਪ੍ਰਿੰਸੀਪਲ ਨੂੰ ਬੇਨਤੀ ਕੀਤੀ ਅਤੇ ਹੋਸਟਲ ਵਿੱਚ ਦੋ ਮਹੀਨਿਆਂ ਲਈ ਇੱਕ ਕਮਰਾ ਲੈ ਲਿਆ। ਮੈਨੂੰ ਜਗਜੀਤ ਤੋਂ ਤਿੰਨ ਕਮਰੇ ਦੂਰ ਇੱਕ ਕਮਰਾ ਦਿੱਤਾ ਗਿਆ। ਸ਼ਾਮ ਨੂੰ, ਮੈਂ ਅਚਾਨਕ ਉਸਦੇ ਕਮਰੇ ਵਿੱਚ ਗਿਆ। ਤਲਤ ਦੇ ਪੋਸਟਰ ਇੱਕ ਕੰਧ 'ਤੇ ਚਿਪਕਾਏ ਗਏ ਸਨ। ਥੋੜ੍ਹੀ ਦੇਰ ਬਾਅਦ, ਉਸਨੇ ਦਰਵਾਜ਼ਾ ਬੰਦ ਕਰ ਦਿੱਤਾ, ਅਲਮਾਰੀ ਵਿੱਚੋਂ ਸਿਗਰਟਾਂ ਦਾ ਇੱਕ ਪੈਕੇਟ ਕੱਢਿਆ, ਅਤੇ ਮੈਨੂੰ ਪੇਸ਼ ਕੀਤਾ। ਮੈਂ ਥੋੜ੍ਹਾ ਹੈਰਾਨ ਰਹਿ ਗਿਆ, ਪਰ ਜਲਦੀ ਆਪਣੇ ਆਪ ਨੂੰ ਕਾਬੂ ਵਿੱਚ ਕਰ ਲਿਆ। ਮੈਂ ਕਿਹਾ, "ਤੁਸੀਂ ਸਿਗਰਟ ਪੀਂਦੇ ਹੋ, ਮੈਂ ਸਿਗਰਟ ਨਹੀਂ ਪੀਂਦਾ।" ਉਸਨੇ ਸਿਗਰਟ ਸੁਲਗਾਈ ਅਤੇ ਆਰਾਮ ਨਾਲ ਕਸ਼ ਲਗਾਣ ਲੱਗਾ। ਮੈਨੂੰ ਲੱਗਿਆ ਕਿ ਉਹ ਬੇਕਾਬੂ ਹੋ ਕੇ ਖੰਘਣਾ ਸ਼ੁਰੂ ਕਰ ਦੇਵੇਗਾ। ਪਰ ਇਸ ਦੀ ਬਜਾਏ, ਉਸਨੇ ਤਲਤ ਦਾ ਗੀਤ, "ਯੇ ਹਵਾ ਯੇ ਰਾਤ ਯੇ ਚਾਂਦਨੀ" ਗੁਣਗੁਣਾਉਣਾ ਸ਼ੁਰੂ ਕਰ ਦਿੱਤਾ।

"ਤਾਂ ਤੈਨੂੰ ਵੀ ਤਲਤ ਪਸੰਦ ਹੈ।"

"ਮੈਨੂੰ ਨਾ ਸਿਰਫ਼ ਉਹ ਪਸੰਦ ਹੈ, ਉਹ ਮੇਰਾ ਆਦਰਸ਼ ਹੈ। ਮੈਨੂੰ ਨਹੀਂ ਪਤਾ ਕਿ ਮੈਂ ਕਦੇ ਉਸ ਵਾਂਗ ਗਾ ਸਕਾਂਗਾ ਜਾਂ ਨਹੀਂ?" ਉਸ ਸਮੇਂ ਮੇਰੇ ਕੋਲ ਇਸ ਸਵਾਲ ਦਾ ਕੋਈ ਜਵਾਬ ਨਹੀਂ ਸੀ। ਬਾਅਦ ਵਿੱਚ ਸਮੇਂ ਨੇ ਖੁਦ ਹੀ ਜਵਾਬ ਦੇ ਦਿੱਤਾ।

ਮੈਂ ਦੂਜੇ ਅੰਗਰੇਜ਼ੀ ਪੇਪਰ ਤੋਂ ਪਹਿਲਾਂ ਸ਼ਾਮ ਨੂੰ ਉਸਨੂੰ ਦੁਬਾਰਾ ਮਿਲਿਆ। ਉਹ ਇੱਕ ਖਾਸ ਲੇਖ ਯਾਦ ਕਰ ਰਿਹਾ ਸੀ। ਜਦੋਂ ਮੈਂ ਉਸਨੂੰ ਪੁੱਛਿਆ, ਤਾਂ ਉਸਨੇ ਕਿਹਾ ਕਿ ਇਹ ਜ਼ਰੂਰ ਕੱਲ੍ਹ ਆਵੇਗਾ। ਉਸਨੇ ਮੈਨੂੰ ਇੱਕ ਕਾਗਜ਼ ਦਿੱਤਾ। ਇਹ ਪੇਪਰ ਦੀ ਹੱਥ ਲਿਖਤ ਕਾਰਬਨ ਕਾਪੀ ਸੀ। "ਰੱਟਾ ਮਾਰ ਲੈ - ਇਹੀ ਨਿਬੰਧ,

ਚਿੱਠੀਆਂ ਅਤੇ ਪੈਰਾਗਰਾਫ ਆਉਣਗੇ।" ਉਸਨੇ ਮੈਨੂੰ ਇਹ ਵੀ ਦੱਸਿਆ ਕਿ ਕੋਈ ਰੇਲਵੇ ਕਰਾਸਿੰਗ 'ਤੇ ਵੀਹ - ਵੀਹ ਰੁਪਏ ਵਿੱਚ ਵੇਚ ਰਿਹਾ ਹੈ। ਮੈਂ ਹੱਸ ਕੇ ਟਾਲ ਦਿੱਤਾ। "ਇਹ ਕਿਵੇਂ ਹੋ ਸਕਦਾ ਹੈ? ਠੀਕ ਹੈ, ਫਿਰ ਮਾਰੋ ਸਾਰੇ ਲੇਖਾਂ ਨੂੰ ਰੱਟਾ।" ਅਗਲੇ ਦਿਨ, ਮੈਂ ਹੈਰਾਨ ਰਹਿ ਗਿਆ ਜਦੋਂ ਬਿਲਕੁਲ ਉਹੀ ਸਵਾਲ ਆਏ। ਖੈਰ, ਕਿਉਂਕਿ ਮੈਂ ਚੰਗੀ ਤਰ੍ਹਾਂ ਤਿਆਰੀ ਕੀਤੀ ਸੀ, ਮੇਰਾ ਪੇਪਰ ਬਹੁਤ ਵਧੀਆ ਹੋਇਆ। ਕੁਝ ਦਿਨਾਂ ਬਾਅਦ ਪੇਪਰ ਦੁਬਾਰਾ ਲਿਆ ਗਿਆ, ਕਿਉਂਕਿ ਇਹ ਲੀਕ ਹੋ ਗਿਆ ਸੀ।

ਬੀ.ਏ. ਤੋਂ ਬਾਅਦ, ਉਹ ਐਮ.ਏ. (ਇਤਿਹਾਸ) ਕਰਨ ਲਈ ਕੁਰੂਕਸ਼ੇਤਰ ਯੂਨੀਵਰਸਿਟੀ ਗਿਆ। ਉੱਥੇ ਪ੍ਰਿੰਸੀਪਲ ਸੂਰਜ ਭਾਨ ਵਾਈਸ ਚਾਂਸਲਰ ਨਿਯੁਕਤ ਹੋ ਗਏ ਸੀ। ਉਹਨਾਂ ਨੇ ਜਗਜੀਤ ਦੀ ਪੂਰੀ ਫੀਸ, ਕਮਰਾ ਅਤੇ ਖਾਣਾ ਮੁਫ਼ਤ ਦਿੱਤਾ। ਮੇਰੇ ਕੋਲ ਸਕਾਲਰਸ਼ਿਪ ਸੀ, ਮੈਂ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਆਇਆ। ਉਸਨੇ ਆਪਣੀ ਐਮ.ਏ. ਦੀ ਪੜ੍ਹਾਈ ਅੱਧ ਵਿਚਕਾਰ ਛੱਡ ਦਿੱਤੀ ਅਤੇ ਕੁਝ ਸਮੇਂ ਲਈ ਇੱਧਰ-ਉੱਧਰ ਭਟਕਦਾ ਰਿਹਾ। ਉਸਨੂੰ ਦੋ-ਤਿੰਨ ਵਾਰ ਆਲ ਇੰਡੀਆ ਰੇਡੀਓ 'ਤੇ ਗਾਉਣ ਦਾ ਮੌਕਾ ਵੀ ਮਿਲਿਆ। 1965 ਵਿੱਚ, ਆਪਣੀਆਂ ਅੱਖਾਂ ਵਿੱਚ ਬਹੁਤ ਸਾਰੇ ਸੁਪਨੇ ਲੈ ਕੇ, ਉਹ ਪਠਾਨਕੋਟ ਐਕਸਪ੍ਰੈਸ ਰਾਹੀਂ ਮੁੰਬਈ ਲਈ ਰਵਾਨਾ ਹੋ ਗਿਆ। ਉੱਥੇ ਉਹ ਸਾਰਾ ਦਿਨ ਕੰਮ ਲਈ ਘੁੰਮਦਾ ਰਹਿੰਦਾ ਸੀ ਅਤੇ ਰਾਤ ਨੂੰ ਸ਼ੇਰ-ਏ-ਪੰਜਾਬ ਹੋਸਟਲ ਦੇ ਇੱਕ ਕਮਰੇ ਵਿੱਚ ਵਾਪਸ ਆ ਜਾਂਦਾ ਸੀ। ਉੱਥੇ ਚਾਰ ਲੋਹੇ ਦੇ ਮੰਜੇ ਅਤੇ ਖਟਮਲਾਂ ਨਾਲ ਭਰੇ ਗੱਦੇ ਪਏ ਹੁੰਦੇ ਸੀ। ਰਾਤ ਨੂੰ, ਬਾਕੀ ਤਿੰਨ ਲੋਕਾਂ ਦੇ ਘੁਰਾੜਿਆਂ ਤੋਂ ਅਣਜਾਣ, ਉਹ ਡੂੰਘੀ ਨੀਂਦ ਸੌਂ ਜਾਂਦਾ ਸੀ।

ਕੁਝ ਦਿਨਾਂ ਬਾਅਦ, ਉਸਨੂੰ ਮਹਿਸੂਸ ਹੋਇਆ ਕਿ ਲੋਕ ਉਸਦੀ ਪੱਗ ਅਤੇ ਦਾੜ੍ਹੀ ਕਾਰਨ ਉਸਨੂੰ ਇੱਕ ਗ਼ਜ਼ਲ ਗਾਇਕ ਵਜੋਂ ਗੰਭੀਰਤਾ ਨਾਲ ਨਹੀਂ ਲੈ ਰਹੇ ਸਨ। ਉਸਨੇ ਰੱਬ ਤੋਂ ਮਾਫ਼ੀ ਮੰਗੀ ਅਤੇ ਭਾਰੀ ਦਿਲ ਨਾਲ ਆਪਣੀ ਦਾੜ੍ਹੀ ਅਤੇ ਕੇਸ਼ ਕਟਵਾ ਲਏ। ਸ਼ੀਸ਼ੇ ਵਿੱਚ ਆਪਣਾ ਚਿਹਰਾ ਦੇਖ ਕੇ, ਉਸਨੂੰ ਲੱਗਾ ਕਿ ਸਭ ਠੀਕ ਹੈ - ਉਹ ਇੱਕ ਸੱਚੇ ਗ਼ਜ਼ਲ ਗਾਇਕ ਵਾਂਗ ਲੱਗ ਰਿਹਾ ਸੀ। ਉਸਨੇ ਆਪਣਾ ਨਾਮ ਬਦਲਣ ਬਾਰੇ ਸੋਚਿਆ ਜ਼ਰੂਰ, ਪਰ ਮਾਪਿਆਂ ਅਤੇ ਗੁਰੂ ਦੇ ਦਿੱਤੇ ਨਾਮ ਨੂੰ ਹੀ ਰਹਿਣ ਦਿੱਤਾ। ਉਸਨੇ ਸੋਚਿਆ ਕਿ ਜੇ ਉਸਨੇ ਕੁਝ ਬਣਨਾ ਹੈ ਤਾਂ ਇਸੇ ਨਾਮ ਨਾਲ ਬਣ ਜਾਏਗਾ।

ਸਰਟੀਫਿਕੇਟਾਂ ਦੀ ਫਾਈਲ ਚੁੱਕ, ਉਸਨੇ ਆਲ ਇੰਡੀਆ ਰੇਡੀਓ, ਸੰਗੀਤ ਨਿਰਦੇਸ਼ਕਾਂ ਅਤੇ ਰਿਕਾਰਡ ਕੰਪਨੀਆਂ ਦੇ ਚੱਕਰ ਲਗਾਉਣੇ ਸ਼ੁਰੂ ਕਰ ਦਿੱਤੇ। ਗੁਜ਼ਾਰਾ ਤੋਰਨ ਲਈ, ਉਸਨੇ ਨਿੱਜੀ ਪਾਰਟੀਆਂ ਅਤੇ ਵਿਆਹਾਂ ਵਿੱਚ ਗਾਉਣਾ ਸ਼ੁਰੂ ਕਰ ਦਿੱਤਾ। ਫਿਰ ਇਸ਼ਤਿਹਾਰਾਂ ਲਈ ਜਿੰਗਲ ਤਿਆਰ ਕਰਨ ਦਾ ਸਮਾਂ ਆਇਆ। ਸਾਲ 1967 ਵਿੱਚ, ਉਸਦੀ ਮੁਲਾਕਾਤ ਆਲ ਇੰਡੀਆ ਰੇਡੀਓ ਦੇ ਸਟੂਡੀਓ ਵਿੱਚ ਚਿਤਰਾ ਦੱਤਾ ਨਾਲ ਹੋਈ, ਜੋ ਤਲਾਕਸ਼ੁਦਾ ਅਤੇ ਸੰਘਰਸ਼ਸ਼ੀਲ ਸੀ। ਉਸਦੀ ਇੱਕ ਛੇ ਸਾਲ ਦੀ ਧੀ ਵੀ ਸੀ। ਉਨ੍ਹਾਂ ਨੂੰ ਪਤਾ ਹੀ ਨਹੀਂ ਲੱਗਾ ਕਿ ਇਹ ਮੁਲਾਕਾਤ ਹੌਲੀ-ਹੌਲੀ ਕਦੋਂ ਪਿਆਰ ਵਿੱਚ ਬਦਲ ਗਈ। ਸ਼ਾਇਦ ਇਹ ਸੰਗੀਤ ਸੀ ਜਿਸਨੇ ਉਨ੍ਹਾਂ ਨੂੰ ਇੱਕ ਦੂਜੇ ਨਾਲ ਬੰਨ੍ਹ ਦਿੱਤਾ। ਉਨ੍ਹਾਂ ਦਾ ਵਿਆਹ 1969 ਵਿੱਚ ਹੋਇਆ। ਸਾਲ 1971 ਵਿੱਚ, ਉਨ੍ਹਾਂ ਦੇ ਪੁੱਤਰ ਵਿਵੇਕ ਦਾ ਜਨਮ ਹੋਇਆ।

ਉਸ ਸਮੇਂ ਤੱਕ, ਗ਼ਜ਼ਲ ਗਾਇਕੀ ਵਿੱਚ ਜ਼ਿਆਦਾਤਰ ਮੁਸਲਿਮ ਗਾਇਕਾਂ ਦਾ ਦਬਦਬਾ ਸੀ। ਜਗਜੀਤ ਅਤੇ ਚਿੱਤਰਾ ਨੇ ਇਕੱਠੇ ਜਿੰਗਲ ਤਿਆਰ ਕੀਤੇ ਅਤੇ ਆਲ ਇੰਡੀਆ ਰੇਡੀਓ 'ਤੇ ਵੀ ਗਾਇਆ। ਹੁਣ, ਉਨ੍ਹਾਂ ਨੇ ਹੋਰ ਵੀ ਉਤਸ਼ਾਹ ਨਾਲ ਰਿਕਾਰਡਿੰਗ ਕੰਪਨੀਆਂ ਦੇ ਚੱਕਰ ਕੱਟਣੇ ਸ਼ੁਰੂ ਕਰ ਦਿੱਤੇ। ਅੰਤ ਵਿੱਚ, 1974 ਵਿੱਚ, ਐਚਐਮਵੀ ਨੇ "ਅਨਫੋਰਗੇਟੇਬਲ" ਨਾਂ ਦਾ ਇੱਕ ਐਲਬਮ ਜਾਰੀ ਕੀਤਾ, ਜਿਸ ਵਿੱਚ ਦਸ ਗਾਣੇ, ਕਵਿਤਾਵਾਂ ਅਤੇ ਗ਼ਜ਼ਲਾਂ ਸਨ। ਉਨ੍ਹਾਂ ਨੇ ਦੋ ਇਕੱਠੇ ਅਤੇ ਅੱਠ ਵੱਖਰੇ ਤੌਰ 'ਤੇ ਗਾਈਆਂ। ਕਫੀਲ ਆਜ਼ਰ ਦੀ ਨਜ਼ਮ, "ਬਾਤ ਨਿਕਲੇਗੀ ਤੋ ਫਿਰ ਦੂਰ ਤੱਲਕ ਜਾਏਗੀ" ਦਾ ਨਿੱਘਾ ਸਵਾਗਤ ਹੋਇਆ! ਉਸਨੇ ਇਸਨੂੰ ਸ਼ਮਾ ਮੈਗਜ਼ੀਨ ਤੋਂ ਨੋਟ ਕੀਤਾ ਸੀ। ਇਸ ਵਿੱਚ ਸਾਡੇ ਜਲੰਧਰ ਦੇ ਦਿਨਾਂ ਦੇ ਇੱਕ ਆਪਸੀ ਦੋਸਤ ਸੁਦਰਸ਼ਨ ਫਕੀਰ ਦੀਆਂ ਦੋ ਗ਼ਜ਼ਲਾਂ ਵੀ ਸ਼ਾਮਲ ਸਨ। ਫਿਰ, ਇੱਕ ਤੋਂ ਬਾਅਦ ਇੱਕ ਕਈ ਐਲਬਮ ਆਏ।

ਜਦੋਂ ਉਹ ਮੁੰਬਈ ਚਲਾ ਗਿਆ ਤਾਂ ਸਾਡਾ ਸੰਪਰਕ ਟੁੱਟ ਗਿਆ। 1980 ਵਿੱਚ, ਮੈਨੂੰ ਦਿੱਲੀ ਵਿੱਚ ਏਅਰ ਫੋਰਸ

ਹੈੱਡਕੁਆਰਟਰ ਵਿੱਚ ਤਾਇਨਾਤ ਕੀਤਾ ਗਿਆ ਸੀ। ਇੱਕ ਸਵੇਰ, ਅਖਬਾਰ ਪੜ੍ਹ ਕੇ ਪਤਾ ਲੱਗਾ ਕਿ ਜਗਜੀਤ ਤੇ ਚਿੱਤਰਾ ਬਾਰਾਖੰਬਾ ਰੋਡ ਤੇ ਸਥਿਤ ਮਾਡਰਨ ਸਕੂਲ ਦੇ ਸ਼ੰਕਰਲਾਲ ਹਾਲ ਵਿੱਚ ਐਨਕੋਰ ਨਾਂ ਦੀ ਇੱਕ ਸੰਸਥਾ ਵੱਲੋਂ ਕਰਵਾਏ ਜਾ ਰਹੇ ਇੱਕ ਸਮਾਗਮ ਵਿੱਚ ਆਪਣਾ ਗੀਤ ਪੇਸ਼ ਕਰਨਗੇ। ਇੱਕ ਫੋਨ ਨੰਬਰ ਵੀ ਦਿੱਤਾ ਗਿਆ ਸੀ। ਪ੍ਰਬੰਧਕ ਤੋਂ ਪੁੱਛਗਿੱਛ ਕਰਕੇ ਪਤਾ ਲੱਗਾ ਕਿ ਉਹ ਦੋਵੇਂ ਆਪਣੇ ਇੱਕ ਦੋਸਤ, ਵੇਸਟਨ ਟੀ.ਵੀ. ਦੇ ਰਾਮ ਵਚਾਨੀ ਦੇ ਮੇਫੇਅਰ ਗਾਰਡਨ ਸਥਿਤ ਘਰ ਵਿੱਚ ਰੁਕਣਗੇ। ਮੈਂ ਸਰਵੋਦਿਆ ਇਨਕਲੇਵ ਵਿੱਚ ਨੇੜੇ ਹੀ ਰਹਿੰਦਾ ਸੀ। ਸ਼ਾਮ 5 ਵਜੇ ਦੇ ਕਰੀਬ ਮੈਂ ਉਹਨਾਂ ਨੂੰ ਮਿਲਣ ਚਲਾ ਗਿਆ। ਉਸ ਸ਼ਾਨਦਾਰ ਬੰਗਲੇ ਦੇ ਬਾਹਰ ਖੜੇ ਇੱਕ ਗਾਰਡ ਨੂੰ ਮੈਂ ਆਪਣਾ ਕਾਰਡ ਦਿੱਤਾ। ਉਸ ਉੱਤੇ ਮੇਰਾ ਸਰਕਾਰੀ ਨਾਂ ਸੀ – ਸ਼ੈਲ। ਮੈਂ ਹੱਥ ਨਾਲ ਲਿਖਿਆ ਸੀ। ਜਗਜੀਤ ਨੇ ਉਸੇ ਵੇਲੇ ਮੈਨੂੰ ਅੰਦਰ ਬੁਲਾਇਆ। ਉਦੋਂ ਉਹ ਦੋਵੇਂ ਡਰਾਇੰਗ ਰੂਮ ਵਿੱਚ ਹੀ ਸੀ। ਚਿੱਤਰਾ ਦੀਵਾਨ ਤੇ ਅੱਧਲੇਟੀ ਸੀ। ਉਹ ਦੋਵੇਂ ਥੋੜੇ ਥੱਕੇ ਹੋਏ ਲੱਗ ਰਹੇ ਸਨ – ਸ਼ਾਇਦ ਲੁਧਿਆਣੇ ਤੋਂ ਆਏ ਸਨ। ਉਹਨਾਂ ਦਾ ਪੁੱਤਰ ਵਿਵੇਕ ਜਿਸ ਨੂੰ ਉਹ ਪਿਆਰ ਨਾਲ ਬਾਬੂ ਕਹਿੰਦੇ ਸਨ, ਨੇੜੇ ਹੀ ਖੇਡ ਰਿਹਾ ਸੀ। ਜਗਜੀਤ ਮੈਨੂੰ ਠੇਠ ਪੰਜਾਬੀ ਸਟਾਈਲ ਵਿੱਚ ਜੱਫ਼ੀ ਪਾ ਕੇ ਮਿਲਿਆ। ਉਸਨੇ ਚਿੱਤਰਾ ਨਾਲ ਮੇਰੀ ਜਾਣ – ਪਛਾਣ ਕਰਵਾਈ – ਇਹ ਸ਼ੈਲ ਹੈ। ਅਸੀਂ ਬੀ.ਏ. ਵਿੱਚ ਇਕੱਠੇ ਪੜ੍ਹਦੇ ਸੀ। ਇਹੀ ਪੜਦਾ ਸੀ, ਮੈਂ ਤੇ ਆਪਣੀ ਹਾਜਰੀ ਪੂਰੀ ਕਰਨ ਲਈ ਕਦੇ ਕਦੇ ਕਲਾਸ ਵਿੱਚ ਚਲਾ ਜਾਂਦਾ ਸੀ। ਚਿੱਤਰਾ ਥੋੜਾ ਜਿਹਾ ਮੁਸਕਰਾਈ। ਜਗਜੀਤ ਦਾ ਸੈਂਸ ਆਫ ਹਿਊਮਰ ਗ਼ਜ਼ਬ ਦਾ ਸੀ। ਮੈਂ ਉਸਨੂੰ ਆਪਣੀ ਪਤਨੀ ਊਸ਼ਾ ਤੇ ਦੋਨੋਂ ਬੱਚਿਆਂ ਬਾਰੇ ਦੱਸਿਆ। ਪ੍ਰੋਗਰਾਮ ਵਾਸਤੇ ਡੋਨਰ ਕਾਰਡ ਵੰਡੇ ਗਏ ਸਨ। ਉਸਨੇ ਮੈਨੂੰ ਆ ਕੇ ਵੇਖਣ ਲਈ ਕਿਹਾ ਕਿ ਉਹ ਇੰਨੇ ਸਾਲਾਂ ਬਾਅਦ ਕਿਸ ਮੁਕਾਮ ਤੇ ਪਹੁੰਚਿਆ ਹੈ। ਉਸਨੇ ਆਪਣੇ ਵਿਜਟਿੰਗ ਕਾਰਡ ਦੇ ਪਿੱਛੇ 'ਓਬਲਾਈਜਡ' ਲਿਖਿਆ ਅਤੇ ਦੋ ਲੰਮੇ' ਜੇ (J) ਲਿਖੇ। ਚਿੱਤਰਾ ਉਨੀ ਲੰਬੀ ਨਹੀਂ ਹੈ ਜਿੰਨੀ ਉਹ ਐਲਬਮ ਕਵਰ ਤੇ ਦਿਖਾਈ ਦਿੰਦੀ ਹੈ ਉਹ ਸ਼ਾਇਦ ਸਿਰਫ ਪੰਜ ਫੁੱਟ ਦੋ ਇੰਚ ਹੋਵੇਗੀ। ਉਸਦੀਆਂ ਮੋਟੀਆਂ – ਮੋਟੀਆਂ ਅੱਖਾਂ ਨੇ ਮੈਨੂੰ ਪ੍ਰਭਾਵਿਤ ਕੀਤਾ, ਕਿਉਂਕਿ ਉਹਨਾਂ ਨੇ ਤਿਆਰ ਹੋਣਾ ਸੀ, ਮੈਂ ਕੋਲਡ ਡਰਿੰਕ ਪੀ ਕੇ ਉੱਠ ਖੜਾ ਹੋਇਆ।

ਮੈਂ ਹਾਲ ਵਿੱਚ ਜਲਦੀ ਪਹੁੰਚ ਗਿਆ ਤਾਂ ਜੋ ਮੈਂ ਉਸ ਨਾਲ ਗੱਲ ਕਰ ਸਕਾਂ। ਮੇਰਾ ਕਾਰਡ ਦੇਖ ਕੇ, ਇੱਕ ਪ੍ਰਬੰਧਕ ਨੇ ਮੈਨੂੰ ਸਟੇਜ ਦੇ ਪਿੱਛੇ ਭੇਜਿਆ। ਦੋਵੇਂ ਤਾਜ਼ੇ ਅਤੇ ਊਰਜਾਵਾਨ ਲੱਗ ਰਹੇ ਸਨ। ਜਗਜੀਤ ਚਿੱਟੀ ਪੈਂਟ-ਕਮੀਜ਼ ਵਿੱਚ ਸੀ, ਕੁੜਤੇ ਵਿੱਚ ਨਹੀਂ। ਉਸਦੇ ਗਲੇ ਵਿੱਚ ਇੱਕ ਚਿੱਟਾ ਸਕਾਰਫ਼ ਲਟਕਿਆ ਹੋਇਆ ਸੀ। ਮੈਨੂੰ ਯਾਦ ਨਹੀਂ ਕਿ ਉਸਦੇ ਮੋਢਿਆਂ 'ਤੇ ਸ਼ਾਲ ਸੀ ਜਾਂ ਨਹੀਂ। ਚਿੱਤਰਾ ਨੇ ਬਹੁਤ ਸੋਹਣੀ ਸਾੜ੍ਹੀ ਪਾਈ ਹੋਈ ਸੀ, ਹਾਲਾਂਕਿ ਬਹੁਤ ਜ਼ਿਆਦਾ ਚਮਕਦਾਰ ਨਹੀਂ ਸੀ। ਉਸਨੇ ਬਾਲਾਂ ਦਾ ਉੱਚਾ ਪੱਫ ਬਣਾਇਆ ਹੋਇਆ ਸੀ। ਉਸਨੇ ਆਪਣੀਆਂ ਮੋਟੀਆਂ – ਮੋਟੀਆਂ ਅੱਖਾਂ 'ਤੇ ਕਾਜਲ ਅਤੇ ਆਈ ਸ਼ੈਡੋ ਲਗਾਇਆ ਹੋਇਆ ਸੀ। ਉਹ ਹੁਣ ਇੰਨੀ ਛੋਟੀ ਨਹੀਂ ਲੱਗ ਰਹੀ ਸੀ। ਥੋੜ੍ਹੀ ਦੇਰ ਬਾਅਦ, ਉਸਤਾਦ ਅਮਜਦ ਅਲੀ ਖਾਨ ਆਪਣੀ ਪਤਨੀ ਸ਼ੁਭਲਕਸ਼ਮੀ ਨਾਲ ਪਹੁੰਚੇ। 35 ਸਾਲ ਪਹਿਲਾਂ, ਉਹ ਹਮੇਸ਼ਾ ਕੁੜਤਾ ਨਹੀਂ ਪਾਉਂਦੇ ਸੀ। ਇਸ ਲਈ, ਉਹ ਸੂਟ ਅਤੇ ਟਾਈ ਵਿੱਚ ਸੀ। ਉਦੋਂ ਉਹਨਾਂ ਨੂੰ ਉਸਤਾਦ ਵੀ ਨਹੀਂ ਕਿਹਾ ਜਾਂਦਾ ਸੀ। ਦਸ ਮਿੰਟ ਬਾਅਦ, ਸ਼ੈਰੋਨ ਪ੍ਰਭਾਕਰ ਪਹੁੰਚੀ। ਉਹ ਇੱਕ ਲੰਬੇ ਕਾਲੇ ਪਹਿਰਾਵੇ ਵਿੱਚ ਸ਼ਾਨਦਾਰ ਅਤੇ ਸਮਾਰਟ ਲੱਗ ਰਹੀ ਸੀ। ਜਗਜੀਤ ਨੇ ਇੱਕ ਬੰਦੇ ਨੂੰ ਭੇਜ ਕੇ ਸਾਨੂੰ ਅਗਲੀ ਕਤਾਰ ਵਿੱਚ ਬੈਠਣ ਲਈ ਕਿਹਾ। ਮਾਸਟਰ ਨੇ ਥੋੜ੍ਹੀ ਜਿਹੀ ਹੋਸ਼ਿਆਰੀ ਨਾਲ, ਸ਼ੈਰੋਨ ਅਤੇ ਮੈਨੂੰ ਦੋਵਾਂ ਸਿਰਿਆਂ 'ਤੇ ਬਿਠਾ ਦਿੱਤਾ। ਇੱਕ ਸਿਰੇ 'ਤੇ ਸ਼ੈਰੋਨ, ਫਿਰ ਸ਼ੁਭ ਲਕਸ਼ਮੀ, ਉਸਦੇ ਨਾਲ ਅਮਜਦ ਅਲੀ, ਅਤੇ ਫਿਰ ਮੈਂ। ਅਸਲ ਵਿੱਚ ਮੈਂ ਸ਼ੈਰੋਨ ਦੇ ਨਾਲ ਬੈਠ ਕੇ ਗੱਲਾਂ ਕਰਨਾ ਚਾਹੁੰਦਾ ਸੀ। ਉਸ ਸਮੇਂ ਮੈਨੂੰ ਸ਼ਾਸਤਰੀ ਸੰਗੀਤ ਵਿੱਚ ਕੋਈ ਖਾਸ ਦਿਲਚਸਪੀ ਨਹੀਂ ਸੀ। ਮੈਂ ਉਸਤਾਦ ਨੂੰ ਮਨ ਹੀ ਮਨ ਭੈੜਾ ਜ਼ਰੂਰ ਕਿਹਾ ਹੋਵੇਗਾ ਕਿ ਉਸਨੇ ਮੈਨੂੰ ਇੰਨੀ ਸੋਹਣੀ ਔਰਤ ਨਾਲ ਬੈਠਣ ਦੇ ਮੌਕੇ ਤੋਂ ਵਾਂਝਾ ਕੀਤਾ। ਸ਼ੈਰੋਨ ਮੁੰਬਈ ਪਹੁੰਚੀ ਕੇ ਐਲਿਕ ਪਦਮਸੀ ਨੂੰ ਮਿਲੀ, ਜੋ ਕਿ ਥੀਏਟਰ ਅਤੇ ਇਸ਼ਤਿਹਾਰਬਾਜ਼ੀ ਨਾਲ ਜੁੜਿਆ ਇੱਕ ਆਦਮੀ ਸੀ। ਉਸਨੇ ਉਸਨੂੰ ਮਸ਼ਹੂਰ ਸੰਗੀਤਕ ਨਾਟਿਕਾ (Musical) ਐਵੀਟਾ ਵਿੱਚ ਇੱਕ ਭੂਮਿਕਾ ਦੀ ਪੇਸ਼ਕਸ਼ ਕੀਤੀ। ਥੋੜ੍ਹੀ ਦੇਰ ਬਾਅਦ ਉਨ੍ਹਾਂ ਦਾ ਵਿਆਹ ਹੋ ਗਿਆ। ਉਹ ਪਦਮਸੀ ਦੀ ਦੂਜੀ, ਜਾਂ ਸ਼ਾਇਦ

ਤੀਜੀ, ਪਤਨੀ ਸੀ।

ਉਸ ਸਮੇਂ ਅਹਿਮਦ ਅਲੀ ਅਜੇ ਬਹੁਤ ਮਸ਼ਹੂਰ ਨਹੀਂ ਸੀ, ਹਾਲਾਂਕਿ ਉਹਨਾਂ ਦੀ ਪ੍ਰਤਿਭਾ ਬਾਰੇ ਚਰਚਾ ਹੋ ਰਹੀ ਸੀ। ਹਾਲ ਹੌਲੀ-ਹੌਲੀ ਭਰਨਾ ਸ਼ੁਰੂ ਹੋ ਗਿਆ। ਪਰਦਾ ਉੱਠਿਆ, ਅਤੇ ਸ਼ੁਭਕਾਮਨਾਵਾਂ ਤੋਂ ਬਾਅਦ, ਜਗਜੀਤ ਨੇ ਆਪਣੀ ਪਹਿਲੀ ਐਲਬਮ, "ਅਨਫੋਰਗੇਟੇਬਲ" ਦੇ "ਬਾਤ ਨਿਕਲੇਗੀ ਤੋਂ ਫਿਰ ਦੂਰ ਤਕਲ ਜਾਏਗੀ" ਨਾਲ ਬਿਸਮਿੱਲਾ ਕੀਤਾ। ਉਹ ਸ਼ਾਇਦ ਪਹਿਲੇ ਗ਼ਜ਼ਲ ਗਾਇਕ ਸਨ ਜਿਨ੍ਹਾਂ ਨੇ ਆਪਣੀ ਗਾਇਕੀ ਵਿੱਚ ਗਿਟਾਰ ਅਤੇ ਵਾਇਲਨ ਦੀ ਸਫਲਤਾਪੂਰਵਕ ਵਰਤੋਂ ਕੀਤੀ। ਦੋ ਜਾਂ ਤਿੰਨ ਗ਼ਜ਼ਲਾਂ ਤੋਂ ਬਾਅਦ, ਸਰੋਤਿਆਂ ਨੇ ਬੇਨਤੀ ਪੱਤਰ ਭੇਜਣੇ ਸ਼ੁਰੂ ਕਰ ਦਿੱਤੇ। ਉਨ੍ਹਾਂ ਨੇ ਵਾਰੀ-ਵਾਰੀ ਅਤੇ ਇਕੱਠੇ ਦੋ ਘੰਟੇ ਗੀਤ ਗਾਏ। ਅੰਤਿਮ ਗ਼ਜ਼ਲ ਤੋਂ ਬਾਅਦ, ਪੂਰਾ ਹਾਲ ਤਾੜੀਆਂ ਨਾਲ ਗੂੰਜ ਉੱਠਿਆ।

ਮੈਨੂੰ ਲੱਗਾ ਉਸਦੀ ਗਾਇਕੀ ਮਖਮਲ ਦੇ ਇੱਕ ਥਾਨ ਵਾਂਗ ਖੁੱਲਦੀ ਹੈ ਅਤੇ ਉਹ ਹੌਲੀ-ਹੌਲੀ ਉਸਨੂੰ ਸਹਿਲਾਉਂਦਾ ਜਾਂਦਾ ਹੈ। ਦੂਜੇ ਸ਼ਬਦਾਂ ਵਿੱਚ, ਇਹ ਤੁਹਾਡੇ ਗਲੇ ਵਿੱਚ ਵਗਦੀ ਹੈ, ਇੱਕ ਸਿੰਗਲ ਮਾਲਟ ਵਾਂਗ ਨਿਰਵਿਘਨ। ਤੁਸੀਂ ਆਪਣੀਆਂ ਅੱਖਾਂ ਬੰਦ ਕਰਦੇ ਹੋ ਅਤੇ ਇੱਕ ਪਲ ਲਈ ਇਸਦਾ ਸੁਆਦ ਲੈਂਦੇ ਹੋ, ਇਸਨੂੰ ਆਪਣੀ ਜੀਭ 'ਤੇ ਲਪੇਟਦੇ ਹੋ। ਫਿਰ ਇਹ ਤੁਹਾਡੇ ਪੂਰੇ ਵਜੂਦ ਵਿੱਚ ਫੈਲ ਜਾਂਦਾ ਹੈ। ਤੁਸੀਂ ਇਸਨੂੰ ਬਾਅਦ ਵਿੱਚ ਲੰਬੇ ਸਮੇਂ ਤੱਕ, ਇੱਕ ਹਲਕੇ, ਮਿੱਠੇ ਸਰੂਰ ਵਿੱਚ ਸੁਣਦੇ ਰਹਿੰਦੇ ਹੋ। ਉਸਦੀ ਆਵਾਜ਼ ਦਾ ਜਾਦੂ ਅਜਿਹਾ ਸੀ।

ਫਿਰ ਕਈ ਐਲਬਮਾਂ ਤੋਂ ਬਾਅਦ ਲਤਾ ਮੰਗੇਸ਼ਕਰ ਨਾਲ 'ਸਜਦਾ' ਆਈ। ਉਹ ਡਬਲ ਐਲਬਮ ਐਚ.ਐਮ.ਵੀ.ਦਾ ਸਭ ਤੋਂ ਵੱਧ ਵਿਕਣ ਵਾਲਾ ਗੈਰ-ਫਿਲਮ ਐਲਬਮ ਬਣ ਗਿਆ। 'ਅਰਥ' ਅਤੇ 'ਸਾਥ ਸਾਥ' ਸਭ ਤੋਂ ਵੱਧ ਵਿਕਣ ਵਾਲੇ ਫਿਲਮ ਐਲਬਮ ਸਨ। 1988 ਵਿੱਚ, ਗੁਲਜ਼ਾਰ ਨੇ ਜਗਜੀਤ ਨੂੰ ਟੀ.ਵੀ ਸੀਰੀਅਲ 'ਮਿਰਜ਼ਾ ਗਾਲਿਬ' ਦੇ ਸੰਗੀਤ ਨਿਰਦੇਸ਼ਨ ਅਤੇ ਗਾਇਕੀ ਦੀ ਜ਼ਿੰਮੇਵਾਰੀ ਸੌਂਪੀ। ਸਹਿਗਲ, ਬੇਗਮ ਅਖਤਰ, ਸੁਰੱਈਆ ਅਤੇ ਤਲਤ ਵਰਗੇ ਕਈ ਗਾਇਕਾਂ ਨੇ ਗਾਲਿਬ ਦੀਆਂ ਗ਼ਜ਼ਲਾਂ ਗਾਈਆਂ ਹਨ। ਪਰ ਜਗਜੀਤ ਦਾ 'ਅੰਦਾਜ਼-ਏ-ਬਯਾਨ' ਹੀ ਕੁਝ ਹੋਰ ਹੈ।

ਇੱਕ ਹੋਰ ਘਟਨਾ ਯਾਦ ਆਉਂਦੀ ਹੈ। 1994 ਦੇ ਆਸਪਾਸ, ਉਸਦਾ ਅਸ਼ੋਕ ਹੋਟਲ ਵਿੱਚ ਪ੍ਰਦਰਸ਼ਨ ਕਰਨ ਦਾ ਪ੍ਰੋਗਰਾਮ ਸੀ। ਪ੍ਰਬੰਧਕਾਂ ਨੇ ਉਸਦਾ ਠਿਕਾਣਾ ਦੱਸਣ ਤੋਂ ਇਨਕਾਰ ਕਰ ਦਿੱਤਾ। ਮੈਂ ਸੋਚਿਆ ਕਿ ਉਹ ਉੱਥੇ ਹੀ ਰੁਕਿਆ ਹੋਇਆ ਹੈ, ਕਿਉਂਕਿ ਉਹ ਅਸ਼ੋਕ ਵਿੱਚ ਗਾ ਰਿਹਾ ਸੀ। ਜਦੋਂ ਮੈਂ ਹੋਟਲ ਦੇ ਰਿਸੈਪਸ਼ਨ 'ਤੇ ਫ਼ੋਨ ਕੀਤਾ, ਤਾਂ ਮੈਨੂੰ ਦੱਸਿਆ ਗਿਆ ਕਿ ਉਹ ਉੱਥੇ ਹੀ ਰੁਕਿਆ ਹੋਇਆ ਹੈ, ਪਰ ਉਸਨੂੰ ਸਖ਼ਤੀ ਨਾਲ ਹਦਾਇਤ ਕੀਤੀ ਗਈ ਸੀ ਕਿ ਉਹ ਆਪਣਾ ਕਮਰਾ ਨੰਬਰ ਜਾਂ ਫ਼ੋਨ ਨਾ ਦੱਸੇ। ਇੱਕ ਦੋਸਤ ਨੇ ਮੈਨੂੰ ਇੱਕ ਡੋਨਰ ਕਾਰਡ ਦਿੱਤਾ ਸੀ। ਮੈਂ ਉਸਨੂੰ ਇਹ ਦਿੱਤਾ। ਹਾਲ ਭਰਿਆ ਹੋਇਆ ਸੀ - ਕੁਝ ਲੋਕ ਤਾਂ ਖੜ੍ਹੇ ਵੀ ਸਨ। ਮੈਂ ਸੋਚਿਆ ਸੀ ਕਿ ਮੈਂ ਸ਼ੋਅ ਤੋਂ ਬਾਅਦ ਉਸਨੂੰ ਮਿਲਾਂਗਾ। ਪਰ ਉਦੋਂ ਤੱਕ, ਉਹ ਪ੍ਰਸ਼ੰਸਕਾਂ ਅਤੇ ਆਟੋਗ੍ਰਾਫ ਲੈਣ ਵਾਲਿਆਂ ਨਾਲ ਇੰਨਾ ਘੀਰਿਆ ਹੋਇਆ ਸੀ ਕਿ ਉਸਨੂੰ ਮਿਲਣਾ ਅਸੰਭਵ ਸੀ। ਸੁਰੱਖਿਆ ਕਰਮਚਾਰੀਆਂ ਨੇ ਬੜੀ ਮੁਸ਼ਕਿਲ ਨਾਲ ਉਸਨੂੰ ਹਾਲ ਤੋਂ ਬਾਹਰ ਕੱਢਿਆ। ਮੇਰੇ ਮਿਲਣ ਦਾ ਤੇ ਸਵਾਲ ਹੀ ਨਹੀਂ ਸੀ।

ਉਹ ਹੁਣ ਦੇਸ਼ ਵਿੱਚ ਗ਼ਜ਼ਲ ਦਾ ਬੇਤਾਜ ਬਾਦਸ਼ਾਹ ਬਣ ਗਿਆ ਅਤੇ ਗ਼ਜ਼ਲ ਜਗਤ 'ਤੇ ਪੂਰੀ ਤਰ੍ਹਾਂ ਹਾਵੀ ਹੋ ਗਿਆ। ਖੁਸ਼ਵੰਤ ਸਿੰਘ ਹਮੇਸ਼ਾ ਬਹੁਤ ਹੀ ਵਧੀਆ ਬੋਲਦੇ ਸਨ। ਉਨ੍ਹਾਂ ਨੇ ਇੱਕ ਵਾਰ ਲਿਖਿਆ ਸੀ :

"ਜਗਜੀਤ ਮਹਿੰਦੀ ਹਸਨ ਨਾਲੋਂ ਵਧੀਆ ਗਾਉਂਦਾ ਹੈ ਅਤੇ ਦਿਲੀਪ ਕੁਮਾਰ ਨਾਲੋਂ ਜ਼ਿਆਦਾ ਸੋਹਣਾ ਲੱਗਦਾ ਹੈ।" ਇਹ ਨਾ ਸਿਰਫ਼ ਮਹਿੰਦੀ ਹਸਨ ਅਤੇ ਦਿਲੀਪ ਸਾਹਿਬ ਨਾਲ, ਸਗੋਂ ਜਗਜੀਤ ਨਾਲ ਵੀ ਬੇਇਨਸਾਫ਼ੀ ਸੀ। ਸ਼ਾਸਤਰੀ ਸੰਗੀਤ ਵਿੱਚ ਮਹਿੰਦੀ ਹਸਨ ਦੀ ਨੀਂਹ ਜਗਜੀਤ ਨਾਲੋਂ ਕਿਤੇ ਜ਼ਿਆਦਾ ਮਜ਼ਬੂਤ ਸੀ। ਹਾਂ, ਜੇਕਰ ਉਸਨੇ ਰੋਸ਼ਨ ਤਨੇਜਾ ਦੇ ਐਕਟਿੰਗ ਸਕੂਲ ਵਿੱਚ ਸਿਖਲਾਈ ਲਈ ਹੁੰਦੀ ਤਾਂ ਉਹ ਇੱਕ ਛੋਟੇ ਜਿਹੇ ਸਮੇਂ ਦਾ ਅਦਾਕਾਰ ਬਣ ਸਕਦਾ ਸੀ। ਪਰ ਦਿਲੀਪ ਕੁਮਾਰ ਦੇ ਪੱਧਰ ਤੱਕ ਕੌਣ ਪਹੁੰਚ ਸਕਦਾ ਸੀ? ਜਗਜੀਤ ਉੱਤੇ ਸੰਗੀਤ ਤੇ ਗ਼ਜ਼ਲ ਦਾ ਜਨੂੰਨ ਹਾਵੀ ਸੀ।

ਇੱਕ ਹੋਰ ਗੱਲ, ਉਸਦੀਆਂ ਗ਼ਜ਼ਲਾਂ ਅਤੇ ਨਜ਼ਮਾਂ ਬੋਲ ਪ੍ਰਧਾਨ ਹਨ। ਸ਼ਬਦ, ਭਾਵਨਾ ਅਤੇ ਅਰਥ ਬਹੁਤ ਮਹੱਤਵਪੂਰਨ

ਹਨ। ਉਸਨੇ ਆਪਣੇ ਉਸਤਾਦਾਂ ਤੋਂ ਉਰਦੂ ਉਚਾਰਨ ਵੀ ਸਿੱਖਿਆ। ਜਿੱਥੋਂ ਤੱਕ ਮੈਨੂੰ ਪਤਾ ਹੈ, ਉਹ ਉਰਦੂ ਨਹੀਂ ਜਾਣਦਾ ਸੀ। ਇਸ ਲਈ, ਉਹ ਆਪਣੀਆਂ ਗ਼ਜ਼ਲਾਂ ਨੂੰ ਦੇਵਨਾਗਰੀ ਲਿਪੀ ਵਿੱਚ ਉਤਾਰਦਾ। ਉਸਨੇ ਬੜੀ ਮਿਹਨਤ ਨਾਲ ਸ਼ਬਦਾਂ ਦੀਆਂ ਭਾਵਨਾਵਾਂ ਅਤੇ ਅਰਥਾਂ ਵਿੱਚ ਡੂੰਘਾਈ ਨਾਲ ਖੋਜ ਕੀਤੀ, ਜੋ ਉਸਦੀ ਗਾਇਕੀ ਨੂੰ ਇੱਕ ਵਿਲੱਖਣ ਰੂਹਾਨੀਅਤ ਪ੍ਰਦਾਨ ਕਰਦਾ ਹੈ।

1987 ਵਿੱਚ, ਉਸਦਾ ਪਹਿਲਾ ਡਿਜੀਟਲ ਰਿਕਾਰਡ ਕੀਤਾ ਗਿਆ ਗ਼ਜ਼ਲ ਐਲਬਮ, "ਬਿਓਂਡ ਟਾਈਮ" ਰਿਲੀਜ਼ ਹੋਇਆ। ਉਸਨੇ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੀਆਂ ਕਵਿਤਾਵਾਂ ਨੂੰ "ਨਈ ਦਿਸ਼ਾ" (1999) ਅਤੇ "ਸੰਵੇਦਨਾ" ਐਲਬਮਾਂ ਵਿੱਚ ਗਾ ਕੇ ਅਮਰ ਕਰ ਦਿੱਤਾ। ਕਵਿਤਾ "ਕਿਆ ਖੋਆ ਕਿਆ ਪਾਇਆ" ਵਿੱਚ, ਉਸਨੇ ਇੱਕ ਤਰ੍ਹਾਂ ਨਾਲ ਜਾਨ ਪਾ ਦਿੱਤੀ ਸੀ।

1990 ਵਿੱਚ, ਉਸਦੇ ਇਕਲੌਤੇ ਪੁੱਤਰ, ਵਿਵੇਕ ਦੀ ਬਦਕਿਸਮਤੀ ਨਾਲ ਹਾਦਸੇ ਵਿੱਚ ਮੌਤ ਹੋ ਗਈ। ਦੋਵੇਂ ਸ਼ੀਸ਼ੇ ਵਾਂਗ ਟੁੱਟ ਗਏ। ਜਗਜੀਤ ਨੇ ਜਲਦੀ ਹੀ ਆਪਣੀ ਜ਼ਖ਼ਮੀ ਆਤਮਾ ਦੇ ਟੁਕੜੇ ਇਕੱਠੇ ਕੀਤੇ ਅਤੇ ਆਪਣੇ ਆਪ ਨੂੰ ਸੰਗੀਤ ਦੀ ਦੁਨੀਆਂ ਵਿੱਚ ਦੁਬਾਰਾ ਲੀਨ ਕਰ ਲਿਆ। ਚਿੱਤਰਾ ਜਲਦੀ ਠੀਕ ਨਹੀਂ ਹੋਈ। ਉਹ ਪੂਰੀ ਤਰ੍ਹਾਂ ਟੁੱਟ ਗਈ ਸੀ। ਪਰ ਜਗਜੀਤ ਨੇ ਆਪਣੀ ਨਿੱਜੀ ਤ੍ਰਾਸਦੀ ਨੂੰ ਪਾਸੇ ਰੱਖਦਿਆਂ, ਇੱਕ ਤੋਂ ਬਾਅਦ ਇੱਕ ਸਫਲ ਸੰਗੀਤ ਸਮਾਰੋਹ ਦਿੱਤੇ, ਕਦੇ ਵੀ ਆਪਣੇ ਦਰਸ਼ਕਾਂ ਨੂੰ ਨਿਰਾਸ਼ ਨਹੀਂ ਕੀਤਾ।

ਇਸ ਦੁਖਾਂਤ ਤੋਂ ਕਈ ਸਾਲ ਪਹਿਲਾਂ, ਮੈਂ ਮਜ਼ਾਕ ਵਿੱਚ ਕਿਹਾ ਸੀ, "ਦੋਸਤ, ਆਪਣੇ ਗਲੇ ਦਾ ਬੀਮਾ ਕਰਵਾਓ।" ਉਸਨੇ ਬਹੁਤ ਗੰਭੀਰਤਾ ਨਾਲ ਜਵਾਬ ਦਿੱਤਾ, "ਜੇ ਮੈਂ ਗਾ ਹੀ ਨਹੀਂ ਸਕੂੰਗਾ ਤਾਂ ਬੀਮਾ ਕਿਸ ਕੰਮ ਦਾ ?" ਮੈਂ ਬਿਨਾਂ ਕੁਝ ਬੋਲੇ ਬਸ ਉਹਦੇ ਵੱਲ ਦੇਖਦਾ ਰਹਿ ਗਿਆ। ਸੋਚਿਆ – "ਇਸ ਆਦਮੀ ਨੇ ਕਿੱਥੋਂ ਸ਼ੁਰੂਆਤ ਕੀਤੀ ਸੀ, ਅਤੇ ਅੱਜ ਉਹ ਕਿਸ ਮੁਕਾਮ ਤੇ ਪਹੁੰਚ ਗਿਆ।

ਅੱਜ ਜਦੋਂ ਵੀ ਗ਼ਜ਼ਲ ਦਾ ਜ਼ਿਕਰ ਆਉਂਦਾ ਹੈ, ਤਾਂ ਬੇਗਮ ਅਖ਼ਤਰ ਅਤੇ ਤਲਤ ਮਹਿਮੂਦ ਤੋਂ ਬਾਅਦ ਜਗਜੀਤ ਦਾ ਨਾਮ ਤੁਰੰਤ ਯਾਦ ਆਉਂਦਾ ਹੈ। ਦੁਨੀਆਂ ਦੇ ਹਰ ਵੱਡੇ ਦੇਸ਼ ਵਿੱਚ ਉਨ੍ਹਾਂ ਦੇ ਪ੍ਰਸ਼ੰਸਕ ਸਨ। ਉਨ੍ਹਾਂ ਨੇ ਲੰਡਨ ਦੇ ਰਾਇਲ ਅਲਬਰਟ ਹਾਲ ਅਤੇ ਵੈਂਬਲੀ ਸਟੇਡੀਅਮ ਵਿੱਚ ਪ੍ਰੋਗਰਾਮ ਕੀਤੇ। ਗ਼ਜ਼ਲਾਂ ਤੋਂ ਇਲਾਵਾ, ਉਨ੍ਹਾਂ ਨੇ ਭਜਨ, ਗੁਰਬਾਣੀ ਅਤੇ ਸੂਫ਼ੀ ਕਲਾਮ ਗਾਏ। ਗਾਇਤਰੀ ਮੰਤਰ, ਹੇ ਰਾਮ, ਓਮ ਨਮੋ ਸ਼ਿਵਾਏ ਦੇ ਉਨ੍ਹਾਂ ਦੇ ਗਾਇਨ ਹਰ ਧਾਰਮਿਕ ਸਮਾਰੋਹ ਵਿੱਚ ਸੁਣੇ ਜਾਂਦੇ ਹਨ।

10 ਅਕਤੂਬਰ, 2011 ਨੂੰ, ਟੀਵੀ 'ਤੇ ਖ਼ਬਰ ਆਈ, "ਜਗਜੀਤ ਸਿੰਘ, ਜਿਸਨੇ ਲਗਭਗ 50 ਸਾਲਾਂ ਤੱਕ ਦਰਸ਼ਕਾਂ ਨੂੰ ਮੰਤਰਮੁਗਧ ਕੀਤਾ, ਹੁਣ ਨਹੀਂ ਰਹੇ।" ਜੀਣ ਦੀ ਅਦੁੱਤੀ ਇੱਛਾ ਸ਼ਕਤੀ ਵਾਲਾ ਇਹ ਆਦਮੀ ਪੂਰੇ ਇੱਕ ਹਫ਼ਤੇ ਤੋਂ ਮੌਤ ਦੇ ਦੂਤ ਨਾਲ ਜੂਝ ਰਿਹਾ ਸੀ। ਸ਼ਾਇਦ ਉਸਦੀ ਆਖਰੀ ਗ਼ਜ਼ਲ ਇਹ ਹੈ:

"ਤੁਮਸੇ ਬਿਛੜ ਕਰ ਤੁਮਕੋ ਭੁਲਾਨਾ ਮੁਮਕਿਨ ਹੈ ਆਸਾਨ ਨਹੀਂ,

ਦੀਵਾਨੇ ਦਿਲ ਕੋ ਸਮਝਾਨਾ ਮੁਮਕਿਨ ਹੈ ਆਸਾਨ ਨਹੀਂ।"

2012 ਵਿੱਚ ਉਨ੍ਹਾਂ ਦੀ ਬਰਸੀ 'ਤੇ, ਫਿਲਮ ਅਤੇ ਸੰਗੀਤ ਜਗਤ ਦੀਆਂ ਸਾਰੀਆਂ ਪ੍ਰਮੁੱਖ ਹਸਤੀਆਂ ਮੌਜੂਦ ਸਨ। ਸ਼ਰਧਾਂਜਲੀ ਭੇਟ ਕਰਦੇ ਹੋਏ, ਗੁਲਜ਼ਾਰ ਨੇ ਕਿਹਾ:

"ਜਗਜੀਤ ਦੀ ਆਵਾਜ਼ ਵਿੱਚ ਚੈਨ ਹੈ ਸਕੂਨ ਹੈ – ਅਸੀਂ ਧੁੱਪ ਵਿੱਚ ਤੁਰਦੇ – ਤੁਰਦੇ ਇੱਕ ਸੰਘਣੇ ਰੁੱਖ ਦੀ ਛਾਂ ਵਿੱਚ ਆ ਜਾਂਦੇ ਹਾਂ।"

ਅਨੁਪਮ ਖੇਰ ਨੇ ਕਿਹਾ–

"ਉਸਦੀ ਗਾਇਕੀ ਵਿੱਚ ਇੱਕ ਮਿਠਾਸ ਹੈ ਜੋ ਰੂਹ ਨੂੰ ਛੂਹ ਲੈਂਦੀ ਹੈ।"

ਸ਼ਤਰੂਘਨ ਸਿਨ੍ਹਾ ਨੇ ਕਿਹਾ, "ਅਸੀਂ ਉਨ੍ਹਾਂ ਦੇ ਸ਼ੇਅਰ ਸਿਰਫ਼ ਸੁਣਦੇ ਹੀ ਨਹੀਂ, ਸਗੋਂ ਦੇਖਦੇ ਵੀ ਹਾਂ। ਉਹ ਸ਼ਬਦ ਚਿੱਤਰ ਬਣਾਉਂਦੇ ਚਲਦੇ ਹਨ।"

ਇਹ ਵੱਖਰੀ ਗੱਲ ਹੈ ਕਿ ਜਗਜੀਤ ਨੂੰ ਦੇਸ਼ ਦੇ ਸਾਰੇ ਉੱਚ ਪੁਰਸਕਾਰ ਮਿਲੇ, ਭਾਵੇਂ ਉਹ ਸੰਗੀਤ ਨਾਟ ਅਕਾਦਮੀ ਪੁਰਸਕਾਰ ਹੋਵੇ ਜਾਂ ਪਦਮ ਭੂਸ਼ਣ, ਪਰ ਮੇਰੇ ਲਈ ਅੱਜ ਵੀ ਉਹੀ ਜਗਜੀਤ ਹੈ ਜਿਸਦੇ ਕਮਰੇ ਦੀ ਕੰਧ 'ਤੇ ਤਲਤ ਮਹਿਮੂਦ ਦੇ ਪੋਸਟਰ ਚਿਪਕਾਏ ਹੋਏ ਸਨ।

***

# ਮਨਜੀਤ ਸਿੰਘ ਸੋਹਲ ਦੇ ਤਿੰਨ ਗੀਤ ਤੇ ਇੱਕ ਗ਼ਜ਼ਲ



ਮਨਜੀਤ ਸਿੰਘ ਸੋਹਲ

## ਗੀਤ

ਅਸੀਂ ਅਜਲਾਂ ਤੋਂ ਆਏ ਚੱਕੀ ਵਿੱਚ ਪਿਸਦੇ।
ਸਾਡੇ ਅਜੇ ਤੱਕ ਅੱਲ੍ਹੇ ਨੇ ਨਾਸੂਰ ਰਿਸਦੇ।
ਇਸ ਬੇ-ਰਹਿਮ ਰੁੱਤੇ ਸਿਰਨਾਵੇਂ ਸਾਡੇ ਗੁੰਮੇ।
ਜਿਨ੍ਹਾਂ ਬਦਲੇ ਸੀ ਰੱਸੇ ਅਸੀਂ ਫਾਂਸੀਆਂ ਦੇ ਚੁੰਮੇ।
ਅੱਜ ਉਨ੍ਹਾਂ ਨੂੰ ਹਾਂ ਦੇਸ਼ ਦੇ ਗ਼ਦਾਰ ਦਿਸਦੇ।
ਅਸੀਂ ਮਿਲਦੇ ਹਾਂ ਅੱਜ-ਕੱਲ ਖ਼ਬਰਾਂ ਦੇ ਵਿੱਚ।
ਜਾਂ ਥਾਣਿਆਂ ਦੇ ਵਿੱਚ ਤੇ ਜਾਂ ਜਬਰਾਂ ਦੇ ਵਿੱਚ।
ਅਸੀਂ ਆਪਣੇ ਘਰਾਂ ਦੇ ਵਿੱਚ ਨਹੀਂ ਦਿਸਦੇ।
ਸਾਨੂੰ ਪਰਖਿਆਂ ਕਈ ਵਾਰੀ ਸਮੇਂ ਸੁਨਿਆਰੇ।
ਕਦੇ ਦੇਗ਼ਾਂ 'ਚ ਉਬਾਲ ਕਦੇ ਚੀਰ ਨਾਲ ਆਰੇ।
ਅਸੀਂ ਪਤਾ ਨਹੀਂ ਜ਼ੁਲਮ ਸਹੇ ਕਿਸ ਕਿਸਦੇ।
ਸਾਨੂੰ ਮਿਲਿਆ ਨਾ ਕੋਈ ਸਾਡੇ ਦਰਦਾਂ ਦਾ ਹਾਣੀ।
ਕੀਹਨੂੰ ਬੈਠ ਕੇ ਸੁਣਾਈਏ ਅਸੀਂ ਆਪਣੀ ਕਹਾਣੀ।
ਤਾਹੀਉਂ ਦਿਲ ਦੇ ਉਬਾਲ ਗੀਤਾਂ ਵਿੱਚ ਲਿਖਦੇ।

***

## ਗੀਤ

ਸਾਡੇ ਖੇਤਾਂ ਵਿੱਚ ਰੰਗਲੀ ਬਹਾਰ ਨੱਚਦੀ।
ਜਿਵੇਂ ਗਿੱਧੇ ਵਿੱਚ ਸੋਹਣੀ ਮੁਟਿਆਰ ਨੱਚਦੀ।
ਦੇਖੋ ਕਣਕਾਂ ਦਾ ਹੋ ਗਿਆ ਸੁਨਹਿਰੀ ਜਿਹਾ ਰੰਗ।
ਪੂਰੀ ਹੋਣ ਲੱਗੀ ਹੁਣ ਸਾਡੇ ਦਿਲ ਦੀ ਉਮੰਗ।
ਇਸੇ ਖੁਸ਼ੀ ਵਿੱਚ ਚਿੜੀਆਂ ਦੀ ਡਾਰ ਨੱਚਦੀ।
ਸਾਡੀ ਮੇਹਨਤ ਨੇ ਕੀਤੀ ਸਾਰੇ ਪਾਸੇ ਖੁਸ਼ਹਾਲੀ।
ਭਰੇ ਦੇਸ਼ ਦੇ ਭੰਡਾਰ, ਸਾਡੇ ਵਸਦੀ ਕੰਗਾਲੀ।
ਸਾਡੇ ਲੇਖਆਂ ਦੀ ਲਕੀਰ ਏ ਬੀਮਾਰ ਨੱਚਦੀ।
ਕਰ ਜਾਂਦੀ ਏ ਹੜੱਪ ਸਾਡੀ ਸਾਰੀ ਹਾੜ੍ਹੀ ਸਾਉਣੀ।
ਪੈ ਪੈ ਕੇ ਵਿਆਜ ਹੋਈ ਜਾਵੇ ਦੂਣੀ ਚਉਣੀ।
ਭੈਣ ਸਾਹਾਂ ਦਾ ਜੋ ਵਹੀ ਵਿਚਕਾਰ ਨੱਚਦੀ।
ਅਸੀਂ ਪੁੱਜ ਜਾਈਏ 'ਸੋਹਲ' ਚੰਨ ਤਾਰਿਆਂ ਦੇ ਉੱਤੇ।
ਪਵੇਂ ਨੱਚਣਾ ਨਾ ਸਾਨੂੰ ਜੇ ਇਸ਼ਾਰਿਆਂ ਦੇ ਉੱਤੇ।
ਸਾਡੇ ਦੇਸ਼ ਦੀ ਏ ਜਿਵੇਂ ਸਰਕਾਰ ਨੱਚਦੀ।

***

## ਗੀਤ

ਅਸੀਂ ਹਵਾ ਵਿੱਚ ਰਚ ਜਾਣਾ ਰਾਗ ਬਣਕੇ।
ਕੱਚੇ ਕੋਠਿਆਂ 'ਤੇ ਜਗਾਂਗੇ ਚਿਰਾਗ ਬਣਕੇ।
ਸਾਡੇ ਦਿਲ ਵਿੱਚ ਚਾਅ ਸਾਡੇ ਸਾਹਾਂ 'ਚ ਪ੍ਰੀਤ।
ਗੂੰਜੇ ਮੁੜ ਕੇ ਦੁਬਾਰਾ ਚੁੱਲ੍ਹੇ ਚੱਕੀਆਂ ਦਾ ਗੀਤ।
ਸੁੰਨੇ ਘਰਾਂ ਦੀਆਂ ਡਿਊੜੀਆਂ ਦਾ ਭਾਗ ਬਣਕੇ।
ਸਾਡੇ ਸੀਨੇ ਵਿੱਚ ਲੈਣ ਨਿੱਤ ਖਾਬ ਅੰਗੜਾਈਆਂ
ਜਿਨ੍ਹਾਂ ਪਿੰਡਾਂ ਦੀਆਂ ਸੱਥਾਂ ਵਿੱਚੋਂ ਰੌਣਕਾਂ ਚੁਰਾਈਆਂ।
ਅਸੀਂ ਲੜਾਂਗੇ ਉਨ੍ਹਾਂ ਦੇ ਜ਼ਹਿਰੀ ਨਾਗ ਬਣਦੇ।
ਜਿਨ੍ਹਾਂ ਖ਼ੂਨ ਨਾਲ ਰੰਗੇ ਨਹਿਰਾਂ ਖਾਲਿਆਂ ਦੇ ਪੁਲ।
ਖਾਕੀ ਮੋਢਿਆਂ ਦੇ ਉੱਤੇ ਜਿਹੜੇ ਬਹਿ ਗਏ ਬਣ ਫੁੱਲ।
ਕਿਤੋਂ ਮੁੜ ਆਉਣ ਨਾਰਾਂ ਦੇ ਸੁਹਾਗ ਬਣਕੇ।
ਜਿਨਾਂ ਚਿਰ ਤੱਕ ਰਹਿਣੇ ਇਹੋ ਧਰਤੀ ਆਕਾਸ਼।
ਰਹੂ ਪੀੜ੍ਹੀਆਂ ਨੂੰ ਯਾਦ ਸਾਡਾ ਨਵਾਂ ਇਤਿਹਾਸ।
ਲੱਗਾ ਸਮਿਆਂ ਦੇ ਮੱਥੇ ਕਾਲਾ ਦਾਗ਼ ਬਣਕੇ।

***

## ਗ਼ਜ਼ਲ

ਸੀਨੇ ਵਿੱਚ ਸੁਪਨੇ ਅਬਾਦ ਕਰੀ ਬੈਠੇ ਹਾਂ।
ਕੌਮ ਨੂੰ ਭੁਲੇਖੇ 'ਚ ਅਜ਼ਾਦ ਕਰੀ ਬੈਠੇ ਹਾਂ।
ਕੁਰਸੀ ਦੀ ਦੌੜ ਵਿੱਚ ਰੋਲ ਦਿੱਤਾ ਵਿਰਸੇ ਨੂੰ
ਕੌਮ ਦਾ ਭਵਿੱਖ ਬਰਬਾਦ ਕਰੀ ਬੈਠੇ ਹਾਂ।
ਕੌਮ ਦਿਆਂ ਦਰਦਾਂ ਦੀ ਗੱਲ ਅੱਜ ਘੱਟ ਹੁੰਦੀ
ਆਪੋ ਵਿੱਚ ਐਵੇਂ ਹੀ ਫਸਾਦ ਕਰੀ ਬੈਠੇ ਹਾਂ।
ਰਾਂਝਿਆ ਤੇ ਕੈਦੋਆਂ ਦੀ ਲੋਕਾਂ ਨੂੰ ਪਛਾਣ ਸਾਰੀ
ਐਵੇਂ ਸੱਚੇ ਹੋਣ ਲਈ ਸੰਵਾਦ ਕਰੀ ਬੈਠੇ ਹਾਂ।
ਮਾਵਾਂ ਦਿਆਂ ਪੁੱਤਰਾਂ ਤੇ ਭੈਣਾਂ ਦਿਆਂ ਵੀਰਿਆਂ ਨੂੰ
ਅੱਖੋਂ ਉਹਲੇ ਨਾਰਾਂ ਦੇ ਸੁਹਾਗ ਕਰੀ ਬੈਠੇ ਹਾਂ।
ਕਾਤਲਾਂ ਦੇ ਕੋਲੋਂ ਭੀਖ ਮੰਗਦੇ ਹਾਂ ਜਿੰਦਗੀ ਦੀ
ਬੜੀ ਵਾਰੀ ਅਸੀਂ ਫਰਿਆਦ ਕਰੀ ਬੈਠੇ ਹਾਂ।
ਜੂਨ ਦਾ ਮਹੀਨਾ ਸੁੱਤੇ ਜ਼ਖਮਾਂ ਨੂੰ ਛੇੜੇ ਦਿੰਦੈ
ਸ਼ਹੀਦ ਹੋ ਗਏ ਮਿੱਤਰਾਂ ਨੂੰ ਯਾਦ ਕਰੀ ਬੈਠੇ ਹਾਂ

***

# ਬਜ਼ੁਰਗ ਹੁੰਦੇ ਹਨ ਘਰ ਦਾ ਤਾਲਾ

ਅੱਜ ਸਾਂਝੇ ਪਰਿਵਾਰਾਂ ਦੀ ਥਾਂ ਇਕੱਠੇ ਇਕਹਿਰੇ ਪਰਿਵਾਰਾਂ ਰਹਿ ਗਏ ਹਨ। ਪਰ ਅੱਜ ਦੁੱਖ ਇਸ ਗੱਲ ਦਾ ਹੈ ਇਹ ਇਕਹਿਰੇ ਪਰਿਵਾਰ ਹੋਰ ਵੀ ਇਕੱਲੇ ਹੋ ਗਏ ਹਨ। ਬੱਚੇ ਮਾਂ ਬਾਪ ਸਭ ਆਪਣੇ ਆਪਣੇ ਕਮਰਿਆਂ ਵਿੱਚ ਟੀਵੀ ਜਾਂ ਮੋਬਾਇਲ ਫੋਨ ਵਿੱਚ ਰੁਝ ਜਾਂਦੇ ਹਨ। ਇੱਥੇ ਸਿੱਖਣ ਸਿਖਾਉਣ ਦੇ ਮੌਕੇ ਬਹੁਤ ਘੱਟ ਮਿਲਦੇ ਹਨ। ਬਜ਼ੁਰਗਾਂ ਦਾ ਸਤਿਕਾਰ ਕਰਨਾ ਉਨ੍ਹਾਂ ਦੇ ਦੇ ਮਨਾਂ ਵਿੱਚੋਂ ਮਨਫੀ ਹੋ ਗਿਆ ਹੈ। ਜੇਕਰ ਅਸੀਂ ਆਪਣੇ ਬਜ਼ੁਰਗਾਂ ਦਾ ਸਤਿਕਾਰ ਕਰਾਂਗੇ, ਤਾਂ ਹੀ ਅਸੀਂ ਬੁੱਢੇ ਹੋ ਕੇ ਮਾਣ ਸਤਿਕਾਰ ਦੇ ਹੱਕਦਾਰ ਹੋਵਾਂਗੇ। ਪਹਿਲਾਂ ਗਊ ਨੂੰ ਮਾਤਾ ਦਾ ਦਰਜ਼ਾ ਕੀਤਾ ਜਾਂਦਾ ਸੀ। ਇਥੇ ਬਜ਼ੁਰਗਾਂ ਨੂੰ ਰੱਬ ਦਾ ਰੂਪ ਮੰਨਿਆ ਜਾਂਦਾ ਸੀ। ਸਾਰੀ ਗੱਲਬਾਤ ਬਜ਼ੁਰਗਾਂ ਨਾਲ ਸਾਂਝੀ ਕੀਤੀ ਜਾਂਦੀ ਸੀ। ਬਜ਼ੁਰਗ ਘਰ ਦੇ ਆਗੂ ਹੁੰਦੇ ਸਨ। ਸਾਡੇ ਪਰਿਵਾਰ ਵਾਲੇ ਆਪਣੇ ਮਾਤਾ ਪਿਤਾ ਭਾਵ ਦਾਦਾ- ਦਾਦੀ ਭਾਵ ਬਜ਼ੁਰਗਾਂ ਦਾ ਆਦਰ ਕਰਦੇ ਸਨ। ਪੁਰਾਣੇ ਸਮੇਂ ਵਿੱਚ ਪਰਿਵਾਰ ਦਾ ਕੋਈ ਮੈਂਬਰ ਤਿੰਨ-ਪੰਜ ਕਰਦਾ ਜਾ ਜਿੱਦ ਕਰਦਾ ਤਾਂ ਬਜ਼ੁਰਗਾਂ ਦਾ ਖੂੰਡਾ ਦੇਖ ਕੇ ਨਾਲ ਦੀ ਨਾਲ ਚੁੱਪ ਕਰ ਜਾਂਦਾ। ਬਜ਼ੁਰਗਾਂ ਦੇ ਸਾਹਮਣੇ ਉੱਚੀ ਬੋਲਣ ਦਾ ਕੋਈ ਹੀਆ ਨਹੀਂ ਕਰਦਾ ਸੀ। ਸੋ ਸਾਡੇ ਪੁਰਾਣੇ ਬਜ਼ੁਰਗ ਘੰਗੂਰਾ ਮਾਰ ਕੇ ਕੁੰਡਾ ਖੜਕਾ ਕੇ ਘਰ ਵਿੱਚ ਪ੍ਰਵੇਸ਼ ਕਰਦੇ ਸਨ, ਤਾਂ ਸਾਰਾ ਟੱਬਰ ਸਾਵਧਾਨ ਹੋ ਕੇ ਆਪਣੇ ਆਪਣੇ ਕੰਮਾਂ ਨੂੰ ਭਰਿੰਡਾਂ ਵਾਂਗ ਚਿੰਬੜ ਜਾਂਦੇ ਸਨ। ਗਲੀ ਮਹੱਲੇ ਦੇ ਲੋਕ ਵੀ ਬਜ਼ੁਰਗਾਂ ਨਾਲ ਆਪਣਾ ਦੁੱਖ ਸਾਂਝਾ ਕਰ ਲੈਂਦੇ ਸਨ। ਤਾਹੀਓ ਤਾਂ ਕਹਿੰਦੇ ਸਨ ਤਿੰਨ ਰੰਗ ਨਹੀਂ ਲੱਭਣੇ ਹੁਸਨ, ਜਵਾਨੀ, ਮਾਪੇ।

ਜਾਂ

ਬਜ਼ੁਰਗ ਹੁੰਦੇ ਨੇ ਬੋਹੜ ਦੀਆਂ ਛਾਵਾਂ,  
ਨਸੀਬਾਂ ਵਾਲੇ ਛਾਂ ਮਾਣਦੇ।  
ਕੀ ਹੁੰਦੀਆਂ ਨੇ ਮਾਂ ਦੀਆਂ ਦੁਆਵਾਂ,  
ਬੇਕਦਰੇ ਕੀ ਜਾਣਦੇ।

ਸਿਆਣੇ ਲੋਕ ਬਜ਼ੁਰਗਾਂ ਦੀ ਤੁਲਨਾ ਬੋਹੜ ਨਾਲ ਕਰਦੇ ਸਨ। ਬੋਹੜ ਦੀ ਛਾਂ ਹੇਠ ਗਰਮੀਆਂ ਸਮੇਂ ਬੈਠਕੇ ਆਨੰਦ ਆ ਜਾਂਦਾ, ਅਤੇ ਮਨ ਖੁਸ਼ ਹੋ ਜਾਂਦਾ। ਇਸੇ ਤਰ੍ਹਾਂ ਬਜ਼ੁਰਗਾਂ ਕੋਲ ਬੈਠ ਕੇ ਉਹਨਾਂ ਦੇ ਤਜ਼ਰਬੇ ਦੀਆਂ ਗੱਲਾਂ ਸੁਣ ਕੇ ਹੌਂਸਲਾ ਮਿਲਦਾ ਅਤੇ ਕਾਫ਼ੀ ਕੁਝ ਸਿੱਖਣ ਨੂੰ ਮਿਲਦਾ। ਛੋਟੇ ਹੁੰਦੇ ਅਸੀਂ ਬਜ਼ੁਰਗਾਂ ਦੀ ਉਂਗਲ ਫੜ ਕੇ ਹੀ ਤੁਰਨਾ ਫਿਰਨਾ ਸਿੱਖਦੇ ਹਾਂ। ਬਜ਼ੁਰਗ ਸਾਡੇ ਰਾਹ ਦਾ ਚਾਨਣ ਮੁਨਾਰਾ ਹੁੰਦੇ ਸਨ। ਜਿਹੜੇ ਬਜ਼ੁਰਗਾਂ ਦੀ ਮੁਸਕਰਾਹਟ ਦਾ ਮਤਲਬ ਸਮਝ ਜਾਂਦੇ ਸਨ, ਉਹ ਤਰੱਕੀ ਦੀਆਂ ਮੰਜ਼ਲਾਂ ਸਰ ਕਰ ਲੈਂਦੇ ਸਨ। ਪਰ ਅੱਜ ਅਸੀਂ ਬਜ਼ੁਰਗਾਂ ਦੀਆਂ ਅਸੀਸਾਂ ਨਹੀਂ ਲੈ ਸਕਦੇ ਜੋ ਕਿ ਸਾਨੂੰ ਮੁਫ਼ਤ ਵਿੱਚ ਦਿੰਦੇ ਹਨ। ਅਸੀਂ ਆਪਣੇ ਮਾਂ-ਪਿਓ ਨੂੰ ਸਾਂਭਣ ਦੇ ਮਾਰੇ ਬਿਰਧ ਅਸ਼ਰਮਾਂ ਵਿੱਚ ਭੇਜ ਦਿੰਦੇ ਹਨ। ਤਾਹੀਓ ਤਾਂ ਪੰਜਾਬ ਵਿੱਚ ਬਿਰਧ ਆਸ਼ਰਮਾਂ ਦੀ ਗਿਣਤੀ ਵੱਧਦੀ ਜਾ ਰਹੀ ਹੈ। ਮਾਂ ਨੂੰ ਅਸੀਂ ਰੱਬ ਦਾ ਰੂਪ ਸਮਝਦੇ ਹਾਂ ਪਰ ਸਾਡੇ ਅਸੀਂ ਮਾਂ ਦੀਆ ਅਸੀਸਾਂ ਵੀ ਨਹੀਂ ਲੈ ਸਕਦੇ। ਐਵੇਂ ਤਾਂ ਨਹੀਂ ਕਿਸੇ ਨੇ ਆਖਿਆ ਹੈ....

ਮਾਂ ਦੀ ਪੂਜਾ ਰੱਬ ਦੀ ਪੂਜਾ,  
ਮਾਂ ਤਾਂ ਰੱਬ ਦਾ ਰੂਪ ਹੈ ਦੂਜਾ।

ਪੁਰਾਣੇ ਸਮੇਂ ਵਿੱਚ ਬਜ਼ੁਰਗਾਂ ਦਾ ਬਹੁਤ ਮਾਣ-ਸਤਿਕਾਰ ਹੁੰਦਾ ਸੀ। ਪਰ ਹੁਣ ਦੇ ਸਮੇਂ ਵਿੱਚ ਮਨੁੱਖੀ ਤਸ਼ੱਦਦ ਅਤੇ ਵਿਤਕਰਾ ਕੀਤਾ ਜਾ ਰਿਹਾ ਹੈ। ਅੱਜ ਕੱਲ੍ਹ ਵੀ ਬਹੁਤ ਸਾਰੇ ਅਜਿਹੇ ਪਰਿਵਾਰ ਹਨ। ਜਿੱਥੇ ਬੈਠੇ ਬਜ਼ੁਰਗ ਆਪਣੀ ਹੋਣੀ ਤੇ ਝੂਰਦੇ ਹਨ, ਤੇ ਘਰੋਂ ਧੱਕੇ ਪੈਂਦੇ ਹਨ। ਬਜ਼ੁਰਗਾਂ ਦਾ ਮੰਜਾ ਤੂੜੀ ਵਾਲੇ ਕੋਠੇ ਵਿੱਚ ਡਾਹ ਦਿੰਦੇ ਹਾਂ। ਸਾਂਭ ਸੰਭਾਲ ਨਹੀਂ ਕਰਦੇ। ਆਪ ਆਪਾਂ ਏ.ਸੀ. ਲਾ ਕੇ ਸੌਂ ਜਾਂਦੇ ਹਾਂ। ਅਸੀਂ ਬਜ਼ੁਰਗਾਂ ਨੂੰ ਵਾਧੂ ਦੀ ਨਕਾਰਾ ਚੀਜ਼ ਬਣਾ ਕੇ ਲਾਵਾਰਸ ਛੱਡਿਆ ਹੈ। ਪੰਜਾਬੀਓ ਮਰ ਜਾਓ ਚੱਪਣੀ ਵਿੱਚ ਨੱਕ ਡਬੋ ਕੇ। ਅਸੀਂ ਕਥਿਤ ਤੌਰ ਤੇ ਮਾਡਰਨ ਹੋ ਗਏ ਹਾਂ, ਪੱਛਮੀਕਰਨ 'ਤੇ ਸੱਭਿਆਚਾਰ ਦੇ ਹਨੇਰੇ

ਵਿੱਚ ਰੁਲ ਗਏ ਹਾਂ। ਸਾਡੀ ਨੌਜਵਾਨ ਪੀੜ੍ਹੀ ਅੱਥਰੇ ਘੋੜੇ ਵਾਂਗ ਬੇਲਗਾਮ ਹੋ ਕੇ ਵਿਦੇਸ਼ਾਂ ਨੂੰ ਉਡਾਰੀ ਮਾਰ ਰਹੀ ਹੈ। ਪਰ ਬਜ਼ੁਰਗ ਨੂੰ ਘਰ ਛੱਡ ਜਾਂਦੇ ਹਨ। ਅੱਜ ਕੱਲ ਮਾਪਿਆਂ ਨੂੰ ਸਾਂਭਣ ਨਾਲੋਂ ਬੱਚਿਆਂ ਦਾ ਫ਼ਿਕਰ ਜ਼ਿਆਦਾ ਰਹਿੰਦਾ ਹੈ। ਪਹਿਲਾਂ ਸੰਯੁਕਤ ਪਰਿਵਾਰ ਹੁੰਦੇ ਸਨ। ਵੱਡਿਆਂ ਤੋਂ ਛੋਟਿਆਂ ਨੂੰ ਬਹੁਤ ਕੁਝ ਸਿੱਖਣ ਨੂੰ ਦਾ ਮੌਕਾ ਮਿਲਦਾ ਸੀ। ਬੱਚੇ ਬਜ਼ੁਰਗਾਂ ਦੇ ਅਨੁਸ਼ਾਸਨ ਵਿੱਚ ਰਹਿੰਦੇ ਸਨ ਅਤੇ ਆਦਰ ਕਰਦੇ ਸਨ। ਸਾਨੂੰ ਆਪਣਾ ਵਿਰਸਾ ਸੰਭਾਲਣਾ ਚਾਹੀਦਾ ਹੈ। ਸੱਭਿਆਚਾਰ ਬਚਾਉਣਾ ਹੈ, ਤਾਂ ਬਜ਼ੁਰਗਾਂ ਦੀ ਦੇਖਰੇਖ ਕਰੋ। ਜੋ ਕਿ ਸਾਡਾ ਮੁੱਢਲਾ ਫਰਜ਼ ਹੈ। ਬਜ਼ੁਰਗ ਮਾਣ ਸਤਿਕਾਰ ਦੇ ਭੁੱਖੇ ਹੁੰਦੇ ਹਨ। ਇੱਕ ਵਾਰੀ ਦਿਨ ਵਿੱਚ ਵਕਤ ਕੱਢਕੇ ਬਜ਼ੁਰਗਾਂ ਨੂੰ ਜ਼ਰੂਰ ਮਿਲੋ। ਉਹਨਾਂ ਦੀਆਂ ਦੁੱਖ ਤਕਲੀਫਾਂ ਪੁੱਛੋ। ਜੇਕਰ ਉਹ ਬਿਮਾਰ ਹਨ ਤਾਂ ਉਹਨਾਂ ਦਾ ਇਲਾਜ ਕਰਵਾਓ। ਕਿਉਂਕਿ ਬਜ਼ੁਰਗ ਘਰ ਦਾ ਜਿੰਦਰਾ ਹੁੰਦੇ ਹਨ। ਸਰਕਾਰ ਨੂੰ ਇਹੋ ਜਿਹੇ ਪਰਿਵਾਰਿਕ ਮੈਂਬਰਾਂ ’ਤੇ ਸਖ਼ਤ ਕਾਨੂੰਨੀ ਕਾਰਵਾਈ ਕਰਨੀ ਚਾਹੀਦੀ ਹੈ,ਜੋ ਬਜ਼ੁਰਗਾਂ ਨੂੰ ਬਿਰਧ ਆਸ਼ਰਮਾਂ ਵਿੱਚ ਭੇਜਦੇ ਹਨ।

ਸ਼ੁਭ ਚਿੰਤਕ ਪਾਠਕ।

ਡਾਕਟਰ ਨਰਿੰਦਰ ਭੱਪਰ ਝਬੇਲਵਾਲੀ।
ਪਿੰਡ ਅਤੇ ਡਾਕਖਾਨਾ ਝਬੇਲਵਾਲੀ।
ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ।
ਮੋ. 62841-45349

# ਵਿਸਾਖੀ ਦੀਆਂ ਰੌਣਕਾਂ



**ਪ੍ਰੋ. ਨਵ ਸੰਗੀਤ ਸਿੰਘ**
# 1, ਲਤਾ ਗਰੀਨ ਐਨਕਲੇਵ,
ਪਟਿਆਲਾ-147002.
(9417692015)

ਹਰ ਪਾਸੇ ਲੱਗੀਆਂ ਨੇ ਰੌਣਕਾਂ ਵਿਸਾਖੀ ਦੀਆਂ,
ਲੋਕੀਂ ਚੱਲੇ ਮੇਲੇ ਵੱਲ ਹੋ ਕੇ ਨੇ ਤਿਆਰ ਜੀ।
ਕੋਈ ਕੋਈ ਚੱਲਿਆ ਹੈ ਭੈਣਾਂ ਤੇ ਭਰਾਵਾਂ ਨਾਲ,
ਕਿਸੇ ਕਿਸੇ ਨਾਲ ਹਨ ਉਹਦੇ ਬੇਲੀ ਯਾਰ ਜੀ।
ਕਣਕਾਂ ਨੇ ਪੱਕ ਗਈਆਂ ਹੋਇਆ ਹੈ ਸੁਨਹਿਰੀ ਰੰਗ,
ਵੇਖ ਵੇਖ ਜੱਟ ਨੂੰ ਹੈ ਚੜ੍ਹਦਾ ਖ਼ੁਮਾਰ ਜੀ।
ਘਰ ਵਿੱਚ ਦਾਣੇ ਆਉਣੇ ਖ਼ੁਸ਼ੀ ਏਸੇ ਗੱਲ ਦੀ ਹੈ,
ਤਾਹੀਓਂ ਖੇੜੇ ਵਿੱਚ ਖੀਵਾ ਦਿੱਸੇ ਪਰਿਵਾਰ ਜੀ।

ਸੋਲਾਂ ਸੌ ਨੜਿਨਵੇਂ ’ਚ ਪਿਤਾ ਦਸ਼ਮੇਸ਼ ਜੀ ਨੇ,
ਸਿੱਖਾਂ ਨੂੰ ਬੁਲਾ ਕੇ ਫੇਰ ’ਕੱਠ ਕੀਤਾ ਭਾਰੀ ਸੀ।
ਗੁਰੂ ਦੇ ਬੁਲਾਏ ਸਾਰੇ ਪਹੁੰਚੇ ਸੀ ਅਨੰਦਪੁਰ,
ਬੱਚੇ, ਬੁੱਢੇ ਆਏ ਨਾਲੇ ਹੋਰ ਨਰ-ਨਾਰੀ ਸੀ।
ਚੜ੍ਹ ਕੇ ਪਹਾੜੀ ਫਿਰ ਕੇਸਗੜ੍ਹ ਉੱਚੀ ਉੱਤੇ,
ਮੁੱਖ ਵਿੱਚੋਂ ਗੁਰੂ ਜੀ ਨੇ ਗੱਲ ਇਹ ਉਚਾਰੀ ਸੀ।
ਹੱਥ ਸ਼ਮਸ਼ੀਰ ਫੜ ਸੀਸ ਦੀ ਸੀ ਮੰਗ ਕੀਤੀ,
ਕੀਤਾ ਸੀ ਐਲਾਨ ਜਿਹੜੀ ਮਨ ਵਿੱਚ ਧਾਰੀ ਸੀ।

ਏਸੇ ਹੀ ਵਿਸਾਖੀ ਦਿਨ ਉੱਨੀ ਸੌ ਤੇ ਉੱਨੀ ਵਿੱਚ,
ਜੱਲਿਆਂ ਦੇ ਬਾਗ ਦਾ ਸੀ ਹੋਇਆ ਖ਼ੂਨੀ ਸਾਕਾ ਜੀ।
ਡਾਇਰ ਓਡਵਾਇਰ ਰਲ਼ ਚਾਲ ਇੱਕ ਖੇਡੀ ਐਸੀ,
ਘੇਰ ਲਿਆ ਬਾਗ ਵਾਲ਼ਾ ਸਾਰਾ ਹੀ ਇਲਾਕਾ ਜੀ।
ਮੰਗਦੇ ਆਜ਼ਾਦੀ ਹਿੰਦਵਾਸੀ ਜਿਹੜੇ ਸ਼ਾਂਤੀ ਨਾਲ,
ਹੱਕਾਂ ਉੱਤੇ ਵੱਜ ਗਿਆ ਭੈੜਾ ਕੇਹਾ ਡਾਕਾ ਜੀ।
ਮਾਰੇ ਗਏ ਸਾਰੇ ਕੁਝ ਖ਼ੂਹ ਵਿੱਚ ਡਿੱਗ ਮੋਏ,
ਇੱਕੋ ਇੱਕ ਗਲ਼ੀ ਉੱਤੇ ਲੱਗਿਆ ਸੀ ਨਾਕਾ ਜੀ।

ਸਿੱਖੀਏ ਸੁਨੇਹਾ ਅਸੀਂ ਸਾਰੇ ਮਿਲਜੁਲ ਕੇ ਤੇ,
ਜਾਣੀਏ ਵਿਸਾਖੀ ਦਾ ਕੀ ਅਸਲੀ ਉਦੇਸ਼ ਹੈ।
ਦੇਸ਼ ਉੱਤੇ ਭੀੜ ਬਣੇ ਏਕੇ ਵਿੱਚ ਰਲ਼ ਬਹੀਏ,
ਇਹੋ ਹੀ ਤਿਉਹਾਰਾਂ ਦਾ ਜੀ ਖਾਸ ਹੀ ਸੰਦੇਸ਼ ਹੈ।
ਘੁੰਮੀਏ ਤੇ ਸੈਰਾਂ ਭਾਵੇਂ ਕਰੀਏ ਦੁਰਾਡੇ ਦੀਆਂ,
ਮਨ ’ਚ ਵਸਾਈਏ ਕਿ ਪੰਜਾਬ ਮੇਰਾ ਦੇਸ਼ ਹੈ।
‘ਜੀਓ ਅਤੇ ਜੀਣ ਦਿਓ’ ਨਾਅਰਾ ਸਦਾ ਯਾਦ ਰੱਖੋ,
ਦੁਖ ਸੁਖ ਵਿੱਚ ਸਾਂਝ ਰੱਖਣੀ ਹਮੇਸ਼ ਹੈ।

**ਸਰਕਾਰ ਆਪਣੇ ਬਜ਼ੁਰਗਾਂ ਦੀ ਦੇਖਭਾਲ ਕਰਨ ਵਿੱਚ ਅਸਫਲ ਰਹਿਣ ਵਾਲੇ ਮਾਪਿਆਂ ਵਿਰੁੱਧ ਤੁਰੰਤ ਕਾਰਵਾਈ ਕਰੇਗੀ : ਡੀ.ਬੀ.ਟੀ ਰਾਹੀਂ ਮਾਪਿਆਂ ਦੇ ਖਾਤਿਆਂ ਵਿੱਚ ਸਿੱਧੇ ਤੌਰ 'ਤੇ 15% ਤਨਖਾਹ ਕਟੌਤੀ - ਤੇਲੰਗਾਨਾ ਰਾਜ ਦਖਲ : ਬਜ਼ੁਰਗਾਂ ਦੀ ਸੁਰੱਖਿਆ ਲਈ ਇੱਕ ਨਵੀਂ ਦਿਸ਼ਾ - ਇੱਕ ਵਿਆਪਕ ਵਿਸ਼ਲੇਸ਼ਣ**


# ਮਾਪਿਆਂ ਦੀ ਦੇਖਭਾਲ ਕਰਨ ਵਿੱਚ ਅਸਫਲ ਰਹਿਣ ਲਈ 15% ਤੁਰੰਤ ਤਨਖਾਹ ਕਟੌਤੀ : ਸਮਾਜਿਕ ਨਿਆਂ, ਨੈਤਿਕ ਜ਼ਿੰਮੇਵਾਰੀ ਅਤੇ ਕਾਨੂੰਨ ਵਿਚਕਾਰ ਇੱਕ ਸ਼ਲਾਘਾਯੋਗ ਸੰਤੁਲਨ

ਗੋਂਡੀਆ - ਅੱਜ ਦਾ ਸਮਾਜ ਵਿਸ਼ਵ ਪੱਧਰ 'ਤੇ ਬੇਮਿਸਾਲ ਤਬਦੀਲੀ ਵਿੱਚੋਂ ਗੁਜ਼ਰ ਰਿਹਾ ਹੈ। ਜਦੋਂ ਕਿ ਤਕਨੀਕੀ ਤਰੱਕੀ, ਵਿਸ਼ਵੀਕਰਨ ਅਤੇ ਆਰਥਿਕ ਮੁਕਾਬਲੇ ਨੇ ਜੀਵਨ ਨੂੰ ਵਧੇਰੇ ਸੁਵਿਧਾਜਨਕ ਬਣਾਇਆ ਹੈ, ਉਨ੍ਹਾਂ ਨੇ ਪਰਿਵਾਰਕ ਢਾਂਚੇ ਅਤੇ ਸਬੰਧਾਂ ਦੀ ਪ੍ਰਕਿਰਤੀ ਨੂੰ ਵੀ ਡੂੰਘਾ ਪ੍ਰਭਾਵਿਤ ਕੀਤਾ ਹੈ। ਭਾਵਨਾਤਮਕ ਸੁਰੱਖਿਆ ਅਤੇ ਸਮੂਹਿਕ ਜ਼ਿੰਮੇਵਾਰੀ ਜੋ ਕਦੇ ਸਾਂਝੇ ਪਰਿਵਾਰਾਂ ਵਿੱਚ ਪ੍ਰਫੁੱਲਤ ਹੁੰਦੀ ਸੀ, ਹੁਣ ਵੱਧ ਤੋਂ ਵੱਧ ਪ੍ਰਮਾਣੂ ਪਰਿਵਾਰਾਂ ਤੱਕ ਸੀਮਤ ਹੋ ਗਈ ਹੈ। ਇਸ ਬਦਲਾਅ ਦਾ ਸਭ ਤੋਂ ਵੱਧ ਪ੍ਰਭਾਵਿਤ ਹਿੱਸਾ ਬਜ਼ੁਰਗ ਮਾਪੇ ਹਨ। ਜ਼ਿੰਦਗੀ ਦੇ ਇੱਕ ਅਜਿਹੇ ਪੜਾਅ 'ਤੇ ਜਦੋਂ ਉਨ੍ਹਾਂ ਨੂੰ ਸਭ ਤੋਂ ਵੱਧ ਸਹਾਇਤਾ, ਸਤਿਕਾਰ ਅਤੇ ਦੇਖਭਾਲ ਦੀ ਲੋੜ ਹੁੰਦੀ ਹੈ, ਉਨ੍ਹਾਂ ਨੂੰ ਅਕਸਰ ਅਣਗਹਿਲੀ, ਇਕੱਲਤਾ ਅਤੇ ਵਿੱਤੀ ਅਸੁਰੱਖਿਆ ਦਾ ਸਾਹਮਣਾ ਕਰਨਾ ਪੈਂਦਾ ਹੈ। ਅਜਿਹੇ ਸਮੇਂ, ਤੇਲੰਗਾਨਾ ਰਾਜ ਦੁਆਰਾ ਪਾਸ ਕੀਤਾ ਗਿਆ ਕਰਮਚਾਰੀ ਜਵਾਬਦੇਹੀ ਅਤੇ ਮਾਪਿਆਂ ਦੀ ਸਹਾਇਤਾ ਨਿਗਰਾਨੀ ਬਿੱਲ, 2026, ਨਾ ਸਿਰਫ ਇੱਕ ਕਾਨੂੰਨੀ ਕਦਮ ਹੈ ਬਲਕਿ ਇੱਕ ਇਤਿਹਾਸਕ ਦਖਲ ਵੀ ਹੈ ਜੋ ਸਮਾਜਿਕ ਚੇਤਨਾ ਨੂੰ ਹਿਲਾ ਦੇਵੇਗਾ। ਇਸ ਬਿੱਲ ਦਾ ਮੁੱਖ ਸੰਦੇਸ਼ ਸਪੱਸ਼ਟ ਅਤੇ ਮਜ਼ਬੂਤ ਹੈ: ਜੇਕਰ ਕੋਈ ਬੱਚਾ ਆਪਣੇ ਮਾਪਿਆਂ ਦੀ ਦੇਖਭਾਲ ਕਰਨ ਤੋਂ ਇਨਕਾਰ ਕਰਦਾ ਹੈ, ਤਾਂ ਰਾਜ ਉਨ੍ਹਾਂ ਦੀ ਨਿੱਜੀ ਜ਼ਿੰਮੇਵਾਰੀ ਨੂੰ ਲਾਗੂ ਕਰਨ ਲਈ ਦਖਲ ਦੇਵੇਗਾ। ਮੈਂ, ਐਡਵੋਕੇਟ ਕਿਸ਼ਨ ਸੰਮੁਖਦਾਸ ਭਵਾਨੀ, ਗੋਂਡੀਆ, ਮਹਾਰਾਸ਼ਟਰ, ਦਾ ਮੰਨਣਾ ਹੈ ਕਿ ਇਹ ਵਿਚਾਰ ਇਨਕਲਾਬੀ ਹੈ, ਕਿਉਂਕਿ ਪਰਿਵਾਰਕ ਸਬੰਧਾਂ ਨੂੰ ਹੁਣ ਤੱਕ ਇੱਕ ਨਿੱਜੀ ਅਤੇ ਨੈਤਿਕ ਖੇਤਰ ਮੰਨਿਆ ਜਾਂਦਾ ਰਿਹਾ ਹੈ, ਜਿੱਥੇ ਕਾਨੂੰਨ ਦੀ ਭੂਮਿਕਾ ਸੀਮਤ ਸੀ। ਪਰ ਜਦੋਂ ਨੈਤਿਕਤਾ ਅਸਫਲ ਹੋ ਜਾਂਦੀ ਹੈ, ਤਾਂ ਕਾਨੂੰਨੀ ਦਖਲ ਜ਼ਰੂਰੀ ਹੋ ਜਾਂਦਾ ਹੈ। ਇਹ ਬਿੱਲ ਇਸ ਸਿਧਾਂਤ 'ਤੇ ਅਧਾਰਤ ਹੈ ਕਿ ਬਜ਼ੁਰਗਾਂ ਨੂੰ ਨਜ਼ਰਅੰਦਾਜ਼ ਕਰਨਾ ਸਿਰਫ਼ ਇੱਕ ਨਿੱਜੀ

**ਕਰਮਚਾਰੀ ਜਵਾਬਦੇਹੀ ਅਤੇ ਮਾਪਿਆਂ ਦੀ ਸਹਾਇਤਾ ਨਿਗਰਾਨੀ ਬਿੱਲ, 2026, ਨਾ ਸਿਰਫ਼ ਇੱਕ ਕਾਨੂੰਨੀ ਉਪਾਅ ਹੈ ਬਲਕਿ ਇੱਕ ਇਤਿਹਾਸਕ ਦਖਲਅੰਦਾਜ਼ੀ ਵੀ ਹੈ ਜੋ ਸਮਾਜਿਕ ਚੇਤਨਾ ਨੂੰ ਹਿਲਾ ਦੇਵੇਗਾ ਅਤੇ ਸਾਰੇ ਰਾਜਾਂ ਨੂੰ ਇਸ ਵੱਲ ਧਿਆਨ ਦੇਣ ਦੀ ਲੋੜ ਹੈ -**



**ਐਡਵੋਕੇਟ**
**ਕਿਸ਼ਨ ਸਨਮੁਖਦਾਸ ਭਾਵਨਾਨੀ,**
**ਗੋਂਡੀਆ, ਮਹਾਰਾਸ਼ਟਰ**






ਅਸਫਲਤਾ ਨਹੀਂ ਹੈ, ਸਗੋਂ ਇੱਕ ਸਮਾਜਿਕ ਅਪਰਾਧ ਹੈ, ਜਿਸਨੂੰ ਸਿਰਫ਼ ਸਖ਼ਤ ਕਾਨੂੰਨੀ ਪ੍ਰਬੰਧਾਂ ਦੁਆਰਾ ਹੀ ਹੱਲ ਕੀਤਾ ਜਾ ਸਕਦਾ ਹੈ, ਸਮਾਜਿਕ ਪ੍ਰਚਾਰ ਦੁਆਰਾ ਨਹੀਂ। ਇੱਕ ਵਕੀਲ ਅਤੇ ਲੇਖਕ ਹੋਣ ਦੇ ਨਾਤੇ, ਮੈਂ ਸੁਝਾਅ ਦੇਣਾ ਚਾਹਾਂਗਾ ਕਿ ਇਸ ਬਿੱਲ ਨੂੰ ਹੋਰ ਪ੍ਰਭਾਵਸ਼ਾਲੀ ਬਣਾਇਆ ਜਾ ਸਕਦਾ ਹੈ। ਉਦਾਹਰਣ ਵਜੋਂ, ਤਨਖਾਹ ਕਟੌਤੀ ਸੀਮਾ ਨੂੰ 15 ਪ੍ਰਤੀਸ਼ਤ ਤੋਂ ਵਧਾ ਕੇ 25 ਪ੍ਰਤੀਸ਼ਤ ਕੀਤਾ ਜਾ ਸਕਦਾ ਹੈ, ਅਤੇ ਵੱਧ ਤੋਂ ਵੱਧ ਰਕਮ 10,000 ਤੋਂ ਵਧਾ ਕੇ 25,000 ਕੀਤੀ ਜਾ ਸਕਦੀ ਹੈ, ਜਿਸ ਨਾਲ ਇਹ ਹੋਰ ਪ੍ਰਭਾਵਸ਼ਾਲੀ ਅਤੇ ਰੋਕਥਾਮ ਵਾਲਾ ਬਣ ਸਕਦਾ ਹੈ।

ਦੋਸਤੋ, ਜੇਕਰ ਅਸੀਂ ਵਿਚਾਰ ਕਰੀਏ ਕਿ ਕੀ ਅਜਿਹਾ ਕਾਨੂੰਨ ਸਾਰੇ ਰਾਜਾਂ ਵਿੱਚ ਲਾਗੂ ਕੀਤਾ ਜਾਣਾ ਚਾਹੀਦਾ ਹੈ, ਤਾਂ ਜਵਾਬ ਹਾਂ ਵਿੱਚ ਹੈ, ਕਿਉਂਕਿ ਇਸਦੇ ਬਹੁਤ ਸਾਰੇ ਸਮਾਜਿਕ, ਆਰਥਿਕ ਅਤੇ ਕਾਨੂੰਨੀ ਪ੍ਰਭਾਵ ਹਨ। ਇੱਕ ਪਾਸੇ, ਇਹ ਕਾਨੂੰਨ ਬਜ਼ੁਰਗ ਮਾਪਿਆਂ ਦੇ ਅਧਿਕਾਰਾਂ ਦੀ ਰੱਖਿਆ ਲਈ ਇੱਕ ਸ਼ਕਤੀਸ਼ਾਲੀ ਸਾਧਨ ਹੋ ਸਕਦਾ ਹੈ। ਇਹ ਉਨ੍ਹਾਂ ਬੱਚਿਆਂ ਵਿੱਚ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰੇਗਾ ਜੋ ਵਿੱਤੀ ਤੌਰ 'ਤੇ ਸਮਰੱਥ ਹੋਣ ਦੇ ਬਾਵਜੂਦ ਆਪਣੇ ਮਾਪਿਆਂ ਨੂੰ ਨਜ਼ਰਅੰਦਾਜ਼ ਕਰਦੇ ਹਨ। ਇਹ ਸਮਾਜ ਨੂੰ ਇੱਕ ਸਕਾਰਾਤਮਕ ਸੰਦੇਸ਼ ਦੇਵੇਗਾ ਕਿ ਮਾਪਿਆਂ ਦੀ ਸੇਵਾ ਕਰਨਾ ਸਿਰਫ਼ ਇੱਕ ਵਿਕਲਪ ਨਹੀਂ ਹੈ, ਸਗੋਂ ਇੱਕ ਲਾਜ਼ਮੀ ਫਰਜ਼ ਹੈ। ਇਸ ਤੋਂ ਇਲਾਵਾ, ਕੇਂਦਰ ਸਰਕਾਰ ਨੂੰ ਇਸ ਕਾਨੂੰਨ ਨੂੰ ਦੇਸ਼ ਭਰ ਵਿੱਚ ਲਾਗੂ ਕਰਨ ਲਈ ਪਹਿਲ ਕਰਨੀ ਚਾਹੀਦੀ ਹੈ। ਜੇਕਰ ਸਾਰੇ ਰਾਜ ਇਸ ਮਾਡਲ ਨੂੰ ਅਪਣਾਉਂਦੇ ਹਨ, ਤਾਂ ਇਹ ਬਜ਼ੁਰਗਾਂ ਦੀ ਸੁਰੱਖਿਆ ਲਈ ਇੱਕ ਮਜ਼ਬੂਤ ਰਾਸ਼ਟਰੀ ਢਾਂਚਾ ਬਣਾ ਸਕਦਾ ਹੈ। ਹਾਲਾਂਕਿ, ਇਹ ਸਪੱਸ਼ਟ ਕਰਨਾ ਮਹੱਤਵਪੂਰਨ ਹੈ ਕਿ ਭਾਰਤ ਵਿੱਚ ਕਿਸੇ ਵੀ ਰਾਜ ਜਾਂ ਕੇਂਦਰ ਸਰਕਾਰ ਦੁਆਰਾ ਅਜੇ ਤੱਕ ਕੋਈ ਵਿਆਪਕ ਕਾਨੂੰਨ ਨਹੀਂ ਬਣਾਇਆ ਗਿਆ ਹੈ ਜੋ 15% ਸਿੱਧੀ ਤਨਖਾਹ ਕਟੌਤੀ ਨੂੰ ਲਾਜ਼ਮੀ ਬਣਾਉਂਦਾ ਹੈ। ਕੁਝ ਮਾਮਲਿਆਂ ਵਿੱਚ, ਅਦਾਲਤਾਂ ਨੇ ਵਿਅਕਤੀਗਤ ਹਾਲਾਤਾਂ ਦੇ ਆਧਾਰ 'ਤੇ ਤਨਖਾਹਾਂ ਵਿੱਚੋਂ ਗੁਜ਼ਾਰਾ ਭੱਤਾ ਕੱਟਣ ਦਾ ਹੁਕਮ ਦਿੱਤਾ ਹੈ, ਪਰ ਇਹ ਇੱਕ ਆਮ ਕਾਨੂੰਨ ਨਹੀਂ ਹੈ ਸਗੋਂ ਕੇਸ-ਦਰ-ਕੇਸ ਦੇ ਆਧਾਰ 'ਤੇ ਲਿਆ ਗਿਆ ਫੈਸਲਾ ਹੈ।

ਦੋਸਤੋ, ਜੇਕਰ ਅਸੀਂ ਬਜ਼ੁਰਗਾਂ ਦੀ ਦੁਰਦਸ਼ਾ ਨੂੰ ਸਮਝਣਾ ਹੈ, ਤਾਂ ਬੁਢਾਪਾ ਜ਼ਿੰਦਗੀ ਦੀ ਇੱਕ ਅਟੱਲ ਹਕੀਕਤ ਹੈ। ਇਹ ਇੱਕ ਅਜਿਹਾ ਪੜਾਅ ਹੈ ਜਦੋਂ ਸਰੀਰਕ ਅਤੇ ਮਾਨਸਿਕ ਯੋਗਤਾਵਾਂ ਹੌਲੀ-ਹੌਲੀ ਘਟਣ ਲੱਗਦੀਆਂ ਹਨ। ਬਿਮਾਰੀਆਂ ਵਧਦੀਆਂ ਹਨ, ਆਮਦਨ ਦੇ ਸਰੋਤ ਸੁੱਕ ਜਾਂਦੇ ਹਨ, ਅਤੇ ਵਿਅਕਤੀ ਪੂਰੀ ਤਰ੍ਹਾਂ ਦੂਜਿਆਂ 'ਤੇ ਨਿਰਭਰ ਹੋ ਜਾਂਦੇ ਹਨ। ਭਾਰਤੀ ਸੰਦਰਭ ਵਿੱਚ, ਇਹ ਨਿਰਭਰਤਾ ਮੁੱਖ ਤੌਰ 'ਤੇ ਬੱਚਿਆਂ 'ਤੇ ਹੈ, ਕਿਉਂਕਿ ਜ਼ਿਆਦਾਤਰ ਲੋਕ ਆਪਣੀ ਪੂਰੀ ਜ਼ਿੰਦਗੀ ਦੀ ਕਮਾਈ ਆਪਣੇ ਬੱਚਿਆਂ ਦੀ ਸਿੱਖਿਆ, ਵਿਆਹ ਅਤੇ ਭਵਿੱਖ 'ਤੇ ਖਰਚ ਕਰਦੇ ਹਨ। ਸਰਕਾਰੀ ਕਰਮਚਾਰੀਆਂ ਨੂੰ ਪੈਨਸ਼ਨਾਂ ਦਾ ਸਹਾਰਾ ਮਿਲ ਸਕਦਾ ਹੈ, ਪਰ ਨਿੱਜੀ ਖੇਤਰ ਵਿੱਚ ਬਜ਼ੁਰਗ ਵਿਅਕਤੀਆਂ ਲਈ ਸਥਿਤੀ ਹੋਰ ਵੀ ਚੁਣੌਤੀਪੂਰਨ ਹੈ। ਅਜਿਹੀ ਸਥਿਤੀ ਵਿੱਚ, ਜੇਕਰ ਉਨ੍ਹਾਂ ਦੇ ਬੱਚੇ ਵੀ ਉਨ੍ਹਾਂ ਨੂੰ ਛੱਡ ਦਿੰਦੇ ਹਨ, ਤਾਂ ਇਹ ਉਨ੍ਹਾਂ ਲਈ ਬਹੁਤ ਦੁਖਦਾਈ ਅਤੇ ਅਣਮਨੁੱਖੀ ਹੋ ਜਾਂਦਾ ਹੈ।

ਦੋਸਤੋ, ਆਓ ਤੇਲੰਗਾਨਾ ਵਿਧਾਨ ਸਭਾ ਦੁਆਰਾ 29 ਮਾਰਚ, 2026 ਨੂੰ ਪਾਸ ਕੀਤੇ ਗਏ ਬਿੱਲ 'ਤੇ ਵਿਚਾਰ ਕਰੀਏ। ਇਹ ਬਿੱਲ ਇਸ ਸਮੱਸਿਆ ਦਾ ਹੱਲ ਪੇਸ਼ ਕਰਦਾ ਹੈ। ਇਸ ਬਿੱਲ ਦੇ ਤਹਿਤ, ਜੇਕਰ ਕੋਈ ਵੀ ਕਰਮਚਾਰੀ, ਭਾਵੇਂ ਸਰਕਾਰੀ ਹੋਵੇ ਜਾਂ ਨਿੱਜੀ, ਆਪਣੇ ਮਾਪਿਆਂ ਦੀ ਦੇਖਭਾਲ ਵਿੱਚ ਲਾਪਰਵਾਹੀ ਕਰਦਾ ਹੈ, ਤਾਂ ਉਸਦੀ ਤਨਖਾਹ ਦਾ 15 ਪ੍ਰਤੀਸ਼ਤ, ਜਾਂ ਵੱਧ ਤੋਂ ਵੱਧ 10,000 ਪ੍ਰਤੀ ਮਹੀਨਾ, ਕੱਟਿਆ ਜਾਵੇਗਾ ਅਤੇ ਸਿੱਧੇ ਮਾਪਿਆਂ ਦੇ ਬੈਂਕ ਖਾਤੇ ਵਿੱਚ ਜਮ੍ਹਾ ਕੀਤਾ ਜਾਵੇਗਾ। ਇਹ ਵਿਵਸਥਾ ਨਾ ਸਿਰਫ਼ ਵਿੱਤੀ ਸਹਾਇਤਾ ਨੂੰ ਯਕੀਨੀ ਬਣਾਉਂਦੀ ਹੈ ਬਲਕਿ ਇੱਕ ਸਖ਼ਤ ਸੰਦੇਸ਼ ਵੀ ਦਿੰਦੀ ਹੈ ਕਿ ਬੱਚੇ ਆਪਣੀਆਂ ਜ਼ਿੰਮੇਵਾਰੀਆਂ ਤੋਂ ਭੱਜ ਨਹੀਂ ਸਕਦੇ। ਇਹ ਕਾਨੂੰਨਇਹ ਵਿਧਾਇਕਾਂ ਅਤੇ ਸਰਪੰਚਾਂ ਵਰਗੇ ਜਨਤਕ ਪ੍ਰਤੀਨਿਧੀਆਂ 'ਤੇ ਵੀ ਲਾਗੂ ਹੁੰਦਾ ਹੈ, ਜਿਸ ਨਾਲ ਇਹ ਸਪੱਸ਼ਟ ਹੁੰਦਾ ਹੈ ਕਿ ਜਵਾਬਦੇਹੀ ਸਾਰਿਆਂ ਲਈ ਬਰਾਬਰ ਹੈ। ਇਸ ਬਿੱਲ ਦੀ ਇੱਕ ਮੁੱਖ ਵਿਸ਼ੇਸ਼ਤਾ ਇਸਦੀ ਸਪੱਸ਼ਟ ਅਤੇ ਸਮਾਂਬੱਧ ਪ੍ਰਕਿਰਿਆ ਹੈ। ਜੇਕਰ ਮਾਪੇ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ, ਤਾਂ ਉਹ ਜ਼ਿਲ੍ਹਾ ਕੁਲੈਕਟਰ ਕੋਲ ਸ਼ਿਕਾਇਤ ਦਰਜ ਕਰਵਾ ਸਕਦੇ ਹਨ। ਕੁਲੈਕਟਰ ਨੂੰ ਮਾਮਲੇ ਦੀ ਜਾਂਚ ਕਰਨ ਅਤੇ 60 ਦਿਨਾਂ ਦੇ ਅੰਦਰ ਫੈਸਲਾ ਜਾਰੀ ਕਰਨ ਦਾ ਅਧਿਕਾਰ ਹੈ। ਜੇਕਰ ਸ਼ਿਕਾਇਤ ਸੱਚੀ ਪਾਈ ਜਾਂਦੀ ਹੈ, ਤਾਂ ਤਨਖਾਹ ਕਟੌਤੀ ਦਾ ਆਦੇਸ਼ ਜਾਰੀ ਕੀਤਾ ਜਾਂਦਾ ਹੈ। ਜੇਕਰ ਅਰਜ਼ੀ ਰੱਦ ਕਰ ਦਿੱਤੀ ਜਾਂਦੀ ਹੈ, ਤਾਂ ਸੀਨੀਅਰ ਸਿਟੀਜ਼ਨ ਕਮਿਸ਼ਨ ਕੋਲ ਅਪੀਲ ਕਰਨ ਦਾ ਪ੍ਰਬੰਧ ਹੈ। ਇਹ ਪ੍ਰਕਿਰਿਆ ਪਾਰਦਰਸ਼ਤਾ ਅਤੇ ਨਿਆਂ ਨੂੰ ਯਕੀਨੀ ਬਣਾਉਂਦੀ ਹੈ, ਜਿਸਦੀ ਅਕਸਰ ਦੂਜੇ ਕਾਨੂੰਨਾਂ ਵਿੱਚ ਘਾਟ ਹੁੰਦੀ ਹੈ।

ਦੋਸਤੋ ਸਾਥੀਓ, ਜੇਕਰ ਅਸੀਂ ਬਿੱਲ ਵਿੱਚ ਇੱਕ ਹੋਰ ਮਹੱਤਵਪੂਰਨ ਵਿਵਸਥਾ 'ਤੇ ਵਿਚਾਰ ਕਰੀਏ, ਤਾਂ ਇਹ ਸੀਨੀਅਰ ਸਿਟੀਜ਼ਨ ਕਮਿਸ਼ਨ ਦੀ ਸਥਾਪਨਾ ਹੈ। ਇਸ ਕਮਿਸ਼ਨ

ਦੀ ਅਗਵਾਈ ਇੱਕ ਸੇਵਾਮੁਕਤ ਹਾਈ ਕੋਰਟ ਜੱਜ ਕਰਨਗੇ ਅਤੇ ਇੱਕ ਅਪੀਲੀ ਸੰਸਥਾ ਵਜੋਂ ਕੰਮ ਕਰਨਗੇ। ਇਸ ਕੋਲ ਗਵਾਹਾਂ ਨੂੰ ਬੁਲਾਉਣ, ਜਾਂਚ ਕਰਨ ਅਤੇ ਫੈਸਲੇ ਦੇਣ ਦੀ ਸ਼ਕਤੀ ਹੋਵੇਗੀ। ਇਹ ਪ੍ਰਣਾਲੀ ਨਾ ਸਿਰਫ਼ ਸ਼ਿਕਾਇਤਾਂ ਦੇ ਤੇਜ਼ੀ ਨਾਲ ਹੱਲ ਨੂੰ ਯਕੀਨੀ ਬਣਾਉਂਦੀ ਹੈ ਬਲਕਿ ਬਜ਼ੁਰਗਾਂ ਨੂੰ ਇਨਸਾਫ਼ ਮੰਗਣ ਲਈ ਇੱਕ ਸ਼ਕਤੀਸ਼ਾਲੀ ਪਲੇਟਫਾਰਮ ਵੀ ਪ੍ਰਦਾਨ ਕਰਦੀ ਹੈ। ਇਹ ਕਾਨੂੰਨ ਸਿਰਫ਼ ਸਜ਼ਾ ਦੇਣ ਵਾਲਾ ਨਹੀਂ ਹੈ, ਸਗੋਂ ਸਮਾਜਿਕ ਕਦਰਾਂ-ਕੀਮਤਾਂ ਨੂੰ ਬਹਾਲ ਕਰਨ ਦਾ ਵੀ ਉਦੇਸ਼ ਰੱਖਦਾ ਹੈ। ਭਾਰਤੀ ਸੱਭਿਆਚਾਰ ਵਿੱਚ, ਮਾਪਿਆਂ ਨੂੰ ਬ੍ਰਹਮ ਮੰਨਿਆ ਜਾਂਦਾ ਹੈ। "ਮਾਤ੍ਰੀ ਦੇਵੋ ਭਵ, ਪਿਤ੍ਰੀ ਦੇਵੋ ਭਵ" ਦਾ ਆਦਰਸ਼ ਸਾਡੀਆਂ ਕਦਰਾਂ-ਕੀਮਤਾਂ ਵਿੱਚ ਡੂੰਘਾਈ ਨਾਲ ਜੜ੍ਹਾਂ ਰੱਖਦਾ ਹੈ। ਸ਼ਰਵਣ ਕੁਮਾਰ ਦੀ ਕਹਾਣੀ ਇਸਦਾ ਪ੍ਰਤੀਕ ਹੈ, ਜਿੱਥੇ ਇੱਕ ਪੁੱਤਰ ਆਪਣੇ ਮਾਪਿਆਂ ਦੀ ਸੇਵਾ ਲਈ ਆਪਣਾ ਜੀਵਨ ਸਮਰਪਿਤ ਕਰਦਾ ਹੈ। ਹਾਲਾਂਕਿ, ਆਧੁਨਿਕ ਜੀਵਨ ਦੀ ਭੱਜ-ਦੌੜ ਵਿੱਚ, ਇਹ ਕਦਰਾਂ-ਕੀਮਤਾਂ ਪਿੱਛੇ ਰਹਿ ਰਹੀਆਂ ਹਨ। ਇਹ ਕਾਨੂੰਨ ਇੱਕ ਚੇਤਾਵਨੀ ਅਤੇ ਮਾਰਗਦਰਸ਼ਕ ਦੋਵਾਂ ਦਾ ਕੰਮ ਕਰਦਾ ਹੈ - ਕਿ ਜੇਕਰ ਸਮਾਜ ਆਪਣੀਆਂ ਕਦਰਾਂ-ਕੀਮਤਾਂ ਨੂੰ ਭੁੱਲ ਜਾਂਦਾ ਹੈ, ਤਾਂ ਰਾਜ ਨੂੰ ਦਖਲ ਦੇਣਾ ਪਵੇਗਾ।

ਦੋਸਤੋ, ਜੇਕਰ ਅਸੀਂ ਭਾਰਤ ਵਿੱਚ ਪਹਿਲਾਂ ਹੀ ਲਾਗੂ ਮਾਪਿਆਂ ਅਤੇ ਸੀਨੀਅਰ ਨਾਗਰਿਕਾਂ ਦੇ ਰੱਖ-ਰਖਾਅ ਅਤੇ ਭਲਾਈ ਐਕਟ, 2007 'ਤੇ ਵਿਚਾਰ ਕਰੀਏ, ਤਾਂ ਇਸਦੀ ਸਭ ਤੋਂ ਵੱਡੀ ਕਮਜ਼ੋਰੀ ਇਸਦਾ ਹੌਲੀ ਲਾਗੂਕਰਨ ਹੈ। ਅਕਸਰ, ਸ਼ਿਕਾਇਤਾਂ ਵਿੱਚ ਇੰਨੀ ਦੇਰੀ ਹੁੰਦੀ ਹੈ ਕਿ ਬਜ਼ੁਰਗਾਂ ਦੀ ਸਥਿਤੀ ਨਿਆਂ ਮਿਲਣ ਤੋਂ ਪਹਿਲਾਂ ਹੀ ਵਿਗੜ ਜਾਂਦੀ ਹੈ। ਤੇਲੰਗਾਨਾ ਵਿੱਚ ਇਹ ਨਵਾਂ ਬਿੱਲ ਇੱਕ ਸਮਾਂ-ਬੱਧ ਪ੍ਰਕਿਰਿਆ ਅਤੇ ਸਖ਼ਤ ਪ੍ਰਬੰਧਾਂ ਨੂੰ ਸ਼ਾਮਲ ਕਰਕੇ ਇਸ ਕਮੀ ਨੂੰ ਦੂਰ ਕਰਦਾ ਹੈ। ਇਹ ਨਾ ਸਿਰਫ਼ ਪੁਰਾਣੇ ਕਾਨੂੰਨ ਨੂੰ ਮਜ਼ਬੂਤ ਕਰਦਾ ਹੈ ਬਲਕਿ ਇੱਕ ਪ੍ਰਭਾਵਸ਼ਾਲੀ ਮਾਡਲ ਵੀ ਪੇਸ਼ ਕਰਦਾ ਹੈ ਜੋ ਇਸ ਤੋਂ ਪਰੇ ਜਾਂਦਾ ਹੈ। ਇਹ ਵੀ ਮਹੱਤਵਪੂਰਨ ਹੈ ਕਿ ਇਸ ਕਾਨੂੰਨ ਨੂੰ ਸਿਰਫ਼ ਇੱਕ ਦੰਡਕਾਰੀ ਉਪਾਅ ਵਜੋਂ ਨਾ ਦੇਖਿਆ ਜਾਵੇ, ਸਗੋਂ ਸਮਾਜਿਕ ਸੁਧਾਰ ਲਈ ਇੱਕ ਸਾਧਨ ਵਜੋਂ ਦੇਖਿਆ ਜਾਵੇ। ਸਰਕਾਰ ਨੂੰ ਜਾਗਰੂਕਤਾ ਮੁਹਿੰਮਾਂ ਵੀ ਸ਼ੁਰੂ ਕਰਨੀਆਂ ਚਾਹੀਦੀਆਂ ਹਨ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਲੋਕ ਆਪਣੇ ਫਰਜ਼ਾਂ ਨੂੰ ਸਮਝਦੇ ਹਨ ਅਤੇ ਸਵੈ-ਇੱਛਾ ਨਾਲ ਉਨ੍ਹਾਂ ਦੀ ਪਾਲਣਾ ਕਰਦੇ ਹਨ। ਸਿੱਖਿਆ ਪ੍ਰਣਾਲੀ ਵਿੱਚ ਅਜਿਹੀਆਂ ਕਦਰਾਂ-ਕੀਮਤਾਂ ਨੂੰ ਵੀ ਸ਼ਾਮਲ ਕਰਨਾ ਚਾਹੀਦਾ ਹੈ ਜੋ ਬੱਚਿਆਂ ਨੂੰ ਆਪਣੇ ਮਾਪਿਆਂ ਪ੍ਰਤੀ ਜ਼ਿੰਮੇਵਾਰ ਬਣਾਉਂਦੀਆਂ ਹਨ।

ਦੋਸਤੋ ਜੇਕਰ ਅਸੀਂ ਇਸ ਪੂਰੇ ਪ੍ਰਬੰਧ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਵਿਚਾਰ ਕਰੀਏ, ਤਾਂ ਬਹੁਤ ਸਾਰੇ ਦੇਸ਼ਾਂ ਵਿੱਚ ਬਜ਼ੁਰਗਾਂ ਦੀ ਦੇਖਭਾਲ ਲਈ ਕਾਨੂੰਨੀ ਪ੍ਰਬੰਧ ਹਨ। ਚੀਨ ਵਿੱਚ ਇੱਕ ਫਾਈਲੀਅਲ ਰਿਸਪਾਂਸੀਬਿਲਟੀ ਕਾਨੂੰਨ ਹੈ, ਜੋ ਬੱਚਿਆਂ ਨੂੰ ਆਪਣੇ ਮਾਪਿਆਂ ਨੂੰ ਮਿਲਣ ਅਤੇ ਉਨ੍ਹਾਂ ਦੀ ਦੇਖਭਾਲ ਕਰਨ ਲਈ ਮਜਬੂਰ ਕਰਦਾ ਹੈ। ਸਿੰਗਾਪੁਰ ਵਿੱਚ ਇੱਕ ਮੇਨਟੇਨੈਂਸ ਆਫ਼ ਪੇਰੈਂਟਸ ਐਕਟ ਹੈ, ਜਿਸ ਦੇ ਤਹਿਤ ਮਾਪੇ ਆਪਣੇ ਬੱਚਿਆਂ ਤੋਂ ਵਿੱਤੀ ਸਹਾਇਤਾ ਦੀ ਮੰਗ ਕਰ ਸਕਦੇ ਹਨ। ਅਮਰੀਕਾ ਅਤੇ ਯੂਰਪ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਵੀ ਇਸੇ ਤਰ੍ਹਾਂ ਦੇ ਕਾਨੂੰਨ ਹਨ, ਹਾਲਾਂਕਿ ਉਨ੍ਹਾਂ ਦਾ ਰੂਪ ਅਤੇ ਗੰਭੀਰਤਾ ਵੱਖ-ਵੱਖ ਹੁੰਦੀ ਹੈ। ਇਸ ਸਬੰਧ ਵਿੱਚ, ਤੇਲੰਗਾਨਾ ਬਿੱਲ ਗਲੋਬਲ ਰੁਝਾਨਾਂ ਦੇ ਅਨੁਸਾਰ ਹੈ, ਪਰ ਇਸਦੀ ਸਖ਼ਤੀ ਅਤੇ ਸਪੱਸ਼ਟਤਾ ਇਸਨੂੰ ਵਿਲੱਖਣ ਬਣਾਉਂਦੀ ਹੈ।

ਇਸ ਤਰ੍ਹਾਂ, ਜੇਕਰ ਅਸੀਂ ਉਪਰੋਕਤ ਪੂਰੇ ਬਿਆਨ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰੀਏ, ਤਾਂ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਇਹ ਤੇਲੰਗਾਨਾ ਬਿੱਲ ਇੱਕ ਨਵੇਂ ਸਮਾਜਿਕ ਇਕਰਾਰਨਾਮੇ ਦੀ ਸ਼ੁਰੂਆਤ ਨੂੰ ਦਰਸਾਉਂਦਾ ਹੈ, ਜਿੱਥੇ ਰਾਜ, ਸਮਾਜ ਅਤੇ ਵਿਅਕਤੀ ਵਿਚਕਾਰ ਜ਼ਿੰਮੇਵਾਰੀਆਂ ਨੂੰ ਮੁੜ ਸੰਤੁਲਿਤ ਕੀਤਾ ਜਾ ਰਿਹਾ ਹੈ। ਇਹ ਕਾਨੂੰਨ ਸਾਨੂੰ ਯਾਦ ਦਿਵਾਉਂਦਾ ਹੈ ਕਿ ਵਿਕਾਸ ਸਿਰਫ਼ ਆਰਥਿਕ ਤਰੱਕੀ ਬਾਰੇ ਨਹੀਂ ਹੈ, ਸਗੋਂ ਸਮਾਜਿਕ ਸੰਵੇਦਨਸ਼ੀਲਤਾ ਅਤੇ ਮਨੁੱਖੀ ਕਦਰਾਂ-ਕੀਮਤਾਂ ਦੀ ਸੰਭਾਲ ਬਾਰੇ ਵੀ ਹੈ। ਜੇਕਰ ਅਸੀਂ ਆਪਣੇ ਬਜ਼ੁਰਗਾਂ ਨੂੰ ਅਣਗੌਲਿਆ ਕਰਦੇ ਹਾਂ, ਤਾਂ ਅਸੀਂ ਨਾ ਸਿਰਫ਼ ਆਪਣੇ ਅਤੀਤ ਵੱਲ ਅੱਖਾਂ ਮੀਚਦੇ ਹਾਂ ਸਗੋਂ ਆਪਣੇ ਭਵਿੱਖ ਨੂੰ ਵੀ ਅਸੁਰੱਖਿਅਤ ਬਣਾਉਂਦੇ ਹਾਂ।

ਇਸ ਲਈ, ਸਮੇਂ ਦੀ ਲੋੜ ਇਸ ਪਹਿਲਕਦਮੀ ਨੂੰ ਗੰਭੀਰਤਾ ਨਾਲ ਲੈਣ ਅਤੇ ਇਸਨੂੰ ਇੱਕ ਰਾਸ਼ਟਰੀ ਲਹਿਰ ਵਿੱਚ ਬਦਲਣ ਦੀ ਹੈ। ਹਰ ਰਾਜ, ਹਰ ਨਾਗਰਿਕ ਅਤੇ ਹਰ ਪਰਿਵਾਰ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਬਜ਼ੁਰਗਾਂ ਦੀ ਦੇਖਭਾਲ ਕਰਨਾ ਸਿਰਫ਼ ਇੱਕ ਫਰਜ਼ ਨਹੀਂ ਹੈ, ਸਗੋਂ ਇੱਕ ਨੈਤਿਕ ਅਤੇ ਮਨੁੱਖੀ ਜ਼ਿੰਮੇਵਾਰੀ ਹੈ। ਜੇਕਰ ਸਮਾਜ ਇਸ ਜ਼ਿੰਮੇਵਾਰੀ ਨੂੰ ਪੂਰਾ ਕਰਨ ਵਿੱਚ ਅਸਫਲ ਰਹਿੰਦਾ ਹੈ, ਤਾਂ ਕਾਨੂੰਨ ਲਾਗੂ ਕੀਤਾ ਜਾਣਾ ਚਾਹੀਦਾ ਹੈ - ਕਿਉਂਕਿ ਅੰਤ ਵਿੱਚ, ਇੱਕ ਸੱਭਿਅਕ ਸਮਾਜ ਇਸ ਗੱਲ ਤੋਂ ਪਰਿਭਾਸ਼ਿਤ ਹੁੰਦਾ ਹੈ ਕਿ ਇਹ ਆਪਣੇ ਸਭ ਤੋਂ ਕਮਜ਼ੋਰ ਅਤੇ ਨਿਰਭਰ ਮੈਂਬਰਾਂ ਨਾਲ ਕਿਵੇਂ ਪੇਸ਼ ਆਉਂਦਾ ਹੈ।

# ਜਿਤੁ ਖਾਧੈ, ਤਨੁ ਪੀੜੀਐ.....

**ਸੰਜੀਵ ਸਿੰਘ ਸੈਣੀ,**
**ਮੋਹਾਲੀ, 7888966168**



ਜਿਤੁ ਖਾਧੈ, ਤਨੁ ਪੀੜੀਐ.....
ਮਨ ਮਹਿ ਚਲਹਿ ਵਿਕਾਰ।।

ਮਨੁੱਖੀ ਖਾਣ ਪੀਣ ਨੂੰ ਲੈ ਕੇ ਪਹਿਲੇ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਨੂੰ ਗੁਰਬਾਣੀ ਰਾਹੀਂ ਉਪਦੇਸ਼ ਦਿੱਤਾ ਸੀ ਕਿ ਮਨੁੱਖ ਨੂੰ ਹਮੇਸ਼ਾ ਕੁਦਰਤੀ ਤੇ ਸਾਦਾ ਭੋਜਨ ਹੀ ਕਰਨਾ ਚਾਹੀਦਾ ਹੈ। ਮਨੁੱਖ ਨੇ ਕੀ ਖਾਣਾ ਹੈ, ਕੀ ਪੀਣਾ ਤੇ ਕਿਸ ਤਰ੍ਹਾਂ ਦਾ ਪਹਿਰਾਵਾ ਪਹਿਨਣਾ ਹੈ, ਇਸਦੀ ਚੋਣ ਮਨੁੱਖ ਨੇ ਆਪ ਹੀ ਕਰਨੀ ਹੈ। ਗੁਰੂ ਨਾਨਕ ਦੇਵ ਜੀ ਨੇ ਭਾਈ ਲਾਲੋ ਦੇ ਘਰ ਕੋਧਰੇ ਦਾ ਪ੍ਰਸ਼ਾਦਾ ਛੱਕ ਕੇ ਸੱਚੀ ਕਿਰਤ ਦਾ ਸੰਦੇਸ਼ ਦਿੱਤਾ , ਪਰ ਮਨੁੱਖ ਇਨ੍ਹਾਂ ਚੀਜ਼ਾਂ ਤੋਂ ਦੂਰ ਹੁੰਦਾ ਜਾ ਰਿਹਾ ਹੈ। ਜਿਵੇਂ ਜਿਵੇਂ ਵਿਗਿਆਨ ਤਰੱਕੀ ਕਰ ਰਿਹਾ ਹੈ, ਇਨਸਾਨ ਦੀ ਸੋਚ ਵਿੱਚ ਬਹੁਤ ਜਿਆਦਾ ਬਦਲਾਅ ਆ ਗਿਆ ਹੈ। ਤਬਦੀਲੀ ਕੁਦਰਤ ਦਾ ਅਟੱਲ ਨਿਯਮ ਹੈ। ਤਕਰੀਬਨ ਪਿਛਲੇ 10 ਸਾਲਾਂ ਵਿੱਚ ਸੰਸਾਰ ਵਿੱਚ ਬਹੁਤ ਵੱਡਾ ਬਦਲਾਅ ਆਇਆ ਹੈ। ਅੱਜ ਮਨੁੱਖ ਘਰ ਬਣੇ ਖਾਣੇ ਨੂੰ ਤਰਜੀਹ ਨਹੀਂ ਦਿੰਦਾ, ਬਾਹਰੀ ਖਾਣੇ ਨੂੰ ਜ਼ਿਆਦਾ ਤਰਜੀਹ ਦੇ ਰਿਹਾ ਹੈ। ਮਹਿੰਗੇ ਤਲੇ ਹੋਏ ਪਦਾਰਥ, ਜ਼ਿਆਦਾ ਮਸਾਲੇਦਾਰ ਪਕਵਾਨ, ਜੰਕ ਫੂਡ ਖਾਣ ਵਿੱਚ ਆਪਣੀ ਸ਼ੋਹਰਤ ਸਮਝਦਾ ਹੈ। ਜਿਸ ਕਰਕੇ ਅੱਜ ਇਨਸਾਨ ਮਾਰੂ ਬਿਮਾਰੀਆਂ ਦਾ ਸ਼ਿਕਾਰ ਹੋ ਚੁੱਕਿਆ ਹੈ। ਜੀਭ ਦੇ ਚਸਕੇ ਕਾਰਨ ਜਾਂ ਭੈੜੀ ਸੰਗਤ ਵਿੱਚ ਪੈ ਕੇ ਮਨੁੱਖ ਅਜਿਹੀਆਂ ਚੀਜ਼ਾਂ ਦਾ ਆਦੀ ਹੋ ਚੁੱਕਿਆ ਹੈ ਜੋ ਸਰੀਰ ਨੂੰ ਅੰਦਰੋਂ ਅੰਦਰ ਖਤਮ ਕਰ ਰਹੀਆਂ ਹਨ। ਜੇ ਸਾਡਾ ਸਰੀਰ ਚੰਗੀ ਤਰ੍ਹਾਂ ਤੰਦਰੁਸਤ ਹੋਵੇਗਾ, ਤਾਂ ਅਸੀਂ ਆਪਣੇ ਰੋਜ਼ਮਰ੍ਹਾ ਦੇ ਕੰਮ ਆਸਾਨੀ ਨਾਲ ਕਰ ਸਕਦੇ ਹਾਂ। ਇਸ ਨਾਲ ਸਾਡਾ ਪਰਿਵਾਰ ਵੀ ਖੁਸ਼ ਹੋਵੇਗਾ। ਪਰਿਵਾਰ ਦੇ ਖੁਸ਼ਹਾਲ ਹੋਣ ਨਾਲ ਸਾਡਾ ਆਲਾ ਦੁਆਲਾ ਤੇ ਸਾਡਾ ਸਮਾਜ ਵੀ ਤੰਦਰੁਸਤ ਬਣ ਜਾਵੇਗਾ।

ਅੱਜ ਕੁਦਰਤ ਤੋਂ ਵੱਡਾ ਕੋਈ ਵੈਦ ਨਹੀਂ ਹੈ। ਕੁਦਰਤ ਨੇ ਪਾਣੀ ਦੇ ਅੰਦਰ ਅਨੇਕਾਂ ਖਾਦ ਪਦਾਰਥ ਪੈਦਾ ਕੀਤੇ ਹਨ। ਜੇ ਪੰਜਾਬ ਦੀ ਗੱਲ ਕਰੀਏ ਤਾਂ 15 ਕੁ ਸਾਲ ਪਹਿਲਾਂ ਹਰ ਘਰ ਵਿੱਚ ਪਸ਼ੂ ਰੱਖੇ ਜਾਂਦੇ ਸਨ। ਹਰ ਘਰ ਵਿੱਚ ਲੱਸੀ, ਦੁੱਧ, ਮੱਖਣ, ਪਨੀਰ ਆਮ ਮਿਲ ਜਾਂਦਾ ਸੀ। ਮਿੱਟੀ ਦੇ ਬਣੇ ਹਾਰਿਆਂ ਵਿੱਚ ਦੁੱਧ ਰੱਖਿਆ ਜਾਂਦਾ ਸੀ। ਉਹ ਪੱਕ ਪੱਕ ਕੇ ਕੜ ਜਾਂਦਾ ਸੀ। ਜੇ ਘਰ ਕੋਈ ਪ੍ਰਾਹੁਣਾ ਆ ਜਾਂਦਾ ਸੀ ਤਾਂ ਉਸਨੂੰ ਹਾਰੇ ਵਾਲਾ ਦੁੱਧ ਪਿਆਇਆ ਜਾਂਦਾ ਸੀ। ਉਹਨਾਂ ਵੇਲਿਆਂ ਵਿੱਚ ਇਹ ਠੰਡੇ ਪਦਾਰਥ ਜਿਵੇਂ ਕੋਲਡ ਡਰਿੰਕ, ਫਰੂਟੀਆਂ ਇਹ ਨਹੀਂ ਦਿੱਤੀ ਜਾਂਦੀਆਂ ਸਨ, ਨਾ ਹੀ ਇਨ੍ਹਾਂ ਬਾਰੇ ਕਿਸੇ ਨੂੰ ਜਾਣਕਾਰੀ ਹੁੰਦੀ ਸੀ। ਸਰਦੀਆਂ ਵਿੱਚ ਹਰ ਘਰ ਵਿੱਚ ਮੱਕੀ ਰੋਟੀ, ਸਾਗ ਬਣਦਾ ਸੀ। ਸ਼ਰੀਰ ਨੂੰ ਗਰਮ ਰੱਖਣ ਲਈ ਬਾਜਰਾ ਤੋਂ ਬਣੀ ਹੋਈ ਚੀਜ਼ ਖਾਈ ਜਾਂਦੀ ਸੀ। ਪਿੰਡਾਂ ਵਿੱਚ ਅੰਬ, ਜਾਮਣਾ, ਬੇਰ, ਅਮਰੂਦ ਖਜੂਰਾਂ ਦੇ ਬੂਟ ਆਮ ਹੁੰਦੇ ਸਨ। ਆਪਸੀ ਪ੍ਰੀਤ ਪਿਆਰ ਬਹੁਤ ਸੀ। ਗੁਆਂਢੀਆਂ ਨੂੰ ਫਲ ਫਰੂਟ ਵੰਡ ਦਿੱਤੇ ਜਾਂਦੇ ਸਨ। ਖੇਤਾਂ ਵਿੱਚੋਂ ਗੰਨੇ ਹੁੰਦੇ ਸਨ। ਗੰਨੇ ਚੂਸੇ ਜਾਂਦੇ ਸਨ। ਛੁੱਟੀਆਂ ਵਿੱਚ ਸਾਰੇ ਬੱਚੇ ਆਪਣੇ ਨਾਨਕੇ ਘਰ ਜਾਂਦੇ ਸਨ। ਉੱਥੇ ਗਰਮੀ ਦੀ ਛੁੱਟੀਆਂ ਵਿੱਚ ਦਰਖਤਾਂ ਦੀ ਛਾਂ ਹੇਠ ਬੈਠ ਕੇ ਖੇਡਦੇ ਸਨ। ਜਿਵੇਂ ਜਿਵੇਂ ਟੈਕਨੋਲੋਜੀ ਵੱਧਦੀ ਗਈ, ਪੈਸੇ ਦੀ ਹੋੜ ਲੱਗਦੀ ਗਈ। ਕੁਦਰਤ ਨੂੰ ਤਹਿਸ਼ ਨਹਿਸ਼ ਕਰਨ ਵਿੱਚ ਇਨਸਾਨ ਨੇ ਕੋਈ ਕਸਰ ਨਹੀਂ ਛੱਡੀ। ਉਨ੍ਹਾਂ ਦਿਨਾਂ ਵਿੱਚ ਬਰਗਰ, ਪੀਜ਼ਾ, ਨਿਊਡਲ ਹੋਰ ਪਤਾ ਨਹੀਂ ਕਿੰਨੇ ਹੀ ਜੰਕ ਫੂਡ ਨਹੀਂ ਹੁੰਦੇ ਸਨ, ਕਹਿਣ ਦਾ ਭਾਵ ਹੈ ਕਿ ਜੇ ਹੁੰਦੇ ਵੀ ਸਨ ਤਾਂ ਕਿਸੇ ਦੇ ਘਰ ਨਹੀਂ ਆਉਂਦੇ ਸਨ। ਬੱਚਿਆਂ ਨੂੰ ਇਹਨਾਂ ਚੀਜ਼ਾਂ ਬਾਰੇ ਪਤਾ ਤੱਕ ਵੀ ਨਹੀਂ ਹੁੰਦਾ ਸੀ।

ਅੱਜ ਮਿਲਾਵਟ ਦਾ ਦੌਰ ਹੈ। ਕੈਮੀਕਲ ਭੋਜਨ ਖਾ ਕੇ ਹਰ ਘਰ ਵਿੱਚ ਕੋਈ ਨਾ ਕੋਈ ਇਨਸਾਨ ਬਿਮਾਰ ਹੈ। ਹਰ ਘਰ ਵਿੱਚ ਕਿਸੇ ਨਾ ਕਿਸੇ ਇਨਸਾਨ ਦੀ ਦਵਾਈ ਆ ਰਹੀ ਹੈ। ਪੁਰਾਣੇ ਵੇਲਿਆਂ ਵਿੱਚ ਲੋਕ ਘਰ ਦਾ ਬਣਿਆ ਹੋਇਆ ਸ਼ੁੱਧ ਖਾਣਾ ਖਾਂਦੇ ਸਨ। ਜਿਸ ਕਾਰਨ ਉਹ ਵੱਡੀ ਉਮਰ ਭੋਗ ਕੇ ਜਾਂਦੇ ਸਨ। ਜੋ ਅੱਜ ਫਲ ਫਰੂਟ ਵੀ ਮਾਰਕੀਟ ਵਿੱਚ ਆ ਰਹੇ ਹਨ ਉਹਨਾਂ ਨੂੰ ਵੀ ਤਰ੍ਹਾਂ ਤਰ੍ਹਾਂ ਦੇ ਕੈਮੀਕਲ ਲਗਾ ਕੇ ਪਕਾਇਆ ਜਾਂਦਾ ਹੈ। ਵੈਸੇ ਤਾਂ ਫਲ ਹੀ ਨਹੀਂ ਰਹੇ ਹਨ, ਜਿਹੜੇ ਫ਼ਲ ਵੀ ਹੋਰ ਸੂਬਿਆਂ ਤੋਂ ਆਉਂਦੇ ਹਨ ਤਾਂ ਜੋ ਉਹ ਤਾਜੇ ਤਾਜੇ ਰਹਿਣ ਤੇ ਜਲਦੀ ਖਰਾਬ ਨਾ ਹੋ ਸਕਣ, ਅਜਿਹੇ ਖ਼ਤਰਨਾਕ ਰਸਾਇਣ ਲਗਾ ਦਿੱਤੇ ਜਾਂਦੇ ਹਨ। ਬੱਚੇ ਅੱਜ ਕੱਲ ਘਰ ਖਾਣਾ ਬਿਲਕੁਲ ਵੀ ਪਸੰਦ ਨਹੀਂ ਕਰਦੇ ਹਨ। ਬਾਹਰ ਦੇ ਖਾਣੇ ਨੂੰ ਜਿਆਦਾ ਤਰਜੀਹ ਦਿੰਦੇ ਹਨ। ਅਕਸਰ ਸ਼ਾਮ ਨੂੰ ਕਿਸੇ ਖੁੱਲੀ ਥਾਂ ਤੇ ਹਰ ਸ਼ਹਿਰ ,ਕਸਬੇ ਵਿੱਚ ਜੰਕ ਫੂਡ ਦੀਆਂ ਰੇੜੀਆਂ ਲੱਗਦੀਆਂ ਹਨ। ਉਹਨਾਂ ਵਿੱਚ ਤਰ੍ਹਾਂ ਤਰ੍ਹਾਂ ਦੇ ਰੰਗ ਪਾ ਕੇ ਜੰਕ

ਫੂਡ ਤਿਆਰ ਕੀਤੇ ਜਾਂਦੇ ਹਨ। ਘਟੀਆ ਮਸਾਲੇ ,ਤੇਲ ਵਰਤੇ ਜਾ ਰਹੇ ਹਨ।ਜੋ ਕਿ ਮਨੁੱਖੀ ਸਿਹਤ ਲਈ ਘਾਤਕ ਸਿੱਧ ਹੋ ਰਹੇ ਹਨ। ਦੋ ਕੁ ਮਹੀਨੇ ਪਹਿਲੇ ਖਬਰ ਪੜ੍ਹੀ ਕਿ ਦਿੱਲੀ ਵਿਖੇ ਇੱਕ 11 ਸਾਲ ਦੀ ਕੁੜੀ ਹਰ ਰੋਜ਼ ਜੰਕ ਫੂਡ ਖਾਂਦੀ ਸੀ, ਘਰ ਦਾ ਬਣਿਆ ਹੋਇਆ ਲੰਚ ਬੋਕਸ ਸਕੂਲ ਵਿੱਚ ਲੈ ਕੇ ਤਾਂ ਜਾਂਦੀ ਸੀ, ਪਰ ਨਹੀਂ ਖਾਂਦੀ ਸੀ। ਹਰ ਰੋਜ਼ ਰੋਜ਼ਾਨਾ ਜੰਕ ਫੂੜ ਖਾਣ ਨਾਲ ਉਸਦੀ ਫੂਡ ਪਾਈਪ (ਖਾਣ ਵਾਲੀ ਨਾਲੀ) ਵਿੱਚ ਅਲਸਰ ਹੋ ਗਏ। ਜਿਸ ਕਾਰਨ ਕੈਂਸਰ ਹੋ ਕੇ ਉਹ ਕੁੜੀ ਮਰ ਗਈ। ਅਕਸਰ ਜਦੋਂ ਅਸੀਂ ਕੋਈ ਖਰੀਦਾਰੀ ਲਈ ਬਾਹਰ ਜਾਂਦੇ ਹਾਂ ਤਾਂ ਵੱਡੇ ਵੀ ਜੰਕ ਫੂਡ ਖਾਂਦੇ ਹਨ, ਉਹਨਾਂ ਦੀ ਦੇਖਾ ਦੇਖੀ ਵਿੱਚ ਫਿਰ ਬੱਚਿਆਂ ਨੂੰ ਇਹ ਲੱਤ ਲੱਗ ਜਾਂਦੀ ਹੈ। ਹਲਕੀ ਉਮਰ ਦੇ ਬੱਚਿਆਂ ਨੂੰ ਮੋਟਾਪੇ ਨੇ ਘੇਰ ਲਿਆ ਹੈ। 24 ਸਾਲ ਦੇ ਨੌਜਵਾਨ ਦੇ ਸਟੰਟ ਪੈ ਰਹੇ ਹਨ। ਦਿਲ ਦੇ ਰੋਗ, ਸ਼ੂਗਰ ਮਰੀਜ਼ਾਂ ਦੀ ਗਿਣਤੀ ਵਿੱਚ ਵਾਧਾ ਹੋ ਰਿਹਾ ਹੈ। ਅੱਜਕੱਲ ਤਾਂ ਬਾਹਰ ਖਰੀਦ ਕੇ ਲਿਆਉਣ ਦੀ ਜਰੂਰਤ ਵੀ ਨਹੀਂ ਹੈ ,ਆਨਲਾਈਨ ਕਰਕੇ ਸਾਰਾ ਕੁੱਝ ਕਰ ਬੈਠੇ ਹੀ ਮਿਲ ਜਾਂਦਾ ਹੈ। ਨੌਕਰੀ ਪੇਸ਼ਾ ਮਾਂ ਪਿਓ ਥੱਕੇ ਹਾਰੇ ਜਦੋਂ ਸ਼ਾਮ ਨੂੰ ਘਰ ਆਉਂਦੇ ਹਨ ਤਾਂ ਬੱਚਿਆਂ ਦੇ ਹੱਥ ਵਿੱਚ ਉਹਨਾਂ ਦਾ ਮੋਬਾਇਲ ਆ ਜਾਂਦਾ ਹੈ। ਆਪਣੇ ਆਪ ਮੂੰਹੋਂ ਕਹਿੰਦੇ ਹਨ ਕਿ ਸਾਨੂੰ ਤੰਗ ਨਾ ਕਰੀ, ਸਾਨੂੰ ਆਰਾਮ ਕਰਨ ਦੇ, ਬਾਹਰ ਤੋਂ ਆਰਡਰ ਕਰਕੇ ਕੁੱਝ ਖਾਣ ਪੀਣ ਲਈ ਮੰਗਵਾ ਲੈ, ਅਸੀਂ ਵੀ ਉਹੀ ਖਾ ਪੀ ਕੇ ਸੋ ਜਾਵਾਂਗੇ।

ਚੰਗਾ ਭੋਜਨ ਸਾਨੂੰ ਖਾਣਾ ਚਾਹੀਦਾ ਹੈ। ਭੋਜਨ ਤੋਂ ਰਸ ਲੈ ਕੇ ਸਰੀਰ ਨੂੰ ਸਹਾਰਾ ਮਿਲਦਾ ਹੈ। ਤੰਦਰੁਸਤ ਰਹਿਣ ਲਈ ਸਰੀਰ ਅਤੇ ਮਨ ਦੋਵਾਂ ਦਾ ਅਰੋਗ ਹੋਣਾ ਜਰੂਰੀ ਹੈ। ਅਕਸਰ ਸਿਆਣੇ ਕਹਿੰਦੇ ਵੀ ਹਨ ਕਿ ਜਿਉਂਦੇ ਰਹਿਣ ਲਈ ਖਾਣਾ ਖਾਓ, ਨਾ ਕਿ ਖਾਣ ਲਈ ਜੀਓ। ਜੇਕਰ ਅਸੀਂ ਪਰਮਾਤਮਾ ਦੀ ਚੰਗੀ ਤਰ੍ਹਾਂ ਬੰਦਗੀ ਨਹੀਂ ਕਰ ਪਾਏ ਤਾਂ ਸਾਡਾ ਤਨ ਤੇ ਮਨ ਦੋਵੇਂ ਰੋਗੀ ਹੋ ਜਾਣਗੇ। ਇਸ ਲਈ ਮਨ ਅਤੇ ਤਨ ਨੂੰ ਅਰੋਗ ਰੱਖਣ ਲਈ ਸਾਨੂੰ ਸਾਦਾ ਭੋਜਨ ਤੇ ਥੋੜੀ ਨੀਂਦ ਲੈਣੀ ਚਾਹੀਦੀ ਹੈ। ਜੀਭ ਦੇ ਸਵਾਦ ਦੇ ਚੱਕਰ ਵਿੱਚ ਅਸੀਂ ਅੱਜ ਬਿਮਾਰੀਆਂ ਨੂੰ ਸਹੇੜ ਰਹੇ ਹਨ। ਹਰ ਤਰ੍ਹਾਂ ਦਾ ਨਸ਼ਾ ਸਰੀਰ ਨੂੰ ਨੁਕਸਾਨ ਕਰਦਾ ਹੈ। ਪੰਜਾਬ ਰਿਸ਼ੀ ਮੁਨੀਆਂ, ਗੁਰੂਆਂ ਪੀਰਾਂ ਦੀ ਧਰਤੀ ਹੈ। ਹਰ ਖੇਤਰ ਵਿੱਚ ਪੰਜਾਬੀ ਅੱਗੇ ਹਨ। ਦੇਸ਼ ਦਾ ਅੰਨ ਭੰਡਾਰ ਭਰਨ ਵਿੱਚ ਪੰਜਾਬੀਆਂ ਨੇ ਆਪਣਾ ਯੋਗਦਾਨ ਹਮੇਸ਼ਾ ਹੀ ਪਾਇਆ ਹੈ। ਪੂਰੇ ਦੇਸ਼ ਵਿੱਚ ਸਭ ਤੋਂ ਵੱਧ ਨਸ਼ਿਆਂ ਕਾਰਨ ਮੌਤਾਂ ਅੱਜ ਪੰਜਾਬ ਅੰਦਰ ਹੋ ਰਹੀਆਂ ਹਨ। ਛੋਟੀ ਜਿਹੀ ਪਾਰਟੀ ਹੁੰਦੀ ਹੈ ਉਸ ਵਿੱਚ ਸ਼ਰਾਬ ਆਮ ਵਰਤੋਂ ਵਿੱਚ ਲਿਆਂਦੀ ਜਾਂਦੀ ਹੈ। ਜਿਸ ਕਾਰਨ ਨੌਜਵਾਨੀ ਤੇ ਮਾੜਾ ਅਸਰ ਪੈਂਦਾ ਹੈ। ਮਾਂ ਬਾਪ ਦੇ ਰੁਝੇਵਿਆਂ ਭਰੀ ਜਿੰਦਗੀ ਨੇ ਨੌਜਵਾਨੀ ਦਾ ਭਵਿੱਖ ਖਰਾਬ ਕਰ ਦਿੱਤਾ ਹੈ। ਅੱਜ ਪੰਜਾਬ ਦਾ ਮਾਲਵਾ ਖੇਤਰ ਕੈਂਸਰ ਦੀ ਮਾਰ ਹੇਠ ਹੈ। ਦੁਧਾਰੂ ਪਸ਼ੂਆਂ ਨੂੰ ਵੀ ਕੈਂਸਰ ਹੋ ਚੁੱਕਿਆ ਹੈ। ਨਸ਼ੇ ਜਿੱਥੇ ਬੁੱਧੀ ਦਾ ਨਾਸ਼ ਕਰਦੇ ਹਨ, ਉਥੇ ਸਰੀਰਕ ਤੌਰ ਤੇ ਵੀ ਨੁਕਸਾਨ ਕਰ ਰਹੇ ਹਨ।

ਅੱਜ ਇਨਸਾਨ ਨੂੰ ਖ਼ਤਰਨਾਕ ਬਿਮਾਰੀਆਂ ਲੱਗ ਚੁੱਕੀਆਂ ਹਨ। ਮੋਟੇ ਅਨਾਜ ਖਾਣੇ ਛੱਡ ਦਿੱਤੇ ਹਨ। ਹਾਲਾਂਕਿ ਮਾਹਿਰ ਕਹਿੰਦੇ ਹਨ ਕਿ ਮਿਲੇਟਸ ਖਾਓ। ਸਵੇਰੇ ਨਾਸ਼ਤਾ ਜਰੂਰ ਖਾਓ। ਰੱਜ ਕੇ ਰੋਟੀ ਖਾਓ ਤੇ ਦੁਪਹਿਰ ਵੇਲੇ ਇੱਕ ਖਾਣਾ ਖਾਓ, ਜੇ ਚਾਵਲ ਖਾਣੇ ਹਨ ਤਾਂ ਚਾਵਲ ਖਾਓ। ਰੋਟੀ ਖਾਣੀ ਹੈ ਤਾਂ ਰੋਟੀ ਖਾਓ। ਸਲਾਦ ਜਰੂਰ ਖਾਓ। ਰਾਤ ਨੂੰ ਫਕੀਰ ਵਾਲਾ ਖਾਣਾ ਖਾਓ, ਕਹਿਣ ਦਾ ਮਤਲਬ ਹੈ ਕਿ ਬਹੁਤ ਘੱਟ ਖਾਣਾ ਖਾਓ। ਆਯੁਰਵੇਦ ਦਾ ਇੱਥੋਂ ਤੱਕ ਕਹਿ ਦਿੰਦਾ ਹੈ ਕਿ 6 ਵਜੇ ਤੋਂ ਬਾਅਦ ਸ਼ਾਮ ਨੂੰ ਕੁੱਝ ਵੀ ਨਾ ਖਾਓ। ਮੌਸਮੀ ਤਾਜੇ ਫਲ ਸਬਜ਼ੀਆਂ ਜਰੂਰ ਖਾਓ। ਅਕਸਰ ਸਰਦੀਆਂ ਵਿੱਚ ਵਿਆਹਾਂ ਵਿੱਚ ਤਰਬੂਜ਼, ਖਰਬੂਜਾ ਆਮ ਹੁੰਦੇ ਹਨ। ਜਿਹੜਾ ਮੌਸਮੀ ਫਲ ਹੈ, ਉਹ ਸਰੀਰ ਨੂੰ ਕਦੇ ਵੀ ਨੁਕਸਾਨ ਨਹੀਂ ਕਰਦਾ। ਤਰਬੂਜ਼ ਹਮੇਸ਼ਾ ਗਰਮੀ ਦੇ ਮੌਸਮ ਵਿੱਚ ਖਾਓ, ਕਿਉਂਕਿ ਇਸਦੀ ਤਸੀਰ ਠੰਡੀ ਹੁੰਦੀ ਹੈ। ਗਰਮੀਆਂ ਦੇ ਮੌਸਮ ਵਿੱਚ ਲੱਸੀ ਜਰੂਰ ਪੀਓ ਜਿਸ ਕਾਰਨ ਤੁਹਾਨੂੰ ਗਰਮੀ ਵੀ ਨਹੀਂ ਲੱਗੇਗੀ। ਇਹਨਾਂ ਚੀਜ਼ਾਂ ਦਾ ਕੋਈ ਸਾਈਡ ਇਫੈਕਟ ਵੀ ਨਹੀਂ ਹੁੰਦਾ। ਕੁਦਰਤ ਦੀ ਮਦਦ ਨਾਲ ਕਿਵੇਂ ਤੁਸੀਂ ਬਿਮਾਰੀਆਂ ਨਾਲ ਲੜ ਸਕਦੇ ਹੋ, ਤੁਹਾਨੂੰ ਅੱਜ ਕੱਲ ਸੋਸ਼ਲ ਮੀਡੀਆ ਤੇ ਬਹੁਤ ਜਾਣਕਾਰੀ ਮਿਲ ਸਕਦੀ ਹੈ। ਮਾਹਿਰ ਕਹਿੰਦੇ ਹਨ ਕਿ ਖਾਣਾ ਹਮੇਸ਼ਾ ਖੁੱਲੇ ਭਾਂਡੇ ਵਿੱਚ ਪਕਾਓ। ਮਿੱਟੀ ਦੇ ਭਾਂਡਿਆਂ ਵਿੱਚ ਖਾਣਾ ਆਸਾਨੀ ਨਾਲ ਬਣਦਾ ਹੈ ਤੇ ਇਹ ਤੁਹਾਡੇ ਸਰੀਰ ਲਈ ਵਰਦਾਨ ਵੀ ਹੁੰਦਾ ਹੈ। ਪ੍ਰੈਸ਼ਰ ਕੁੱਕਰ ਦੀ ਜਿੰਨੀ ਹੋ ਸਕੇ ਉਨੀ ਘੱਟ ਵਰਤੋਂ ਕਰੋ। ਜੇ ਪੁਰਾਣੇ ਵੇਲਿਆਂ ਦੀ ਕੰਮ ਕਰੀਏ ਤਾਂ ਲੋਕ ਸਾਦਾ ਭੋਜਨ ਖਾ ਕੇ ਸਰੀਰ ਤੋੜ ਕੇ ਕੰਮ ਕਰਦੇ ਸਨ ਤੇ ਡਾਕਟਰ ਕੋਲ ਜਾਣ ਦੀ ਜਰੂਰਤ ਵੀ ਨਹੀਂ ਪੈਂਦੀ ਸੀ। ਬੰਦ ਡੱਬਾ ਜੂਸ, ਖਾਣਾ ਬਿਲਕੁਲ ਵੀ ਵਰਤੋਂ ਵਿੱਚ ਨਾ ਲੈ ਕੇ ਆਓ ਕਿਉਂਕਿ ਇਹਨਾਂ ਨੂੰ ਲੰਮਾ ਸਮਾਂ ਰੱਖਣ ਲਈ ਕੈਮੀਕਲ ਲਗਾਏ ਜਾਂਦੇ ਹਨ। ਜ਼ਿਆਦਾ ਤਲਿਆ ਹੋਇਆ, ਜੰਕ ਫੂਡ, ਮਸਾਲੇਦਾਰ, ਮਹਿੰਗਾ ਖਾਣਾ ਖਾ ਕੇ ਰੋਗੀ ਹੋਣ ਵਾਲਿਆਂ ਨਾਲ ਹਸਪਤਾਲ ਭਰੇ ਹੋਏ ਹਨ। ਸਿਆਣੇ ਅਕਸਰ ਕਹਿੰਦੇ ਹਨ ਕਿ ਇਲਾਜ ਨਾਲੋਂ ਪਰਹੇਜ਼ ਚੰਗਾ।

***

ਲਘੂ ਕਹਾਣੀ

# ਤੀਜੀ ਰੋਟੀ

-ਮੁਨੀਸ਼ ਤਾਲਿਬ

ਅੱਜ ਕਿਸ਼ੋਰੀ ਲਾਲ ਦੀ ਪਤਨੀ ਪੂਰੀ ਹੋਈ ਨੂੰ 6 ਮਹਿਨੇ ਹੋ ਗਏ ਉਸ ਦੀ ਮੌਤ ਤੋਂ ਦੋ ਹਫ਼ਤਿਆਂ ਬਾਅਦ ਉਹ ਦੁਬਾਰਾ ਫੈਕਟਰੀ ਵਿੱਚ ਚੋਕੀਦਾਰੀ ਦੀ ਨੌਕਰੀ ਕਰਨ ਲੱਗ ਪਿਆ ਇਸ ਤੋਂ ਪਹਿਲਾਂ ਵੀ ਉਹ ਟਾਇਰ ਫੈਕਟਰੀ ਵਿੱਚ ਨੌਕਰੀ ਕਰਦਾ ਰਿਹਾ ਸੀ। ਪਰ ਇੱਕ ਦਿਨ ਅਚਾਨਕ ਲੱਕ ਦੀ ਸੱਟ ਲੱਗਣ ਕਾਰਨ ਉਸ ਦੀ ਉਥੋਂ ਨੌਕਰੀ ਛੁੱਟ ਗਈ। ਹੁਣ ਉਹ ਤਕਰੀਬਨ 2 ਸਾਲ ਤੋਂ ਲੜਕੀਆਂ ਦੇ ਕਾਲਜ ਵਿੱਚ ਰਾਤ ਦੀ ਚੌਕੀਦਾਰੀ ਦੀ ਨੌਕਰੀ ਕਰਦਾ ਹੈ। ਕਿਸ਼ੋਰੀ ਲਾਲ ਜ਼ਿਆਦਾਤਰ ਚੁੱਪ ਰਹਿਣ ਵਾਲਾ ਲੋੜ ਪੈਣ ਤੇ ਘੱਟ ਸ਼ਬਦਾਂ ਵਿੱਚ ਬੋਲਣ ਵਾਲਾ ਅਤੇ ਸਿਹਤ ਪੱਖੋਂ ਦੁਬਲਾ ਪਤਲਾ ਪਰ ਅੰਦਰ ਤੋਂ ਮਜ਼ਬੂਤ ਇਨਸਾਨ ਸੀ। ਉਸ ਦੇ ਦੋ ਬੱਚੇ ਸਨ ਇੱਕ ਵੱਡੀ ਬੇਟੀ ਨਿਸ਼ਾ ਅਤੇ ਛੋਟਾਂ ਬੇਟਾ ਰੋਹਿਤ ਸੀ। ਕਿਸ਼ੋਰੀ ਲਾਲ ਜਲੰਧਰ ਦੇ ਮਕਸੂਦਾ ਦੀ ਇੱਕ ਪੁਰਾਣੀ ਕਲੋਨੀ ਵਿੱਚ 40 ਸਾਲ ਤੋਂ ਛੋਟੇ ਜਿਹੇ ਤਿੰਨ ਮਰਲੇ ਦੇ ਮਕਾਨ ਵਿੱਚ ਪਰਿਵਾਰ ਨਾਲ ਰਹਿ ਰਿਹਾ ਸੀ।

ਉਸ ਦੀ ਬੇਟੀ ਨਿਸ਼ਾ ਦੇ ਵਿਆਹ ਨੂੰ ਸੱਤ ਸਾਲ ਹੋ ਗਏ ਸਨ ਉਹ ਲੁਧਿਆਣਾ ਸ਼ਹਿਰ ਵਿੱਚ ਸੰਤ ਪੁਰੀ ਮੁਹੱਲੇ ਵਿੱਚ ਰਹਿੰਦੀ ਸੀ।

ਉਸ ਦੇ ਦੋ ਮੁੰਡੇ ਸਨ। ਘਰਵਾਲਾ ਸਕੂਟਰੀ ਤੇ ਕਪੜੇ ਦੀ ਫੇਰੀ ਦਾ ਕੰਮ ਕਰਦਾ ਸੀ ਪਰ ਕੰਮ ਸੋਹਣਾ ਸੀ ਮੁਨਾਫਾ ਕਮਾ ਲੈਂਦਾ ਸੀ। ਉਸ ਦੀ ਸੱਸ ਅੱਖੜ ਸੁਭਾਅ ਦੀ ਆਕੜ ਖੋਰ ਔਰਤ ਸੀ। ਕੋਈ ਹੀ ਦਿਨ ਲੰਘਦਾ ਹੋਣਾ ਜਿਸ ਦਿਨ ਉਹ ਕੋਈ ਨਾ ਕੋਈ ਨਵਾਂ ਡਰਾਮਾ ਨਾ ਕਰਦੀ ਹੋਵੇ। ਨਿਸ਼ਾ ਨੇ ਕਈ ਵਾਰ ਖ਼ੁਦ ਨੂੰ ਇਹ ਸਮਝਾ ਕੇ ਰੋਕ ਲਿਆ ਕਿ ਉਸ ਦੇ ਪਿਛੇ ਵਾਲੇ ਕੋਈ ਇੰਨੇ ਵੱਡੇ ਘਰ ਦੇ ਨਹੀਂ।

ਕਿਸ਼ੋਰੀ ਲਾਲ ਦੇ ਮੁੰਡੇ ਰੋਹਿਤ ਦੇ ਪ੍ਰੇਮ ਵਿਆਹ ਨੂੰ ਪੰਜ ਸਾਲ ਹੋਏ ਸਨ। ਉਸ ਦੇ ਸੌਹਰੇ ਜੰਲਧਰ ਸ਼ਹਿਰ ਦੇ ਹੀ ਬਸਤੀ ਗੁੰਜਾਂ ਵਿੱਚ ਸਨ। ਉਸ ਦੀ ਘਰਵਾਲੀ ਸਰੋਜ਼ ਦੇ ਇੱਕ 12 ਪਾਸ ਫੈਸ਼ਨੇਬਲ ਔਰਤ ਸੀ ਤੇ ਉਹ ਬਿਊਟੀ ਪਾਰਲਰ ਦਾ ਕੰਮ ਕਰਨ ਨਾਲ ਦੇ ਮੁਹੱਲੇ ਵਿੱਚ ਕਿਸੇ ਦੀ ਦੁਕਾਨ ਤੇ ਜਾਂਦੀ ਸੀ। ਉਸ ਦੀ ਇੱਕ ਕੁੜੀ ਸੀ ਜਿਸ ਨੂੰ ਸਕੂਲ ਭੇਜਣਾ ਸਵੇਰੇ ਸਵੇਰੇ ਘਰ ਦੇ ਕੰਮ ਨਿਬੇੜ ਕੇ ਖ਼ੁਦ ਕੰਮ ਤੇ ਜਾਣਾ ਉਸ ਦੀ ਰੋਜ਼ਾਨਾ ਦੀ ਰੁਟੀਨ ਸੀ।

ਮਾਂ ਦੇ ਪੂਰੀ ਹੋਣ ਮਗਰੋਂ ਅੱਜ ਨਿਸ਼ਾ ਬੱਚਿਆਂ ਦੀਆਂ ਗਰਮੀਆਂ ਦੀਆਂ ਛੁੱਟੀਆਂ ਕਾਰਨ ਆਪਣੇ ਪੇਕੇ ਘਰ ਆਈਂ ਇੱਧਰ ਅਗਲੇ ਦਿਨ ਸਰੋਜ਼ ਵੀ ਆਪਣੀ ਕੁੜੀ ਨੂੰ ਲੈ ਕੇ ਆਪਣੇ ਪੇਕੇ ਘਰ ਚਲੀ ਗਈ। ਜਾਂਦੀ ਜਾਂਦੀ ਆਖ ਗਈ "ਮੈਨੂੰ ਵੀ ਮਿਲ ਕੇ ਆਈਂ ਨੂੰ ਦੋ ਮਹੀਨੇ ਹੋ ਗਏ ਮੈਂ ਸਵੇਰ ਤੱਕ ਵਾਪਸ ਆ ਜਾਊਗੀ ਦੀਦੀ"। ਰੋਹਿਤ ਜੋਂ ਜੁੱਤੀਆਂ ਦੀ ਦੁਕਾਨ ਤੇ ਕੰਮ ਕਰਦਾ ਹੈ ਸਵੇਰੇ ਕੰਮ ਤੇ ਤੜਕੇ ਚਲਾ ਜਾਂਦਾ ਤੇ ਰਾਤ ਨੂੰ ਦਸ ਵਜੇ ਵਾਪਸੀ ਕਰਦਾ। ਇੱਧਰ ਕਿਸ਼ੋਰ ਕੁਮਾਰ ਦੀ ਨੋਕਰੀ ਰਾਤ ਦੀ ਹੁੰਦੀ ਉਹ ਰਾਤ ਨੂੰ 8, ਵਜੇ ਘਰੋਂ ਚਲਾ ਜਾਂਦਾ ਤੇ ਸਵੇਰੇ 7 ਵਜ਼ੇ ਵਾਪਸ ਘਰ ਆ ਕੇ ਦੋ ਘੰਟੇ ਸੌਣ ਤੋਂ ਬਾਅਦ ਘਰ ਦਾ ਕੋਈ ਨਾ ਕੋਈ ਕੰਮ ਕਰਦਾ ਜਾਂ ਬਾਹਰ ਬੰਦੀਆਂ ਵਿੱਚ ਬੈਠ ਕੇ ਇੱਧਰ ਉੱਧਰ ਦੀਆਂ ਗੱਲਾਂ ਸੁਣਦਾ ਤੇ ਖੜ੍ਹੇ ਹੋ ਕੇ ਤਾਸ਼ ਵੇਖਦਾ ਰਹਿੰਦਾ ਤੇ ਦੋ ਵਜੇ ਆਪਣੀ ਪੋਤਰੀ ਨੂੰ ਸਕੂਲ ਤੋਂ ਘਰ ਵਾਪਸ ਲੈ ਆਉਂਦਾ ਤੇ ਸ਼ਾਮ ਨੂੰ ਕੰਮ ਤੇ ਚਲਾ ਜਾਂਦਾ।

ਕਿਸ਼ੋਰ ਕੁਮਾਰ ਬਾਹਰ ਬੈਠਾ ਹੋਇਆ ਗਲੀ ਦੇ ਕੋਲ ਬਣੀਂ ਆਪਣੀ ਥੜੀ ਦੇ ਕੋਲੋਂ ਘਾਹ ਪੁੱਟ ਰਿਹਾ ਸੀ ਕਿ ਨਿਸ਼ਾ ਅੰਦਰੋਂ ਆਵਾਜ਼ ਦਿੰਦੀ ਹੈ "ਡੈਡੀ ਆ ਕੇ ਰੋਟੀ ਖਾ ਲਵੋ" ਕਿਸ਼ੋਰ ਆਪਣੇ ਹੱਥ ਧੋ ਕੇ ਆਪਣੇ ਛੋਟੇ ਦੋਹਤੇ ਨਾਲ ਆ ਕੇ ਬੈਠ ਜਾਂਦਾ ਹੈ। ਨਿਸ਼ਾ ਕਿਸ਼ੋਰ ਨੂੰ ਰੋਟੀ ਦਿੰਦੀ ਹੋਈ ਗੱਲਾਂ ਕਰਦੀ ਹੈ ਤੇ ਘਰ ਦੇ ਹਾਲਾਤ ਬਾਰੇ ਪੁੱਛਦੀ ਹੈ।

ਕਿਸ਼ੋਰ ਚੁੱਪ ਚਾਪ ਬੈਠਾ ਰੋਟੀ ਖਾ ਰਿਹਾ ਹੈ। ਨਿਸ਼ਾ ਰਸੋਈ ਵਿੱਚੋਂ ਦੂਜੀ ਰੋਟੀ ਲੈ ਕੇ ਵਾਪਸ ਆਉਂਦੀ ਹੈ ਤੇ ਪੁਛਦੀ ਹੈ ਕਿ ਉਹ ਬੋਲਦੇ ਕਿਉਂ ਨਹੀਂ? ਕਿਸ਼ੋਰ ਫਿਰ ਚੁੱਪ ਚਾਪ ਬੈਠਾ ਸਿਰ ਹਿਲਾ ਕੇ ਰੋਟੀ ਖਾਣ ਲਗਦਾ ਹੈ। ਨਿਸ਼ਾ ਜਦੋਂ ਰਸੋਈ ਵਿੱਚੋਂ ਤੀਜੀ ਰੋਟੀ ਲੈ ਕੇ ਬਾਹਰ ਆਈ ਤਾਂ ਉਸ ਨੇ ਵੇਖਿਆ ਕਿ ਕਿਸ਼ੋਰ ਕੁਮਾਰ ਬਾਹਰ ਨਿਕਲ ਕੇ ਟੂਟੀ ਤੇ ਆਪਣੇ ਜੂਠੇ ਭਾਂਡੇ ਸਾਫ਼ ਕਰ ਰਿਹਾ ਸੀ।

ਨਿਸ਼ਾ ਨੇ ਝਿੜਕ ਕੇ ਕਿਹਾ ਡੈਡੀ ਰੋਟੀ ਤਾਂ ਖਾ ਲੋ ਹਜੇ ਦੋ ਰੋਟੀਆਂ ਹੀ ਖਾਂਦੀਆਂ ਤੁਸੀਂ, ਨਾਲੇ ਆ ਭਾਂਡੇ ਮੈਂ ਆਪੇ ਮਾਂਝ ਦਊ ਤੁਸੀਂ ਕਿਉਂ? ਤਾਂ ਕਿਸ਼ੋਰ ਕੁਮਾਰ ਨੇ ਉਸ ਵੱਲ ਭਰੀਆਂ ਅੱਖਾਂ ਨਾਲ ਮੁਸਕਰਾਹਟ ਵਿੱਚ ਆਖਿਆ, "ਪੁਤੱਰ ਤੇਰੀ ਮਾਂ ਦੇ ਜਾਣ ਤੋਂ ਬਾਅਦ ਅੱਜ ਪਹਿਲੀ ਵਾਰ ਕਿਸੇ ਨੇ ਤੀਜੀ ਰੋਟੀ ਪੁਛੀ ਆ, ਕਈ ਵਾਰ ਇਨੀਂ ਭੁੱਖ ਲੱਗੀ ਹੁੰਦੀ ਸੀ ਪਰ ਛੱਡ ਹੁਣ ਆਦਤ ਬਣ ਗਈ ਹੈ ਤੂੰ ਮੇਰੀ ਆਦਤ ਨਾ ਵਿਗਾੜ ਤੂੰ ਤਾਂ ਬੇਟਾ ਦੋ ਦਿਨਾਂ

ਬਾਅਦ ਵਾਪਸ ਆਪਣੇ ਸੌਹਰੇ ਘਰ ਚਲੇ ਜਾਣਾ ਮੈਂ ਤਾਂ ਦੋ ਰੋਟੀਆਂ ਨਾਲ ਹੀ ਗੁਜ਼ਾਰਾ ਕਰਨਾ।" ਨਿਸ਼ਾ "ਤੁਸੀਂ ਰੋਹਿਤ ਨੂੰ ਦੱਸਿਆ ?" "ਬੇਟਾ ਉਹ ਕਿਹੜਾ ਘਰ ਨਹੀਂ ਰਹਿੰਦਾ, ਤੂੰ ਧੀਏ ਚਿੰਤਾ ਨਾ ਕਰ ਮੈਂ ਆਪਣੀ ਆਦਤ ਹੁਣ ਪੱਕਾ ਲਈ ਆ", ਇੰਨਾਂ ਆਂਖ ਕੇ ਕਿਸ਼ੋਰ ਕੁਮਾਰ ਨੇ ਆਪਣੇ ਅੰਦਰ ਦੇ ਗਮ ਨੂੰ ਮੁਸਕਰਾਉਂਦੇ ਹੋਏ ਆਪਣੇ ਦੋਹਤੇ ਨੂੰ ਚੁੱਕ ਕੇ ਬਾਹਰ ਨਿਕਲ ਆਇਆ। ਨਿਸ਼ਾ ਬੇਬਸ ਭਿੱਜੀਆਂ ਅੱਖਾਂ ਨਾਲ ਤੀਜੀ ਰੋਟੀ ਫੜੀ ਘਰ ਦੀ ਕੰਧ ਤੇ ਲੱਗੀ ਮਾਂ ਦੀ ਤਸਵੀਰ ਨੂੰ ਤੇਸਿਹਤ ਤੋਂ ਕਮਜ਼ੋਰ ਬਾਪ ਦੀ ਪਿੱਠ ਤੇ ਦਿਲਚੀਰਵੀ ਚੁੱਪ ਨੂੰ ਵੇਖ ਕੇ ਸਮਝ ਗਈ ਕਿ ਘਰ ਦੇ ਹਾਲਾਤ ਕਿਹੋ ਜਿਹੇ ਹਨ।

(ਸਮਾਪਤ)

## ਬੜੇ ਚਿਰਾਂ ਤੋਂ ਉਡੀਕਾਂ ਅਸੀ ਲਾਈਆਂ ਰਾਂਝਣਾ ਵੇ,

-ਸੁਖਜਿੰਦਰ ਸਿੰਘ

ਬੜੇ ਚਿਰਾਂ ਤੋਂ ਉਡੀਕਾਂ ਅਸੀ ਲਾਈਆਂ ਰਾਂਝਣਾ ਵੇ,
ਕਾਹਤੋਂ ਫੇਰੀਆਂ ਨਾ ਘਰ ਸਾਡੇ ਪਾਈਆਂ ਰਾਂਝਣਾ ਵੇ, ਬੜੇ ਚਿਰਾਂ ਤੋਂ..
ਤੇਰੇ ਹੋਏ ਨਾ ਦੀਦਾਰ ਬੜੇ ਚਿਰਾਂ ਤੋਂ ਉਡੀਕਆਂ,
ਕਿੱਥੇ ਬੈਠ ਗਿਆ ਜਾ ਪਾਈਆਂ ਲੰਬੀਆਂ ਤਰੀਕਾਂ,
ਹੁਣ ਮਿਲ ਮੈਨੂੰ ਆਣ ਅੱਖੀਆਂ ਧਿਆਈਆਂ ਰਾਂਝਣਾ ਵੇ,
ਕਾਹਤੋਂ ਫੇਰੀਆਂ ਨਾ ਘਰ ਸਾਡੇ ਪਾਈਆਂ ਰਾਂਝਣਾ ਵੇ, ਬੜੇ ਚਿਰਾਂ ਤੋਂ....
ਤੇਰੇ ਮਿੱਠੜੇ ਨੇ ਬੋਲ ਦੇਣ ਜਿੰਦ ਚ ਰਸ ਘੋਲ,
ਕੰਨ ਤਰਸ ਰਹੇ ਨੇ ਸੁਣਨੇ ਨੂੰ ਓਹੀ ਫਿਰ ਬੋਲ,
ਕਦੀ ਆ ਕੇ ਤੂੰ ਸੰਗ ਸਾਡੇ ਬਾਤਾਂ ਪਾ ਰਾਂਝਣਾ ਵੈ,
ਕਾਹਤੋਂ ਫੇਰੀਆਂ ਨਾ ਘਰ ਸਾਡੇ ਪਾਈਆਂ ਰਾਂਝਣਾ ਵੈ, ਬੜੇ ਚਿਰਾਂ ਤੋਂ.........।
ਤੇਰੀ ਸੂਰਤ ਚੋ ਤਕਾਂ ਮੈਂ ਖੁਦਾ ਵਾਲੀ ਮੂਰਤ,
ਲਾ ਸੀਨੇ ਨਾਲ ਮੈਨੂੰ ਬਸ ਏਹੋ ਏ ਜ਼ਰੂਰਤ,
ਰਹੇ ਭੇਦ ਨਾ ਕੋਈ ਮੇਰੇ ਤੇਰੇ ਵਿੱਚ ਰਾਂਝਣਾ ਵੇ,
ਕਾਹਤੋਂ ਫੇਰੀਆਂ ਨਾ ਘਰ ਸਾਡੇ ਪਾਈਆਂ ਰਾਂਝਣਾ ਵੇ, ਬੜੇ ਚਿਰਾਂ ਤੋਂ.........।
ਤੇਰੀਆਂ ਜੁਦਾਈਆਂ ਮੇਰਾ ਕੀਤਾ ਬੁਰਾ ਹਾਲ,
ਰਾਤ ਦਿਨ ਬਸ ਰਹਿੰਦਾ ਮੈਨੂੰ ਤੇਰਾ ਹੀ ਖਿਆਲ,
ਕਾਹਤੋਂ ਦੀਦ ਦੀਆਂ ਪਿਆਸਾਂ ਕਿਉ ਨਾ ਬੁਝਾਈਆਂ ਰਾਂਝਣਾ ਵੇ,
ਕਾਹਤੋਂ ਫੇਰੀਆਂ ਨਾ ਘਰ ਸਾਡੇ ਪਾਈਆਂ ਰਾਂਝਣਾ ਵੇ, ਬੜੇ ਚਿਰਾਂ ਤੋਂ.........।
ਤੇਰੇ ਚਿਹਰੇ ਵਾਲਾ ਨੂਰ ਦੇਵੇ ਵੱਖਰਾ ਸਰੂਰ,
ਨਿਗ?ਹਾ ਤੇਰੀ ਏ ਸਵਲੀ ਪਾਵੇ ਰਹਿਮਤਾਂ ਦੀ ਭੂਰ,
ਘਰ ਮੇਰੇ ਵੀ ਤੂੰ ਰਹਿਮਤਾਂ ਵਰਸਾ ਰਾਂਝਣਾ ਵੈ,
ਕਾਹਤੋਂ ਫੇਰੀਆਂ ਨਾ ਘਰ ਸਾਡੇ ਪਾਈਆਂ ਰਾਂਝਣਾ ਵੈ, ਬੜੇ ਚਿਰਾਂ ਤੋਂ.........।
ਹੀਰ ਕਰਦੀ ਦੁਆ ਨਾ ਤੂੰ ਹੋਰ ਤੜਫਾ,
ਜਿੰਦ ਬੱਚਦੀ ਏ ਤਾਂ ਜੇ ਤੂੰ ਘਰ ਜਾਵੇ ਆ,
ਸੁੱਖ ਵਾਸਤੇ ਆ ਪਾਉਂਦਾ ਹੀਰ ਗਲ ਲਾ ਰਾਂਝਣਾ ਵੇ,
ਕਾਹਤੋਂ ਫੇਰੀਆਂ ਨਾ ਘਰ ਸਾਡੇ ਪਾਈਆਂ ਰਾਂਝਣਾ ਵੇ,
ਬੜੇ ਚਿਰਾਂ ਤੋਂ ਉਡੀਕਆ ਅਸੀਂ ਲਾਈਆਂ ਰਾਂਝਣਾ

# ਮਜ਼ਦੂਰ



**ਵਰਿੰਦਰ ਜਟਵਾਨੀ**
ਲੁਧਿਆਣਾ

ਬੰਦਾ ਮੈਨੂੰ ਰੱਬ ਬਣਾਇਆ
ਖੋਤੇ ਦੀ ਜੂਨ ਹੰਡਾਵਾਂ
ਜੇ ਅੱਜ ਲੱਗੇ ਦਿਹਾੜੀ ਮੇਰੀ
ਘਰ ਸੌਦਾ ਲੈ ਜਾਵਾਂ

ਅੱਧ-ਪਾ ਦੁਧ ਤੇ ਪਾਈਆ ਪੱਤੀ
ਨਾਲੇ ਇੱਕ ਸਾਬਣ ਦੀ ਚੱਕੀ
ਮੂੰਗੀ ਮਸਰੀ ਪਾਈਆ ਪਾਈਆ
ਮੰਡੀ ਵੇਖਿਆ ਗੋਭੀ ਆਈ ਆ
ਦੇਹੜੀ ਵਾਸਤੇ ਲਾਟੂ ਛੋਟਾ
ਬਾਸਮਤੀ ਨਹੀਂ ਚਾਵਲ ਟੋਟਾ
ਦਸਾਂ-ਦਸਾ ਦੀ ਮਿਰਚਾਂ ਹਲਦੀ
ਮੁੱਕ ਗਈ ਰੌਲਾ ਪਾਂਦੀ ਕੱਲ ਦੀ
ਡੰਡੀ ਆਲੀਆਂ ਮਰਚਾਂ ਦੇ ਦੇ
ਲਾਹ ਨਜ਼ਰ ਤੇ ਚੁੱਲੇ ਪਾਵਾਂ
ਜੇ ਅੱਜ ਲੱਗੇ ਦਿਹਾੜੀ ਮੇਰੀ
ਘਰ ਸੌਦਾ ਲੈ ਜਾਵਾਂ

ਬਾਲਾਂ ਨੂੰ ਗਲਵਕੜੀ ਪਾਉਂ
ਜੇਬ 'ਚੋਂ ਚੁੱਪਾਂ ਕੱਢ ਫੜਾਉਂ
ਆਖਾਂ ਕਾਹਨੂੰ ਖੁੱਸੀ ਪਈ ਏਂ
ਪਤਾ ਏ ਮੈਨੂੰ ਰੁੱਸੀ ਪਈ ਏਂ
ਸਲਵਾਰ ਦੇ ਪੌਂਚੇ ਘਸੇ ਪਏ ਨੇ
ਅੱਡੀਆਂ ਦੇ ਵਿੱਚ ਫਸੇ ਪਏ ਨੇ
ਬਜਾਜ ਦਵੇ ਜੇ ਸੂਟ ਉਧਾਰਾ
ਫੇਰ ਆਖਦੀ ਲਾਂਦਾ ਲਾਰ
ਜੁੱਤੀ ਤੇਰੀ ਨੂੰ ਪੈ ਪਤਾਵੇ
ਤੈਨੂੰ ਵੇਖਾਂਗਾ ਰੱਜ ਚਾਵਾਂ
ਜੇ ਅੱਜ ਲੱਗੇ ਦਿਹਾੜੀ ਮੇਰੀ
ਘਰ ਸੌਦਾ ਲੈ ਜਾਵਾਂ

ਮੰਡੀ ਪਿੱਪਲ ਹੇਠ ਖੜੇ ਹਾਂ
ਲੈ ਜਾ ਸਾਨੂੰ ਸੇਠ ਖੜੇ ਹਾਂ
ਹੱਥਾਂ ਦੇ ਵਿੱਚ ਚੱਕ ਤਗਾੜੀ
ਤੀਜੇ ਕੋਠੇ ਕਲ੍ਹਿਆਂ ਚਾੜੀ
ਢੋਵਾਂ ਰੱਖਕੇ ਸਿਰ ਤੇ ਇੱਟਾਂ
ਨਾਲ ਇਸ਼ਾਰੇ ਤੇਰੇ ਸਿੱਟਾਂ
ਲੈਂਟਰ ਦੀ ਜੇ ਦਵੇਂ ਵਧਾਈ
ਖੁਸ਼ ਰਹਿ ਖੁਸ਼ੀਆਂ ਨਾਲ ਹੰਡਾਈ
ਅੜ ਨਾ ਮਨ ਜਾ ਤਿੰਨ ਸੋ ਦੇਂਦੀ
ਗੁਲਾਮ ਤੇਰਾ ਗੁਣ ਗਾਵਾਂ
ਜੇ ਅੱਜ ਲੱਗੇ ਦਿਹਾੜੀ ਮੇਰੀ
ਘਰ ਸੌਦਾ ਲੈ ਜਾਵਾਂ

ਲੱਤਾਂ ਉੱਤੇ ਟੱਕ ਪਏ ਨੇ
ਜਿਉਂ ਦੰਦੀਆਂ ਦੇ ਚੱਕ ਪਏ ਨੇ
ਕੋਈ ਨੀ ਆਇਆ ਤਾਹੀਓਂ ਖਿਝਿਆ
ਅੱਜ ਨੀ ਮੇਰਾ ਪਰਨਾ ਭਿੱਜਿਆ
ਲੂਣ ਤੇ ਰੋਟੀ ਖਾ ਕੇ ਰੱਜਿਆ
ਅੱਜ ਰੰਗਾਂ ਦਾ ਖੂਨ ਨੀ ਭੱਜਿਆ
ਅੱਜ ਥਕੇਵਾਂ ਬਹੁਤ ਚੜ੍ਹਿਆ
ਪੈਕੇ ਲੰਮਾਂ ਖੁਦ ਨਾਲ ਲੜਿਆ
ਚਲ ਛੱਡ ਉਹਦੀ ਮੌਜ ਦੀ ਗੱਲ ਏ
ਗਰੀਬ ਦਾ ਮਰਨਾ ਰੋਜ਼ ਦੀ ਗੱਲ ਏ
ਮੇਰੇ ਨਾਲੋਂ ਵੱਧ ਟੁੱਟ ਚੁੱਕਾ
ਹੁਣ ਮੇਰਾ ਪਰਛਾਵਾਂ
ਜੇ ਅੱਜ ਲੱਗੇ ਦਿਹਾੜੀ ਮੇਰੀ
ਘਰ ਸੌਦਾ ਲੈ ਜਾਵਾਂ

ਰੱਖ ਕੇ ਸਬਰ ਗੁਜ਼ਰਾ ਕਰਦੇ
ਫਾਹੇ ਲਾ ਮਜ਼ਦੂਰ ਨੀ ਮਰਦੇ
ਇਹ ਨੇ ਤੁਰਦੀਆਂ-ਫਿਰਦੀਆਂ ਲਾਸ਼ਾਂ
ਛੈਣੀ ਦੇ ਨਾਲ ਰੱਬ ਤਰਾਸ਼ਾਂ
ਮੈਂ ਹਾਂ ਵਕਤ ਦੀ ਗੀਤ ਦੇ ਵਰਗਾ
ਪਾਟੇ ਕਪੜੇ ਜਤੀ ਦੇ ਵਰਗਾ
ਸ਼ਰਾਪਿਤ ਹੋ ਮਜ਼ਦੂਰ ਬਣ ਗਿਆ
ਕਿੰਨਾ ਮੈਂ ਮਜ਼ਬੂਰ ਬਣ ਗਿਆ
ਬਚੜੇ ਭੁੱਖੇ ਸੌਵਣ ਮੇਰੇ
ਇਹ ਨਹੀਂ ਠੀਕ ਸਜ਼ਾਵਾਂ
ਜੇ ਅੱਜ ਲੱਗੇ ਦਿਹਾੜੀ ਮੇਰੀ
ਘਰ ਸੌਦਾ ਲੈ ਜਾਵਾਂ

***

# ਭਾਰਤੀ ਭਾਸ਼ਾਵਾਂ ਦੀਆਂ ਮਿੰਨੀ ਕਹਾਣੀਆਂ



**ਪੇਸ਼ਕਸ਼ : ਜਗਦੀਸ਼ ਰਾਏ ਕੁਲਰੀਆਂ**

**ਸਮਾਜ ਵਿਚ ਔਰਤ ਦੀ ਸਥਿਤੀ ਕਿਸੇ ਤੋਂ ਲੁਕੀ-ਛੁਪੀ ਨਹੀਂ ਹੈ। ਖਾਸ ਤੌਰ ਤੇ ਔਰਤ ਨੂੰ ਜਿਹੜੀਆਂ ਸਰੀਰਿਕ ਸਮੱਸਿਆਵਾਂ ਆਉਂਦੀਆਂ ਨੇ ਉਨ੍ਹਾਂ ਨੂੰ ਬਿਲਕੁਲ ਨਜ਼ਰ ਅੰਦਾਜ਼ ਕਰ ਦਿੱਤਾ ਜਾਂਦਾ ਹੈ। ਸਾਹਿਤ ਦੀ ਜਦੋਂ ਗੱਲ ਆਉਂਦੀ ਹੈ ਤਾਂ ਜਿਆਦਾ ਜ਼ਿਕਰ ਔਰਤ ਦੇ ਸ਼ੋਸ਼ਣ ਜਾਂ ਪਿਆਰ ਮੁਹੱਬਤ ਦੀ ਗੱਲ ਤੱਕ ਹੀ ਸੀਮਿਤ ਰਹਿੰਦਾ ਹੈ। ਔਰਤ ਨੂੰ ਮਾਸਿਕ ਧਰਮ (ਮਾਹਵਾਰੀ) ਆਉਣਾ ਇੱਕ ਕੁਦਰਤ ਦਾ ਨਿਯਮ ਹੈ, ਪ੍ਰੰਤੂ ਇਸ ਬਾਰੇ ਗੱਲ ਲੁਕਵੀਂ ਜਾਂ ਪਰਦੇ ਵਿਚ ਕਰਕੇ ਇਸ ਨੂੰ ਵਰਜਿਤ ਵਿਸ਼ਾ ਬਣਾ ਦਿੱਤਾ ਗਿਆ ਹੈ ਜਿਵੇਂ ਇਹ ਔਰਤ ਲਈ ਕੋਈ ਪਾਪ ਜਾਂ ਸ਼ਰਮ ਦੀ ਗੱਲ ਹੋਵੇ। ਸਮਾਜ ਵਿਚ ਅਜਿਹੇ ਮਾਹੌਲ ਕਾਰਨ ਬਹੁਤ ਸਾਰੀਆਂ ਔਰਤਾਂ/ਕੁੜੀਆਂ ਆਪਣੇ ਪਰਿਵਾਰ ਵਾਲਿਆਂ ਨਾਲ ਵੀ ਇਸ ਵਿਸ਼ੇ ਤੇ ਖੁੱਲ੍ਹ ਕੇ ਗੱਲ ਨਹੀਂ ਕਰ ਸਕਦੀਆਂ ਤੇ ਕਈ ਤਰ੍ਹਾਂ ਦੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੀਆਂ ਹਨ। ਇਸੇ ਤਰ੍ਹਾਂ ਧਾਰਮਿਕ ਸਥਾਨਾਂ ਤੇ ਮਾਸਿਕ ਧਰਮ ਦੇ ਦਿਨਾਂ ਵਿਚ ਔਰਤਾਂ ਦੇ ਜਾਣ ਸੰਬੰਧੀ ਵੀ ਕਈ ਤਰ੍ਹਾਂ ਦੀਆਂ ਧਾਰਨਾਵਾਂ ਹਨ। ਅਜਿਹੇ ਵਿਸ਼ਿਆਂ ਤੇ ਬਹੁਤ ਘੱਟ ਲਿਖਿਆ ਗਿਆ ਹੈ। ਜਦੋਂ ਕਿ ਸਮਾਜ ਵਿਚ ਇਸ ਵਿਸ਼ੇ ਦੇ ਬਾਰੇ ਵਿਚ ਬਣੀਆਂ ਗਲਤ ਧਾਰਨਾਵਾਂ ਨੂੰ ਦੂਰ ਕਰਨ ਲਈ ਲਿਖਿਆ ਜਾਣਾ ਜਰੂਰੀ ਹੈ। ਸੱਚ ਤੋਂ ਕਿਸੇ ਵੀ ਪੱਖੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਤੇ ਸਾਹਿਤ ਨੇ ਸਮੇਂ ਦੇ ਸੱਚ ਨੂੰ ਪ੍ਰਸਤੁਤ ਕਰਨਾ ਹੁੰਦਾ ਹੈ। ਇਹ ਮਿੰਨੀ ਕਹਾਣੀਆਂ ਵੱਖਰੇ ਦ੍ਰਿਸ਼ਟੀਕੋਣ ਵਿਚ ਵੱਖਰੀਆਂ ਘਟਨਾਵਾਂ ਨੂੰ ਪੇਸ਼ ਕਰਦੀਆਂ ਹਨ।**

**ਵਿਰਾਸਤ/ ਕਵਿਤਾ ਰਾਜਬੰਸ**

ਉਸ ਵੱਲੋਂ ਮੁੱਖ ਮੰਤਰੀ ਦੀ ਕੋਠੀ ਘੇਰਨ ਵਾਲੇ ਜਥੇ ਨਾਲ ਜਾਣ ਦਾ ਐਲਾਨ ਕਰਨ ਤੋਂ ਬਾਅਦ ਘਰ ਵਿਚ ਖਾਮੋਸ਼ੀ ਛਾ ਗਈ।

“ਧੀਏ ਭੋਰਾ ਭਰ ਜਵਾਕ ਨੂੰ ਛੱਡ ਕੇ ਜਾਣਾ ਸਿਆਣਪ ਨਹੀਂ,” ਮਾਂ ਨੇ ਉਸਦੀ ਕੁੱਛੜ ਵਿਚਲੀ ਛੇ ਕੁ ਮਹੀਨਿਆਂ ਦੀ ਬੱਚੀ ਦਾ ਵਾਸਤਾ ਪਾਇਆ।

“ਨਹੀਂ ਮਾਤਾ, ਜਾਣਾ ਜ਼ਰੂਰੀ ਐ ਨਾਲੇ ਦੇਖ, ਉਨ੍ਹਾਂ ਨੇ ਮੈਨੂੰ ਪਿਛਲੇ ਅੱਠ–ਨੌਂ ਮਹੀਨਿਆਂ ਤੋਂ ਬਿਲਕੁਲ ਵੀ ਧਰਨੇ ਵਿਚ ਆਉਣ ਨੂੰ ਨਹੀਂ ਕਿਹਾ। ਪਰ ਹੁਣ ਜ਼ਰੂਰੀ ਐ।

“ਦੇਖ ਪੁੱਤ,” ਕੋਲ ਬੈਠਾ ਸਾਰੀ ਗੱਲ ਸੁਣ ਰਿਹਾ ਉਸਦਾ ਬਾਪ ਬੋਲਿਆ, “ ਆਪਣੇ ਘਰ ਜਾ ਕੇ ਕਿਤੇ ਵੀ ਜਾਈਂ, ਪਰ ਮੈਂ ਇਸਦੇ ਨਾਲ ਸਹਿਮਤ ਵਿਚ ਨਹੀਂ ਕਿ ਤੂੰ ਇਥੋਂ ਧਰਨੇ–ਧੁਰਨਿਆਂ ਵਿਚ ਜਾਮੇਂ, ਕੋਈ ਉੱਨੀ ਇਕੀ ਹੋਗੀ ਤਾਂ ਅਗਲਿਆਂ ਨੇ ਤਾਂ ਮੈਨੂੰ ਕਹਿਣਾ ਕਿ ਸਿਆਣਾ ਬਿਆਣਾ ਹੋ ਕੇ ਰੋਕਿਆ ਨੀ ਗਿਆ?,” ਪਿਉ ਨੇ ਉਸਦੇ ਸੌਹਰਿਆਂ ਦਾ ਵਾਸਤਾ ਪਾਇਆ।

ਰਾਜਵੀਰ ਪਿਛਲੇ ਪੰਜ ਸਾਲਾਂ ਤੋਂ ਇਕ ਸਰਕਾਰੀ ਦਫਤਰ ਵਿਚ ਕੱਚੀ ਮੁਲਾਜ਼ਮ ਵਜੋਂ ਨੌਕਰੀ ਕਰਦੀ ਆ ਰਹੀ ਸੀ। ਅਜਿਹੇ ਕੱਚੇ ਮੁਲਾਜ਼ਮ ਹੋਰ ਵੀ ਸਨ। ਹੌਲੀ ਹੌਲੀ ਹੋਰਨਾਂ ਵਿਭਾਗਾਂ ਵਿਚ ਵੀ ਕੰਮ ਕਰਦੇ ਕੱਚੇ ਮੁਲਾਜ਼ਮਾਂ ਦੀ ਇਕ ਜਥੇਬੰਦੀ ਬਣ ਗਈ। ਰਾਜਵੀਰ ਵੀ ਉਸੇ ਜਥੇਬੰਦੀ ਦੀ ਮੈਂਬਰ ਸੀ। ਅਤੇ ਜਥੇਬੰਦੀ ਨੇ ਪਿਛਲੇ ਦੋ ਸਾਲਾਂ ਤੋਂ ਆਪਣੀਆਂ ਨੌਕਰੀਆਂ ਪੱਕੀਆਂ ਕਰਵਾਉਣ ਲਈ ਸੰਘਰਸ਼ ਆਰੰਭ ਦਿਤਾ ਸੀ। ਰਾਜਵੀਰ ਸਮੇਂ ਸਮੇਂ ਤੇ ਲਗਦੇ ਧਰਨਿਆਂ ਵਿਚ ਮੋਹਰੀ ਬਣ ਕੇ ਜਾਂਦੀ ਰਹੀ। ਏਨੇ ਨੂੰ ਉਸਦਾ ਵਿਆਹ ਹੋ ਗਿਆ। ਪਤੀ ਵੀ ਯੂਨੀਅਨਨਿਸ਼ਟ ਟੱਕਰਿਆ। ਸਾਲ ਕੁ ਬਾਅਦ ਬੱਚਾ ਹੋਣ ਵਾਲਾ ਹੋ ਗਿਆ ਅਤੇ ਹੁਣ ਰਾਜਵੀਰ ਜਣੇਪਾ ਕੱਟਣ ਪੇਕੀਂ ਆਈ ਹੋਈ ਸੀ।

“ਪਰ ਪਾਪਾ, ਜਿਹੜੇ ਮੇਰੇ ਸਾਥੀ ਧਰਨੇ ਵਿਚ ਜਾ ਰਹੇ ਨੇ ਉਨ੍ਹਾਂ ਦੀਆਂ ਵੀ ਬਹੁਤ ਸਮੱਸਿਆਵਾਂ ਨੇ, ਪਰ ਉਹ ਫੇਰ ਵੀ ਜਾ ਰਹੇ ਨੇ,” ਰਾਜਵੀਰ ਨੇ ਪਿਤਾ ਨੂੰ ਮਨਾਉਣ ਦੇ ਰੌਂਅ ਵਿਚ ਕਿਹਾ,

“ਨਾਲੇ ਪਾਪਾ ਜੇਕਰ ਸਾਰੇ ਇੰਜ ਹੀ ਸੋਚਣ ਲੱਗ ਗਏ ਤਾਂ ਜਿਤ ਲਈ ਬਾਜੀ ਅਸੀਂਸਰਕਾਰ ਤਾਂ ਪਹਿਲਾਂ ਹੀ ਲਾਰੇ ਤੇ

ਲਾਰੇ ਲਾਈ ਜਾ ਰਹੀ ਹੈ। ਨਾਲੇ ਇਸ ਵਾਰ ਮੁੱਖ ਮੰਤਰੀ ਦੀ ਕੋਠੀ ਘੇਰਨੀ ਐਂ.. ਜਿੰਨਾਂ ਵੱਡਾ ਇਕੱਠ ਹੋਵੇਗਾ ਓਨਾ ਜ਼ਿਆਦਾ ਪ੍ਰੈਸ਼ਰ ਵਧੇਗਾ ਸਰਕਾਰ ਤੇ।"

"ਪਰ ਪੁੱਤ, ਨਿੱਕੀ ਹਾਲੇ ਤੇਰਾ ਦੁੱਧ ਲੈਂਦੀ ਐਉਹ ਕਿਮੇਂ ਸਾਰੂ ਭੁੱਖਣਭਾਣੀ," ਮਾਂ ਨੇ ਸਮਝਾਇਆ।

"ਮਾਤਾ ਕੋਈ ਨਾ ਇਹ ਫੀਡਰ ਲੈ ਲੈਂਦੀ ਐਇਕ ਦਿਨ ਫੀਡਰ ਨਾਲ ਹੀ ਸਾਰ ਲੈਣਾ।" ਰਾਜਵੀਰ ਨੇ ਧਰਨੇ ਵਿਚ ਜਾਣ ਦੇ ਫੈਸਲੇ ਨੂੰ ਅਟੱਲ ਕਰਦਿਆਂ ਕਿਹਾ।

ਰਾਤ ਨੂੰ ਰਾਜਵੀਰ ਦੇ ਪਤੀ ਦਾ ਫੋਨ ਉਸਦੇ ਪਿਤਾ ਨੂੰ ਆਇਆ। ਪਿਤਾ ਨੇ ਆਪਣੇ ਜਵਾਈ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ। ਛੋਟੀ ਬੱਚੀ ਦਾ ਵਾਸਤਾ ਪਾਇਆ। ਪਰ ਅੱਗੋਂ ਪ੍ਰਾਹੁਣੇ ਨੇ ਫੈਸਲਾ ਇਹ ਸੁਣਾਇਆ ਕਿ ਮਾਤਾ ਨਾਲ ਚੱਲੀ ਜਾਵੇਗੀ ਅਤੇ ਜਿੰਨਾਂ ਚਿਰ ਧਰਨਾ ਚੱਲਿਆ ਛੋਟੀ ਬੱਚੀ ਨੂੰ ਮਾਤਾ ਸਾਂਭ ਲਵੇਗੀ।

ਰਾਜਧਾਨੀ ਵਿਚ ਮੁੱਖ ਮੰਤਰੀ ਦੀ ਕੋਠੀ ਕੋਲ਼ ਪੂਰੇ ਸੂਬੇ ਵਿਚੋਂ ਪਹੁੰਚੇ ਹਜ਼ਾਰਾਂ ਹੀ ਕੱਚੇ ਮੁਲਾਜ਼ਮਾਂ ਦਾ ਇਕਠ। ਰਾਜਵੀਰ ਆਪਣੀ ਮਾਤਾ ਨੂੰ ਇਕ ਰੁੱਖ ਹੇਠ ਬਿਠਾ ਕੇ ਧਰਨੇ ਵਿਚ ਅਲੋਪ ਹੋ ਗਈ। ।ਜੋਸ਼ੀਲੀਆਂ ਤਕਰੀਰਾਂ।ਸੂਬਾ ਸਰਕਾਰ ਮੁਰਦਾਬਾਦ ਦੇ ਨਾਅਰੇ। ਮਾਹੌਲ ਪੂਰੀ ਤਰ੍ਹਾਂ ਗਰਮਾ ਗਿਆ। ਸੰਘਰਸ਼ਕਾਰੀ ਕੋਠੀ ਵੱਲ ਵਧਣ ਲੱਗੇ। ਉਹ ਸੁਰੱਖਿਆ ਲਈ ਲਾਏ ਬੈਰੀਗੇਡਾਂ ਨੂੰ ਉਖਾੜਨ ਲੱਗੇ। ਸੁਰੱਖਿਆ ਦਸਤਿਆਂ ਨੇ ਵੇਖਦੇ ਹੀ ਵੇਖਦੇ ਲਾਠੀਚਾਰਜ ਕਰ ਦਿਤਾ। ਹਾਹਾਕਾਰ ਮੱਚ ਗਈ। ਮਿੰਟਾਂ ਵਿਚ ਹੀ ਸਿਰ ਫਟ ਗਏ ਧਰਤੀ ਰੱਤਰੰਗੀ ਹੋ ਗਈ। ਪਰ੍ਹਾਂ ਕੁੱਛੜ ਵਿਚ ਛੋਟੀ ਬੱਚੀ ਨੂੰ ਸਾਂਭੀ ਬੈਠੀ ਰਾਜਵੀਰ ਦੀ ਮਾਂ ਦੀਆ ਅੱਖਾਂ ਇਕਠ ਵਿਚੋਂ ਆਪਣੀ ਧੀ ਨੂੰ ਲੱਭਣ ਲੱਗੀਆਂ। ਉਸਨੂੰ ਰਾਜਵੀਰ ਨਜ਼ਰ ਨਾ ਆਈ। ਅਚਾਨਕ ਹੀ ਸਿਰ ਵਿਚੋਂ ਵਗਦੀਆਂ ਲਹੂ ਦੀਆ ਧਰਾਲਾਂ ਕਾਰਨ ਲਿਬੜੇ ਚਿਹਰੇ ਨਾਲ ਰਾਜਵੀਰ ਆਪਣੀ ਮਾਂ ਕੋਲ ਆਈ। ਉਸਨੇ ਮਾਂ ਦੀ ਕੁੱਛੜ ਵਿਚੋਂ ਆਪਣੀ ਨਿੱਕੀ ਧੀ ਨੂੰ ਮਾਂ ਤੋਂ ਫੜਿਆ ਅਤੇ ਆਪਣੇ ਸੀਨੇ ਨਾਲ ਘੁੱਟ ਲਿਆ। ਨਿੱਕੀ ਕੁੜੀ ਨੇ ਗਹੁ ਨਾਲ ਵੇਖਿਆ। ਉਸਨੇ ਆਪਣੀ ਮਾਂ ਨੂੰ ਖ਼ੂਨ ਨਾਲ ਲੱਥਪੱਥ ਚਿਹਰੇ ਦੇ ਬਾਵਜ਼ੂਦ ਪਛਾਣ ਲਿਆ ਸੀ। ਰਾਜਵੀਰ ਆਪਣੀ ਧੀ ਨੂੰ ਚੂਮਣ ਲੱਗੀ। ਮਾਂ ਦੇ ਸਿਰ ਵਿਚੋਂ ਵਗਦਾ ਲਹੂ ਨਿੱਕੀ ਬੱਚੀ ਦੇ ਮੱਥੇ ਤੇ ਲੱਗ ਗਿਆ। ਏਨੇ ਨੂੰ ਰਾਜਵੀਰ ਦੇ ਸਾਥੀ ਆਏ ਅਤੇ ਉਸਦੇ ਹੱਥੋਂ ਬਾਲੜੀ ਨੂੰ ਫੜ ਕੇ ਮੁੜ ਉਸਦੀ ਮਾਂ ਨੂੰ ਫੜਾ ਦਿਤਾ ਅਤੇ ਉਸਨੂੰ ਹਸਪਤਾਲ ਵੱਲ ਨੂੰ ਲੈ ਤੁਰੇ। ਆਪਣੀ ਨਾਨੀ ਦੀ ਕੁਛੜ ਵਿਚੋਂ ਨੰਨ੍ਹੀ ਬਾਲੜੀ ਆਪਣੇ ਸਾਥੀਆ ਨਾਲ ਤੁਰੀ ਜਾਂਦੀ ਆਪਣੀ ਮਾਂ ਵੱਲ ਵੇਖ ਕੇ ਮੁਸਕਰਾ ਰਹੀ ਸੀ। ਉਸਦੇ ਮੱਥੇ ਤੇ ਲੱਗਿਆ ਲਹੂ ਚਮਕ ਰਿਹਾ ਸੀ।

—o—

**ਸਰਪਰਾਈਜ਼ ਗਿਫ਼ਟ/ਕੰਵਲਜੀਤ ਕੌਰ ਜੁਨੇਜਾ**

ਅੱਜ ਉਸ ਦੇ ਵਿਆਹ ਦੀ ਨੌਂਵੀਂ ਸਾਲਗਿਰ੍ਹਾ ਸੀ, ਕਿੰਨੀ ਵਾਰ ਤਾਂ ਉਹ ਕੈਲੰਡਰ ਵੇਖ ਚੁੱਕੀ ਸੀ। ਉਸ ਨੂੰ ਬੜੀ ਬੇਸਬਰੀ ਨਾਲ ਗਿਫ਼ਟ ਦੀ ਉਡੀਕ ਸੀ, ਕਦੇ ਸੋਚੇ ਸੂਟ ਹੋਵੇਗਾ ਕਦੇ ਸੋਚੇ ਸੂਟ ਨਹੀਂ, ਸਾੜ੍ਹੀ ਹੋਵੇਗੀ। ਮਨ ਹੀ ਮਨ ਉਹ ਆਪਣੇ ਆਪ ਨੂੰ ਹਰ ਪੁਸ਼ਾਕ ਵਿੱਚ ਸਜੀ ਵੇਖਦੀ ਰਹੀ, ਦਰਅਸਲ ਇੰਨੀ ਖੁਸ਼ ਉਹ ਇਸ ਲਈ ਸੀ ਕਿ ਗਿਫ਼ਟ ਉਹਨੂੰ ਪਹਿਲੀ ਵਾਰ ਮਿਲ ਰਿਹਾ ਸੀ, ਸਾਲਗਿਰਹਾ ਤਾਂ ਪਹਿਲੇ ਵੀ ਬਹੁਤ ਵਾਰੀ ਆਈ ਪਰ ਉਹਦੇ ਪਤੀ ਨੇ ਗਿਫ਼ਟ ਤਾਂ ਕਿ ਉਹਨੂੰ ਵਧਾਈ ਤਕ ਨਹੀਂ ਸੀ ਕਦੀ ਦਿੱਤੀ। ਉਹ ਹਰ ਸਾਲ ਹੀ ਆਪਣੀ ਕਿਸਮਤ ਨੂੰ ਕੋਸਦੀ ਰਹਿੰਦੀ।

ਕੱਲ੍ਹ ਉਸ ਦੀ ਬੇਟੀ ਨੇ ਕਿਹਾ ਸੀ ,' ਮੰਮੀ ! ਪਾਪਾ ਤੁਹਾਨੂੰ ਬਹੁਤ ਵਧੀਆ ਗਿਫ਼ਟ ਦੇਣਗੇ। ਉਹਨੇ ਪਾਪਾ ਨੂੰ ਇਹ ਕਹਿੰਦੇ ਸੁਣਿਆ ਸੀ, ਯਾਰ ਪੌਲੀਥੀਨ 'ਚ ਚੰਗੀ ਤਰ੍ਹਾਂ ਪੈਕ ਕਰਕੇ ਦੇਈਂ ਤੇ ਨਾਲੇ ਮੈਨੂੰ ਦੇਖ ਕੇ ਹੌਲੀ ਹੌਲੀ ਗੱਲ ਕਰਨ ਲੱਗ ਪਏ ਸੀ ,ਤਾਂ ਹੀ ਤਾਂ ਉਹਨੂੰ ਪਤਾ ਲੱਗਿਆ।'

ਉਸਨੇ ਸੋਚਿਆ 'ਹੱਥ ਨਹੀਂ ਪੈਂਦਾ ਹੋਣਾ ਤਾਂ ਹੀ ਵਿਚਾਰੇ ਕਦੇ ਕੁਝ ਨਹੀਂ ਦੇ ਸਕੇ ,ਰਸਮੀ ਮੁਬਾਰਕਬਾਦ ਕਹਿੰਦੇ ਵੀ ਸ਼ਰਮ ਆਉਂਦੀ ਹੋਣੀ ਐਂ। ਮੈਂ ਖਾਹ-ਮਖਾਹ ਗੁੱਸੇ ਹੋ ਜਾਂਦੀ ਹਾਂ, ਹੁਣ ਤਾਂ ਮੈਂ ਆਪਣੀਆਂ ਸਹੇਲੀਆਂ ਨੂੰ ਕਹਾਂਗੀ ਮੇਰੇ ਹਸਬੈਂਡ ਨੇ ਮੈਨੂੰ ਸਰਪ੍ਰਾਈਜ਼ ਗਿਫਟ ਦਿੱਤੈ ਜਿੱਦਾਂ ਮੈਂ ਈਰਖਾ ਭਰੀਆਂ ਨਜ਼ਰਾਂ ਨਾਲ ਉਨ੍ਹਾਂ ਨੂੰ ਤੱਕਦੀ ਹਾਂ ਹੁਣ ਏਦਾਂ ਹੀ ਉਹ ਮੈਨੂੰ ਤਕਣਗੀਆ।'

ਦੁਪਹਿਰ ਵੀ ਲੰਘ ਗਈ , ਪਤੀ ਦੇਵ ਨਹਾ ਧੋ ਕੇ ਆਰਾਮ ਕਰਨ ਲਈ ਗਏ, ਹੁਣ ਸੋਚੇ 'ਮੈਂ ਕਾਹਲੀ ਕਿਉਂ ਹੋ ਰਹੀ ਆਂ ਸ਼ਾਮ ਨੂੰ ਦੇ ਦੇਣਗੇ , ਸਿੱਧੇ ਹੀ ਗਿਫ਼ਟ ਫੜਾ ਦਿਓ ਤਾਂ ਉਹ ਉਤਸੁਕਤਾ ਨਹੀਂ ਰਹਿੰਦੀ।' ਇੰਨੇ 'ਚ ਕਿਸੇ ਨੇ ਬੂਹਾ

ਖੜਕਾਇਆ।

ਉਸ ਨੇ ਬੂਹਾ ਖੋਲ੍ਹਿਆ, ਇੱਕ ਆਦਮੀ ਖੜ੍ਹਾ ਸੀ। ਉਸ ਦੇ ਹੱਥ ਵਿੱਚ ਇੱਕ ਥੈਲਾ ਸੀ, ਉਸ ਨੇ ਅੰਦਰ ਆਉਣ ਲਈ ਕਿਹਾ ਤਾਂ ਉਹ ਬੋਲਿਆ, 'ਮੈਨੂੰ ਜ਼ਰੂਰੀ ਕੰਮ ਹੈ ਇਹ ਥੈਲਾ ਸਾਹਬ ਨੂੰ ਜਰਾ ਸੰਭਾਲ ਕੇ ਦੇ ਦੇਣਾ' , ਉਹ ਸਮਝ ਗਈ ਇਹੀ ਗਿਫ਼ਟ ਹੈ ਤੇ ਹੋਰ ਤੀਬਰਤਾ ਨਾਲ ਪਤੀ ਦੇ ਉੱਠਣ ਦਾ ਇੰਤਜ਼ਾਰ ਕਰਨ ਲੱਗੀ ਪਰ ਉਸ ਤੋਂ ਜਿਆਦਾ ਦੇਰ ਰਿਹਾ ਨਾ ਗਿਆ ਪਤੀ ਨੂੰ ਦੇਣ ਤੋਂ ਪਹਿਲਾਂ ਹੀ ਉਸ ਨੇ ਥੈਲਾ ਖੋਲ੍ਹ ਕੇ ਵੇਖਿਆ, ਪੌਲੀਥੀਨ ਵਿੱਚ ਸ਼ਰਾਬ ਦੀਆਂ ਦੋ ਬੋਤਲਾਂ ਸਨ ਤੇ ਨਾਲ ਇੱਕ ਚਿੱਠੀ ਸੀ ਜਿਹਦੇ 'ਚ ਲਿਖਿਆ ਸੀ ਭਾਬੀ ਨੂੰ ਦੋ ਹੋਰ ਬੰਦਿਆਂ ਦਾ ਖਾਣਾ ਬਣਾਉਣ ਲਈ ਕਹਿ ਦੇਈਂ।

ਸਵੇਰ ਤੋਂ ਹਲਚਲ ਨਾਲ ਭਰੇ ਪੈਰ ਲੜਖੜਾਉਂਦੇ ਹੋਏ ਰਸੋਈ 'ਚ ਜਾ ਵੜੇ, ਸਾਹਮਣੇ ਕਮਰੇ 'ਚ ਲਟਕੇ ਕੈਲੰਡਰ ਦੀ ਬੜੇ ਦਿਨਾਂ ਤੋਂ ਇੰਤਜ਼ਾਰ ਕੀਤੀ ਜਾ ਰਹੀ ਤਰੀਕ ਉਸ ਨੂੰ ਘੂਰ ਘੂਰ ਕੇ ਤੱਕ ਰਹੀ ਸੀ।

—o—

**ਤੂੰ ਦੱਸਿਆ ਈ ਨ੍ਹੀਂ /ਕੈਲਾਸ਼ ਠਾਕੁਰ**

"ਸ਼ੈਰੀ! ਮੈਨੂੰ ਤਾਂ ਬਹੁਤ ਡਰ ਲੱਗ ਰਿਹਾ ਹੈ। ਪਤਾ ਨਹੀਂ,ਤੁਹਾਡੇ ਮੰਮੀ ਦੀ ਮੇਰੇ ਬਾਰੇ ਕੀ ਰਾਏ ਹੋਵੇ?" ਰੂਬੀ ਨੇ ਸ਼ੈਰੀ ਨੂੰ ਕਿਹਾ।

"ਤੂੰ ਤਾਂ ਐਂਵੇ ਹੀ ਡਰੀ ਜਾਂਦੀ ਏਂ। ਮੰਮੀ ਨੂੰ ਮੇਰੇ ਤੇ ਮੇਰੀ ਪਸੰਦ ਤੇ ਪੂਰਾ ਭਰੋਸਾ ਹੈ। ਜਦੋਂ ਤੇਰੀ ਫੋਟੋ ਮੰਮੀ ਨੂੰ ਵਿਖਾਈ ਸੀ ਤਾਂ ਦੇਖਦੇ ਹੀ ਮੰਮੀ ਬੋਲੀ ਸੀ, ਬਿਲਕੁੱਲ ਚੰਨ ਦਾ ਟੁਕੜਾ ਏ। ਮੈਨੂੰ ਜਿਹੋ ਜਿਹੀ ਬਹੂ ਦੀ ਹੀ ਤਲਾਸ਼ ਸੀ,ਬਿਲਕੁੱਲ ਵੈਸੀ ਹੈ। ਫਿਰ ਮੰਮੀ ਪੜ੍ਹੇ-ਲਿਖੇ ਤੇ ਅਗਾਂਹ ਵਧੂ ਵਿਚਾਰਾਂ ਵਾਲੇ ਨੇ। ਬੱਸ ਤੂੰ ਨਾਰਮਲ ਹੋ ਜਾਹ, ਮੰਮੀ ਆਉਂਦੇ ਹੀ ਹੋਣੇ ਨੇ।" ਸ਼ੈਰੀ ਨੇ ਰੂਬੀ ਨੂੰ ਹੌਂਸਲਾ ਦਿੰਦੇ ਕਿਹਾ।

ਸ਼ੈਰੀ ਦੀ ਕੋਠੀ ਦੇ ਡਰਾਇੰਗ ਰੂਮ ਵਿੱਚ ਬੈਠੇ ਉਹ ਦੋਵੇਂ ਗੱਲਾਂ ਕਰ ਹੀ ਰਹੇ ਸੀ ਕਿ ਸ਼ੈਰੀ ਦੇ ਮੰਮੀ ਆ ਗਏ। ਆਦਰ ਸਹਿਤ ਰੂਬੀ ਨੇ ਉੱਠ ਕੇ ਹੱਥ ਜੋੜ ਕੇ ਸਿਰ ਨਿਵਾਇਆ। ਰੂਬੀ ਨੂੰ ਕਲਾਵੇ ਵਿੱਚ ਲੈਂਦੇ ਸ਼ੈਰੀ ਦੀ ਮੰਮੀ ਨੇ ਕਿਹਾ,"ਤੂੰ ਤਾਂ ਫੋਟੋ ਤੋਂ ਵੱਧ ਸੋਹਣੀ ਤੇ ਸੁਚੱਜੀ ਮੁਟਿਆਰ ਏਂ। ਸ਼ੈਰੀ ਨੇ ਮੈਨੂੰ ਦੱਸਿਆ ਹੈ ਕਿ ਤੂੰ ਤੇ ਸ਼ੈਰੀ ਨੇ ਇੱਕੋ ਕਾਲਜ ਤੋਂ ਬੀ ਟੈਕ ਕੀਤੀ ਹੈ ਤੇ ਹੁਣ ਇੱਕੋ ਕੰਪਨੀ ਵਿੱਚ ਨੌਕਰੀ ਕਰਦੇ ਹੋ। ਚਲੋ ਚੰਗਾ ਹੈ, ਦੋਨਾਂ ਨੇ ਇੱਕ ਦੂਜੇ ਨੂੰ ਚੰਗੀ ਤਰ੍ਹਾ ਜਾਣ ਲਿਆ ਹੋਣੈਂ।"

ਰੂਬੀ ਨੇ ਸ਼ਰਮਾਉਂਦਿਆਂ ਹਾਂ ਵਿੱਚ ਸਿਰ ਹਿਲਾਇਆ। ਨੌਕਰਾਣੀ ਚਾਹ ਦੇ ਗਈ ਤੇ ਚਾਹ ਦੀਆਂ ਚੁਸਕੀਆਂ ਲੈਂਦੇ ਹੋਏ ਸ਼ੈਰੀ ਦੀ ਮੰਮੀ ਨੇ ਕਿਹਾ,"ਸ਼ੈਰੀ ਮੇਰਾ ਇਕਲੌਤਾ ਬੇਟਾ ਹੈ। ਮਾਨ ਸਾਹਿਬ (ਸ਼ੈਰੀ ਦੇ ਪਿਤਾ) ਚੰਗੇ ਅਹੁਦੇ ਤੇ ਸਨ। ਬਹੁਤ ਜਮੀਨ ਜਾਇਦਾਦ ਛੱਡ ਗਏ ਹਨ। ਮੈਂ ਤਾਂ ਉਹਨਾਂ ਦੇ ਤੁਰ ਜਾਣ ਤੋਂ ਬਾਅਦ 'ਲੋਕ ਭਲਾਈ' ਸਮਾਜ ਸੇਵੀ ਸੰਸਥਾ ਨਾਲ ਜੁੜ ਕੇ ਸਮਾਜ ਸੇਵਾ ਕਰ ਰਹੀ ਹਾਂ।"

ਰੂਬੀ ਇੱਕ ਦਮ ਬੋਲੀ,"ਵਾਹ ਅੰਟੀ! ਮੇਰੇ ਮੰਮੀ ਪਾਪਾ ਵੀ ਇੱਕ ਸਮਾਜ ਸੇਵੀ ਸੰਸਥਾ 'ਏਕ ਨੂਰ' ਚਲਾ ਰਹੇ ਹਨ।"

"ਅੱਛਾ----ਕੀ ਨਾਂ ਹੈ ਤੁਹਾਡੇ ਮੰਮੀ ਪਾਪਾ ਦਾ ਹੈ?" ਸ਼ੈਰੀ ਦੀ ਮੰਮੀ ਨੇ ਪੁੱਛਿਆ।

"ਜੀ----ਮੇਰੇ ਪਿਤਾ ਡਾਕਟਰ ਅਸਲਮ ਖਾਨ ਤੇ ਮਾਤਾ ਡਾਕਟਰ ਗੁਰਮੀਤ ਕੌਰ ਹਨ।" ਰੂਬੀ ਨੇ ਮਾਣ ਨਾਲ ਕਿਹਾ।

"ਹੈਂ---ਕਹਿੰਦਿਆਂ ਉਹਨਾਂ ਦੇ ਹੱਥ ਵਿੱਚ ਫੜਿਆ ਚਾਹ ਦਾ ਕੱਪ ਥਰਥਰਾਉਣ ਲੱਗਿਆ ਤੇ ਉਸ ਨੇ ਆਪਣੇ ਆਪ ਨੂੰ ਸੰਭਾਲਦਿਆਂ ਮਰੀ ਆਵਾਜ ਵਿੱਚ ਕਿਹਾ, ਸ਼ੈਰੀ ! ਇਹ ਤਾ ਤੂੰ ਦੱਸਿਆ ਹੀ ਨ੍ਹੀ ਕਿ-----।"

—o—

**ਜੀ. ਬੀ.ਰੋਡ/ਗੋਬਿੰਦਰ ਸਿੰਘ ਢੀਂਡਸਾ**

ਪੰਝੀ ਸਾਲਾਂ ਵਿੱਚ ਰੁਪਿੰਦਰ ਪਹਿਲੀ ਵਾਰ ਦਿੱਲੀ ਆਇਆ। ਬੱਸ ਵਿੱਚ ਬੈਠਿਆਂ ਸੜਕ ਦੇ ਆਲੇ ਦੁਆਲੇ ਗਗਨ ਚੁੰਭੀਆਂ ਇਮਾਰਤਾਂ ਵੇਖ ਕੇ ਦੰਗ ਰਹਿ ਗਿਆ। ਬੱਸ ਅੱਡੇ 'ਤੇ ਉਤਰਦਿਆਂ ਸਿੱਧਾ ਆਪਣੇ ਟਿਕਾਣੇ ਵੱਲ ਵਧਿਆ। ਹੋਟਲ ਦੇ ਕਮਰੇ 'ਚ ਵੜਦਿਆਂ ਥਕਾਵਟ ਦੇ ਟੁੱਟੇ ਨੂੰ ਪਤਾ ਹੀ ਨਹੀਂ ਚੱਲਿਆ ਕਿ ਕਦੋਂ ਅੱਖ ਲੱਗ ਗਈ। ਅੱਖ ਖੁੱਲ੍ਹੀ ਤਾਂ ਮੋਬਾਇਲ ਤੇ ਰਾਤ ਦੇ ਨੌਂ ਵੱਜੇ ਸਨ। ਖਾਣ—ਪੀਣ ਅਤੇ ਸ਼ਹਿਰ ਦੀ ਰੌਣਕ ਮਾਣਨ ਲਈ ਨਹਾ-ਧੋ ਕੇ ਉਹ ਬਾਹਰ ਸੜਕਾਂ ਤੇ ਘੁੰਮਣ ਲੱਗਾ।

ਬਜ਼ਾਰਾਂ ਦੀ ਰੌਣਕ ਤੇ ਨਾ ਸੌਣ ਵਾਲੀ ਦਿੱਲੀ ਉਸ ਨੂੰ ਆਕਰਸ਼ਿਤ ਕਰ ਰਹੀ ਸੀ। ਖਾਂਦੇ ਪੀਂਦੇ, ਘੁੰਮਦੇ-ਘਮਾਉਂਦਿਆਂ ਉਸ ਦਾ ਚੇਤਾ ਜੀ.ਬੀ. ਰੋਡ ਵੱਲ ਚਲਿਆ ਗਿਆ, ਜਿਸ ਦਾ ਜ਼ਿਕਰ ਉਸਨੇ ਆਪਣੇ ਮਿੱਤਰਾਂ ਦੀ ਜੁੰਡਲੀ ਵਿੱਚ ਸੁਣਿਆ

ਹੋਇਆ ਸੀ। ਪਿੱਛੋਂ ਆਉਂਦੇ ਰਿਕਸ਼ੇ ਨੂੰ ਹੱਥ ਦਿੰਦਿਆਂ ਝਿਜਕ ਜਿਹੀ ਨਾਲ ਪੁੱਛਿਆ "ਜੀ.ਬੀ.ਰੋਡ ਕਹਾਂ ਕੋ ਹੈ?"

"ਪਾਸ ਈ ਹੈ, ਆਪ ਬੈਠੀਏ" ਰਿਕਸ਼ੇ ਵਾਲੇ ਨੇ ਰੁਪਿੰਦਰ ਨੂੰ ਬੈਠਣ ਦਾ ਇਸ਼ਾਰਾ ਕਰਦਿਆਂ ਕਿਹਾ।

ਚਿਹਰੇ ਤੇ ਹਲਕੀ ਮੁਸਕਰਾਹਟ, ਗੱਲਾਂ ਤੇ ਲਾਲੀ ਲੈ ਕੇ ਉਹ ਰਿਕਸ਼ੇ ਉੱਪਰ ਬੈਠ ਗਿਆ।ਸੜਕਾਂ ਤੋਂ ਹੁੰਦਾ ਹੋਇਆ ਰਿਕਸ਼ਾ ਤੰਗ ਗਲੀਆਂ ਵਿੱਚੋਂ ਗੁਜ਼ਰ ਰਿਹਾ ਸੀ ਤੇ ਰਿਕਸ਼ੇ ਚਾਲਕ ਦੀਆਂ ਗੱਲਾਂ ਤੋਂ ਜਾਪ ਰਿਹਾ ਸੀ ਕਿ ਜਿਵੇਂ ਉਸਨੂੰ ਸਵੇਰ ਤੋਂ ਕੋਈ ਸਵਾਰੀ ਨਾ ਮਿਲੀ ਹੋਵੇ ਤੇ ਰੁਪਿੰਦਰ ਦੇ ਬੈਠਣ ਨਾਲ ਉਸਦੀ ਇੱਕ ਵਖ਼ਤ ਦੀ ਰੋਟੀ ਦਾ ਜੁਗਾੜ ਹੋ ਗਿਆ ਹੋਵੇ।

ਅਖੀਰ ਰਿਕਸ਼ੇ ਵਾਲੇ ਨੇ ਇੱਕ ਤੰਗ ਗਲੀ ਦੇ ਕੋਨੇ ਤੇ ਇੱਕ ਤੰਗ ਕਮਰੇ ਵਰਗੇ ਘਰ ਤੇ ਬੂਹੇ ਅੱਗੇ ਜਾ ਰਿਕਸ਼ਾ ਰੋਕ ਦਿੱਤਾ।

"ਜਹੀ ਜੀ.ਬੀ. ਰੋਡ ਹੈ?" ਰੁਪਿੰਦਰ ਨੇ ਰਿਕਸ਼ੇ ਵਿੱਚੋਂ ਉੱਤਰਦਿਆਂ ਪੁੱਛਿਆ।

"ਨਹੀਂ ਬਾਬੂ ਜੀ, ਮੇਰਾ ਗਰ ਹੈ, ਦੋ ਪੈਸੇ ਕਮ ਦੇ ਦੇਨਾ, ਆਪ ਜਹੀਂ ਕਰ ਲੀਜੀਏ ਜੋ ਵਹਾਂ ਕਰਨਾ ਥਾ" ਰਗਾਂ ਵਿੱਚ ਦੌੜਦੇ ਲਹੂ ਨੂੰ ਪਾਣੀ ਕਰ ਦੇਣ ਵਾਲੇ ਮਜ਼ਬੂਰੀ ਭਿੱਜੇ ਰਿਕਸ਼ੇ ਵਾਲੇ ਦੇ ਸ਼ਬਦਾਂ ਨੂੰ ਸੁਣਦਿਆਂ ਰੁਪਿੰਦਰ ਦੇ ਬੁੱਲ੍ਹਾਂ ਤੇ ਸਿੱਕਰੀ ਜੰਮ ਗਈ।

ਉਹ ਬਿਨ੍ਹਾਂ ਕੁਝ ਬੋਲੇ ਪੰਜ ਸੌ ਦਾ ਨੋਟ ਰਿਕਸ਼ੇ ਵਾਲੇ ਦੇ ਹੱਥ ਤੇ ਧਰਦਿਆਂ ਓਨੀ ਪੈਰੀਂ ਹੀ ਦਿੱਲੀ ਦੀਆਂ ਤੰਗ ਗਲੀਆਂ ਚੋਂ ਕਾਹਲੀ ਨਾਲ ਵਾਪਸੀ ਦੇ ਕਦਮ ਪੁੱਟਣ ਲੱਗਾ।

—o—

**ਭੁੱਖੀ ਸ਼ੇਰਨੀ /ਨਰਿੰਦਰ ਬਰਗਾੜੀ**

"ਭਵੇਂ ਵੱਡੀ ਉਮਰ ਦੀ ਐ, ਪਰ ਸਰੀਰ ਮੱਖਣ ਵਰਗਾ ਐ।"

"ਸੰਗਮਰਮਰ ਦੀ ਮੂਰਤੀ ਜਾਪਦੀ ਐ।"

"ਪਰ ਹੈ ਭੁੱਖੀ ਸ਼ੇਰਨੀ! ਬੰਦੇ ਨੂੰ ਨਿੰਬੂ ਵਾਂਗ ਨਿਚੋੜ ਕੇ ਸੁੱਟਦੀ ਐ।"

"ਨਰੋਏ ਮੁੰਡੇ ਭਾਲਦੀ ਹੈ।"

ਸਾਹਮਣੇ ਮਕਾਨ ਵਿਚਲੀ ਔਰਤ ਬਾਰੇ ਉਹ ਲੋਕਾਂ ਤੋਂ ਰੋਜ ਹੀ ਸੁਣਦਾ ਸੀ। ਉਹ ਯਾਨੀ ਇਕ ਅੱਲ੍ਹੜ ਮੁੰਡਾ, ਜਵਾਨੀ ਦੀ ਦਹਿਲੀਜ਼ 'ਤੇ ਕਦਮ ਰੱਖ ਰਿਹਾ। ਉਹਦਾ ਜੀਅ ਕਰਦਾ ਕਿ ਉਹ ਵੀ ਉਸ ਕੋਲ ਜਾਵੇ।

ਘਰਦਿਆਂ ਤੋਂ ਕਿਤਾਬ ਖਰੀਦਣ ਦੇ ਬਹਾਨੇ ਵੀਹ ਰੁਪਏ ਦਾ ਨੋਟ ਲੈ ਕੇ ਉਸਦੇ ਕਦਮ ਉਸ ਮਕਾਨ ਵੱਲ ਵਧ ਤੁਰੇ।ਮਕਾਨ ਅੰਦਰ ਪਹੁੰਚ ਕੇ ਜਦ ਉਸਨੇ ਔਰਤ ਦਾ ਦਗਦਾ ਚਿਹਰਾ ਦੇਖਿਆ ਤਾਂ ਉਸਦੀਆਂ ਅੱਖਾਂ ਝੁਕ ਗਈਆਂ।

" ਕਿਵੇਂ ਆਇਐਂ!" ਔਰਤ ਨੇ ਸਵਾਲ ਕੀਤਾ ਤਾਂ ਉਹਨੇ ਝਿਜਕਦਿਆਂ ਵੀਹ ਰੁਪਏ ਦਾ ਨੋਟ ਅੱਗੇ ਕਰ ਦਿੱਤਾ।

"ਇੱਧਰ ਮੇਰੇ ਨਾਲ ਅੱਖਾਂ ਮਿਲਾ ਕੇ ਗੱਲ ਕਰ। ਘਰੋਂ ਚੋਰੀ ਕੀਤੇ ਐ ਕਿ ਕਿਤਾਬ ਵਾਸਤੇ ਲਿਆਂਦੇ ਨੇ?"

ਸਖਤ ਆਵਾਜ ਵਿੱਚ ਔਰਤ ਦਾ ਸਵਾਲ ਸੁਣ ਉਸ ਦੇ ਹੋਸ਼ ਗੁੰਮ ਹੋ ਗਏ।ਉਹ ਅੱਖਾਂ ਝੁਕਾਈ ਪੱਥਰ ਦਾ ਬਣਿਆ ਖੜ੍ਹਾ ਰਿਹਾ।

ਉਹ ਅੱਗੇ ਵਧੀ ਤੇ ਨੋਟ ਉਸਦੀ ਜੇਬ ਵਿੱਚ ਪਾਉਂਦਿਆਂ ਉਸਨੂੰ ਆਪਣੀ ਛਾਤੀ ਨਾਲ ਲਾ ਲਿਆ। ਕੁੱਝ ਚਿਰ ਉਹ ਇੰਜ ਹੀ ਖੜ੍ਹੀ ਰਹੀ ਤੇ ਫਿਰ ਭਾਰੀ ਆਵਾਜ ਵਿੱਚ ਬੋਲੀ, "ਪੁੱਤਰ ਇਹਨਾਂ ਰੁਪਿਆਂ ਦੀ ਕਿਤਾਬ ਹੀ ਖਰੀਦੀਂ ਤੇ ਇਹ ਪੈਸੇ ਲੈ ਕੇ ਫਿਰ ਕਦੇ ਇਥੇ ਨਾ ਆਈਂ...।"

ਉਸਨੂੰ ਲੱਗਾ ਜਿਵੇਂ ਕੋਸੇ ਪਾਣੀ ਦੀਆਂ ਦੋ ਬੂੰਦਾਂ ਉਸਦੇ ਸਿਰ ਤੋਂ ਹੁੰਦੀਆਂ ਹੋਈਆਂ ਉਸਦੇ ਕੰਨਾਂ ਤਕ ਆ ਗਈਆਂ ਸਨ।

—o—

**ਮੈਂ ਵੀ ਹਾਂ..../ ਮਨਜੀਤ ਕੌਰ ਧੀਮਾਨ**

"ਸਰਬਜੀਤ....!......! ਸਰਬਜੀਤ.....! ਇੱਧਰ ਆ ਜਰਾ।" ਹਰਜੀਤ ਨੇ ਪਤਨੀ ਨੂੰ ਗੁੱਸੇ ਵਿੱਚ ਆਵਾਜ ਮਾਰੀ।

"ਹਾਂ ਜੀ, ਦਸੋ! ਕੀ ਹੋ ਗਿਆ?" ਸਰਬਜੀਤ ਰਸੋਈ ਵਿੱਚੋਂ ਹੱਥ ਸਾਫ਼ ਕਰਦਿਆਂ ਬਾਹਰ ਆਈ।

"ਤੈਨੂੰ ਕਿੰਨੀ ਵਾਰ ਕਿਹਾ ਕਿ ਮੈਨੂੰ ਆਲੂ-ਮਟਰ ਦੀ ਸਬਜੀ ਬਿਲਕੁੱਲ ਪਸੰਦ ਨਹੀਂ ਹੈ।" ਹਰਜੀਤ ਉਸੇ ਤਰ੍ਹਾਂ ਗੁੱਸੇ ਵਿੱਚ ਬੋਲਿਆ।

"ਹਾਂਜੀ, ਪਤੈ ਮੈਨੂੰ!" ਸਰਬਜੀਤ ਨੇ ਆਰਾਮ ਨਾਲ ਕਿਹਾ।

"ਕੀ ਸਵਾਹ ਪਤਾ ਤੈਨੂੰ? ਆਹ ਡੌਂਗੇ ਵਿੱਚ ਆਲੂ-ਮਟਰ ਦੀ ਸਬਜੀ ਪਾ ਕੇ ਰੱਖੀ ਹੋਈ ਹੈ।" ਮੇਜ ਤੇ ਪਏ ਡੌਂਗੇ ਵੱਲ ਇਸਾਰਾ ਕਰਦਿਆਂ ਹਰਜੀਤ ਅੱਗ ਵਾਂਗ ਭੜਕਿਆ।

"ਹਾਂ ਜੀ, ਮੈਂ ਹੀ ਰੱਖੀ ਹੈ ਆਲੂ-ਮਟਰ ਦੀ ਸਬਜੀ। ਪਰ ਉਹ ਤੁਹਾਡੇ ਲਈ ਨਹੀਂ ਰੱਖੀ ਹੈ।" ਹਰਜੀਤ ਹਜੇ ਵੀ ਨਿਮਰਤਾ

ਨਾਲ ਬੋਲੀ।

"ਮੇਰੇ ਲਈ ਨਹੀਂ ਰੱਖੀ? ਫੇਰ ਹੋਰ ਏਥੇ ਕੌਣ ਹੈ! ਜੀਹਦੇ ਲਈ ਰੱਖ ਕੇ ਗਈ ਹੈ?'' ਹਰਜੀਤ ਨੇ ਹੋਰ ਵੀ ਚਿੜਦਿਆਂ ਕਿਹਾ।

" 'ਮੈਂ' .... ਮੈਂ ਵੀ ਹਾਂ ਜੀ। ਇਹ ਸਬਜੀ ਮੇਰੇ ਲਈ ਹੈ। ਕਿਉਂਕਿ ਮੈਨੂੰ ਆਲੂ-ਮਟਰ ਬਹੁਤ ਪਸੰਦ ਹੈ। ਤੇ ਅੱਜ ਆਪਣੇ ਜਨਮ ਦਿਨ 'ਤੇ ਖਾਸ ਆਪਣੇ ਲਈ ਮੈਂ ਇਹ ਸਬਜੀ ਬਣਾਈ ਹੈ। ਤੁਹਾਡੇ ਲਈ ਦੂਸਰੇ ਡੌਂਗੇ ਵਿੱਚ ਪਨੀਰ ਦੀ ਸਬਜੀ ਹੈ। ਸਾਇਦ ਤੁਸੀਂ ਉਹ ਦੇਖੀ ਨਹੀਂ।'' ਕਹਿ ਕੇ ਸਰਬਜੀਤ ਆਪਣੀ ਚੁੰਨੀ ਸਵਾਰਦਿਆਂ ਰਸੋਈ ਵੱਲ ਤੁਰ ਗਈ ਤੇ ਹਰਜੀਤ ਦੀ ਜ਼ੁਬਾਨ ਜਿਵੇਂ ਤਾਲੂਏ ਨਾਲ ਲੱਗ ਗਈ ਸੀ।

**ਜਾਗ/ ਅਸ਼ਵਨੀ ਖੁਡਾਲ**

ਦੋ ਤਿੰਨ ਦਿਨਾਂ ਤੋਂ ਡੰਗਰਾਂ ਦਾ ਗੋਹਾ-ਕੂੜਾ ਕਰਨ ਵਾਲੀ ਸੀਤੋ ਕੰਮ ਕਰਨ ਨਹੀਂ ਆਈ ਸੀ। ਹਵੇਲੀ ਵਾਲੇ ਬਚਨ ਸਿੰਘ ਦੀ ਘਰਵਾਲੀ ਕਾਫੀ ਔਖੀ ਹੋਈ ਪਈ ਸੀ, "ਮੈਂ ਕਿਹਾ, ਜੀਤੋ ਦੇ ਬਾਪੂ, ਤੂੰ ਈ ਜਾ ਕੇ ਪਤਾ ਕਰਿਆ ..ਏਸ ਜਾਤ ਨੇ ਵੀ ਹੱਦ ਈ ਕਰਤੀ।"

ਉਹਦੇ ਵਾਰ-ਵਾਰ ਕਹਿਣ ਉੱਤੇ ਬਚਨ ਸਿੰਘ ਜਦੋਂ ਕੈਲੇ ਦੇ ਘਰ ਪਹੁੰਚਿਆ ਤਾਂ ਸੀਤੋ ਘਰ ਹੀ ਸੀ।

"ਕਿਉਂ ਬਈ ਕੈਲਿਆ! ਸੀਤੋ ਕਈ ਦਿਨਾਂ ਤੋਂ ਕੰਮ 'ਤੇ ਨਹੀਂ ਆਈ?"

"ਕੰਮ 'ਤੇ ਤਾਂ ਸਰਦਾਰਾ ਹੁਣ ਕੋਈ ਹਸਾਬ ਕਰਕੇ ਈ ਆਊ।" ਅੱਗੋਂ ਕੈਲੇ ਦੇ ਬੋਲਾਂ ਵਿਚ ਤਲਖੀ ਸੀ।

"ਹਿਸਾਬ ਕਾਹਦਾ ਓਏ? ਅਜੇ ਤਾਂ ਦਿੱਤੀ ਰਕਮ ਦਾ ਵਿਆਜ ਈ ਨੀ ਪੂਰਾ ਹੋਇਆ।"

"ਲੈ, ਅਜੇ ਵਿਆਜ ਈ ਰਹਿ ਗਿਆ..ਪੰਜ ਸਾਲ ਹੋਗੇ ਦੋ ਹਜਾਰ ਦੇ ਵਿਆਜ 'ਚ ਗੋਹਾ-ਕੂੜਾ ਕਰਦਿਆਂ ਨੂੰ। ਹੁਣ ਤਾਂ ਜੇ ਮਹਿਨੇ ਦੇ ਮਹੀਨੇ ਕੋਈ ਬੱਝਵੇਂ ਪੈਸੇ ਮਿਲਣਗੇ, ਤਾਂ ਈ ਸੀਤੋ ਕੰਮ 'ਤੇ ਆਊ।"

"ਅੱਛਾ, ਤਾਂ ਫੇਰ ਲੱਗੇ ਆਪਣੀ ਜਾਤ ਦਿਖਾਉਣ, ਹਿਸਾਬ ਤਾਂ ਭਾਈ ਪੰਚੈਤ ਈ ਕਰੂ ਫੇਰ।"

"ਪੰਚੈਤ ਵੀ ਤਾਂ ਸਰਦਾਰਾ ਤੇਰੀ ਓਈ ਐ ..ਪਹਿਲਾਂ ਕੇਹੜਾ ਪੰਚੈਤ ਦੇ ਕਰੇ ਹਸਾਬ ਨੀ ਦੇਖੇ..ਜੇ ਐਂ ਈ ਕਰਨੈ ਤਾਂ ਫੇਰ ਮੈਂ ਵੀ ਮਜਦੂਰ ਜੱਥੇਬੰਦੀ ਵਾਲਿਆਂ ਨੂੰ ਬੁਲਾ ਲੂੰ।"

"ਬੁਲਾ ਲੀਂ, ਬੁਲਾ ਲੀਂ ..ਦੇਖ ਲਾਂਗੇ।" ਕਹਿੰਦਾ ਬਚਨ ਸਿੰਘ ਮੁੜ ਘਰ ਨੂੰ ਚੱਲ ਪਿਆ। ਪਰ ਅੰਦਰੋਂ-ਅੰਦਰੀ ਸੋਚਦਾ ਜਾ ਰਿਹਾ ਸੀ, ਹੁਣ ਤਾਂ ਇਹਨਾਂ ਕੰਮੀਂ-ਕਮੀਨਾਂ ਦੇ ਵੀ ਖੰਭ ਲੱਗਗੇ, ਪੁਰਾਣਾ ਹਿਸਾਬ ਹੁਣ ਬਹੁਤਾ ਚਿਰ ਨਹੀਂ ਚੱਲਣਾ।

—o—

ਚਿੱਬੇ ਚਿੱਬੇ / ਪ੍ਰੋ. ਹਮਦਰਦਵੀਰ ਨੌਸ਼ਹਿਰਵੀ

ਸੜਕ ਦੇ ਰੇਲਵੇ ਫਾਟਕ ਉੱਤੇ ਬੈਠੇ ਭਿਖਾਰੀਆਂ ਨੂੰ ਉਹ ਖੀਰ ਵੰਡਦੀ ਜਾ ਰਹੀ ਸੀ। ਚਿੱਬੇ ਕੌਲੇ, ਵਿੰਗੀਆਂ ਟੇਢੀਆਂ ਥਾਲੀਆਂ ਦੀ ਲਾਈਨ। ਪਾਣੀ ਵਿਚ ਦੁੱਧ ਪਾ ਕੇ ਬਣਾਈ ਖੀਰ। ਸਿਲਵਰ ਦੇ ਪਤਲੇ ਤੇ ਲੰਮੇ ਸਾਰੇ ਵੱਡੇ ਡੱਬੇ ਵਿੱਚੋਂ ਹਰ ਇਕ ਲਈ ਇਕ ਇਕ ਨਿੱਕੀ ਜਿਹੀ ਕੜਛੀ ਭਰਦੀ ਸੀ ਤੇ ਅੱਗੇ ਪਏ ਕੌਲੇ ਜਾਂ ਕਰਮੰਡਲ ਵਿਚ ਪਲਟਾ ਦਿੰਦੀ ਸੀ। ਮੰਗਤੇ ਅਸੀਸਾਂ ਦੇ ਰਹੇ ਸਨ।

ਪਿੱਛੇ ਪਿਛੇ ਉਸ ਦੀ ਸਕੂਲ ਪੜਦੀ ਬੇਟੀ ਆ ਰਹੀ ਸੀ।

"ਮੰਮੀ, ਇਕ ਦੋ ਥਾਲੀਆਂ 'ਚ ਈ ਪਾ ਦਿਓ ।ਤੁਸੀਂ ਤਾਂ ਭੋਰਾ ਭੋਰਾ ਪਾਂਦੇ ਓ। ਇਸ ਨਾਲ ਇਨ੍ਹਾਂ ਦਾ ਕੀ ਬਣੇਗਾ?"

"ਬੇਟੇ, ਇਹ ਸਾਰੇ ਭੁੱਖੇ ਨੇ। ਸਾਰਿਆਂ ਨੂੰ ਕੁਝ ਮਿਲਣਾ ਚਾਹੀਦਾ ਹੈ।"

"ਮੰਮੀ, ਇਹ ਵਾਰੀ ਕਿਉਂ ਨਹੀਂ ਬੰਨ੍ਹ ਲੈਂਦੇ, ਜਿਵੇਂ ਰਿਕਸ਼ੇ, ਟੈਂਪੂ ਵਾਲੇ ਆਪਣੀ ਵਾਰੀ ਸਿਰ ਈ ਸਵਾਰੀ ਚੁੱਕਦੇ ਨੇ। ਇਕ ਭਰਿਆ ਤੇ ਤੁਰਿਆ, ਫੇਰ ਅਗਲੇ ਦੀ ਵਾਰੀ।"

"ਬੇਟੇ, ਇਨ੍ਹਾਂ ਦੀ ਕੋਈ ਯੂਨੀਅਨ ਥੋੜ੍ਹੀ ਏ? ਇਹ ਤਾਂ ਵਿਚਾਰੇ ।"

"ਵਿਚਾਰੇ ਅਪਾਹਜ! ਚਿਹਰੇ ਕਿਵੇਂ ਚਿੱਬ ਖੜਿੱਬੇ ਨੇ, ਵਿੰਗੇ ਟੇਢੇ। ਕਿਸੇ ਦੀ ਅੱਖ ਨਹੀਂ ਤੇ ਕਿਸੇ ਦੀ ਬਾਂਹ ਗਾਇਬ। ਕਿਸੇ ਦੀ ਲੱਤ ਹੈ ਨਹੀਂ ਤੇ ਕਿਸੇ ਦੇ ਚਿਹਰੇ ਦਾ ਅੱਧਾ ਹਿੱਸਾ ਈ ਨਹੀਂ। ਬਿਲਕੁਲ ਭਾਰਤ ਦੇ ਨਕਸ਼ੇ ਵਰਗਾ।"

"ਨਾਲੇ ਪੁੱਤਰ, ਸਾਰਿਆਂ ਨੂੰ ਅਸੀਸਾਂ ਦੇਣ ਦਾ ਵੀ ਤਾਂ ਮੌਕਾ ਮਿਲਣਾ ਚਾਹੀਦੈ।"

"ਤਾਂ ਹੁਣ ਪਤਾ ਲੱਗਾ। ਤੁਸੀਂ ਤਾਂ ਅਸੀਸਾਂ ਲੈਣੀਆਂ ਚਾਹੁੰਦੇ ਹੋ। ਤਾਹੀਓਂ ਤੁਸੀਂ ਗੂੰਗੇ ਭਿਖਾਰੀ ਦੇ ਕੌਲੇ ਵਿਚ ਕੁਝ ਨਹੀਂ ਪਾਇਆ।"

—o—

# ਪੈੜ ਜਗੀਰੋ ਦੀ

ਸੰਤ ਸਿੰਘ ਸੰਧੂ



ਪੰਜਾਬ – ਗੋਰੀ ਧੌਣ ਦੁਆਲੇ ਚੰਦਨ ਗੇਲੀ ਨੂੰ, ਜਿਉਂ ਨਾਗਾਂ ਨੇ ਕੁੰਡਲੀ ਮਾਰੀ।

ਟ੍ਰੰਪ – ਜੇ ਮੈਂ ਜਾਣਦੀ ਪੱਟੂ ਨੇ ਜੰਗ ਲਾਉਣੀ, ਡੇਰੇ 'ਤੇ ਫੜ੍ਹਾ ਛੱਡਦੀ।

ਜੰਗ – ਜਿੰਨਾਂ ਖੇਡ ਹੁੰਦਾ ਹੁਣ ਖੇਡ ਲਈਏ, ਚਾਅ ਲਾਹ ਲਈਏ ਗਿੱਧੇ ਝੁੰਮਰਾਂ ਦੇ।

ਪ੍ਰਵਾਸ – ਦਮਾਂ ਦਿਆਂ ਲੋਭੀਆ ਪ੍ਰਦੇਸ ਨਾ ਜਾਈਂ, ਮੈਂ ਕੰਤੂਗੀ ਤੂੰ ਬਹਿ ਕੇ ਖਾਂਈ।

ਭਾਜਪਾ – ਉਹ ਘਰ ਨਹੀਂ ਵਸਦੇ, ਜਿਥੇ ਨਣਦਾਂ ਦੀ ਸਰਦਾਰੀ।

ਸੰਤ ਸੀਚੇਵਾਲ – ਜਿਵੇਂ ਕਾਲੀਆਂ ਘਟਾਂ ਵਿਚ ਬਗਲਾ, ਬੋਤਾ ਆਵੇ ਮੇਰੇ ਵੀਰ ਦਾ।

ਭਗਵੰਤ ਮਾਨ – ਕੁੜੀ ਲੈ ਗਿਆ ਸਰੋਂ ਦੇ ਫੁਲ ਵਰਗੀ, ਤੋਤੇ ਰੰਗੀ ਪੱਗ ਬੰਨ੍ਹ ਕੇ।

ਅਡਾਨੀ – ਭਾਜਪਾ ਦੀ ਉਮਰ ਨਿਆਣੀ, ਪੱਟੀ ਤੇਰੇ ਲੱਡੂਆਂ ਨੇ।

R.S.S. – ਕੰਨੀ ਝੁੰਮਕੇ ਪਰਾਂਦੀ ਉਹਦੀ ਕਾਲੀ, ਆਸ਼ਕਾਂ ਨੂੰ ਡੰਗ ਮਾਰਦੀ।

ਪ੍ਰਿਯੰਕਾਂ ਗਾਂਧੀ – ਮੇਰਾ ਘੱਗਰਾ ਲੋਟਣਾ ਵਾਲਾ, ਸੱਸ ਦੀ ਮਕਾਣੇ ਜਾਣ ਨੂੰ।

ਕੰਗਣਾ – ਤੇਰੀ ਨਾੜ ਮੱਥੇ ਦੀ ਤੜਫੇ, ਪੱਟੀਆਂ ਕਿੰਨ ਗੁੰਦੀਆਂ।

ਤਾਨਾਸ਼ਾਹੀ – ਭੈਣ ਬਖਤੌਰੇ ਦੀ, ਲੰਡੇ ਊਠ ਨੂੰ ਸ਼ਰਾਬ ਪਿਲਾਵੇ।

ਕ੍ਰਿਸਾਨੀ – ਉਹਨੇ ਬਾਜਰੇ ਤੋਂ ਘਗਰਾ ਸਮਾਉਣਾ, ਨਿੱਤ ਜੱਟੀ ਗੇੜਾ ਮਾਰਦੀ।

ਨਾਟੋ – ਛੱਡ ਕੇ ਮੈਦਾਨ ਭਜ ਗਏ, ਜੇਹੜੇ ਕਹਿੰਦੇ ਸੀ ਮਰਾਂਗੇ ਨਾਲ।

ਇਜ਼ਰਾਈਲ – ਤੇਰੇ ਯਾਰ ਦੀ ਲਾਅ 'ਤੀ ਗੋਡੀ, ਬੋਤੇ ਵਾਂਗੂੰ ਬੁਕਦਾ ਸੀ।

ਅਮਰੀਕਾ – ਸ਼ਾਮੋ ਨਿਕਲੀ ਸਰੋਂ ਦਾ ਫੁਲ ਬਣ ਕੇ, ਈਰਾਨੀਆਂ ਨੇ ਘੇਰ ਲਈ।

ਬਹਾਦਰ ਸਿੰਘ ਸੰਧੂ – ਸੁਫ਼ਨੇ 'ਚ ਪੈਣ ਜੱਫੀਆਂ, ਅੱਖ ਖੁਲ੍ਹੇ ਤਾਂ ਨਜ਼ਰ ਨਾ ਆਵੇਂ।

ਵਿਕਾਸ ਕਾਰਪੋਰੇਟ – ਮੈਥੋਂ ਡਾਕ ਬੰਗਲਾ ਨਹੀ ਪੈਂਦਾ, ਟੇਸ਼ਣ ਪਾ ਦਊਂਗੀ।

ਰਾਹੁਲ ਗਾਂਧੀ – ਛੜੇ ਜਾਣਗੇ, ਮੱਕੀ ਦੀ ਰਾਖੀ, ਰੰਨਾ ਵਾਲੇ ਘਰ ਸੌਣਗੇ।

ਸੀਤਲ ਸਿੰਘ ਸੰਘਾ – ਉਹ ਮੇਰਾ ਵੀਰ ਕੁੜੀਓ, ਅੱਡੀ ਮਾਰੇ ਮਦਰਸਾ ਬੋਲੇ।

ਅੱਪਸਟੀਨ – ਪੈੜ ਲੰਗੜੇ ਰਿਸ਼ੀ ਦੀ ਜਾਵੇ, ਦੇਵਤੇ ਹੈਰਾਨ ਰਹਿ ਗਏ।


ਖਾਲਿਸਤਾਨ – ਮੇਰੀ ਇਕ ਵਾਰੀ ਰੀਝ ਪੁਗਾ ਦੇ, ਲੈ ਦੇ ਬਿਜਲੀ ਦਾ ਚੂੜਾ।

ਹਰਸਿਮਰਤ ਕੌਰ ਬਾਦਲ – ਕੁੜੀ ਜਾਪਦੀ ਤਿਲੇ ਦੀ ਤਾਰ ਏ, ਮੁੰਡਾ ਤਾਂ ਲੱਗਦਾ ਕੋਈ ਘੁਮਿਆਰਾਂ ਦਾ।


ਜਸਵੀਰ ਸ਼ੀਰੀ – ਇਕ ਵੀਰ ਦੇਈਂ ਵੇ ਰੱਬਾ, ਸਹੁੰ ਖਾਣ ਨੂੰ ਬੜਾ ਚਿੱਤ ਕਰਦਾ।


ਸੰਤ ਸੁਖਜੀਤ ਸੀਚੇਵਾਲ – ਕਾਦਰਯਾਰ ਸਾਡੇ ਗੁਰੂ ਖਫ਼ਾ ਹੁੰਦੇ, ਹੀਰੇ ਮੋਤੀਆਂ ਲਾਈਂ ਨ ਚਿੱਤ ਬੀਬਾ।

ਤਲਵੰਡੀ ਸਲੇਮ (ਜਲੰਧਰ)
97794-79169



ਕਰਨੈਲ ਸਿੰਘ ਨਿੱਝਰ



ਡਾ. ਰਾਮ ਮੂਰਤੀ ਦੀ ਕਾਵਿ-ਚੇਤਨਾ:
ਇੱਕ ਸੰਵਾਦ
ਬਲਰਾਜ ਸਿੰਘ ਸਿੱਧੂ
ਪੰਜਾਬੀ ਸੱਥ



ਕਵਿਤਾ ਅਕਵਿਤਾ
ਸੁਰਿੰਦਰ ਮਕਸੂਦਪੁਰੀ


ਦੋਹਰੇ ਕਿਰਦਾਰ
ਜਸਪਾਲ ਸੰਧੂ

| Apni Aawaaz | Volume 5 | Issue 5 | May 2026 | RNI : PUNPUN/2022/82997 |
|---|---|---|---|---|







Printer, Publisher & Owner Surinder Singh Sunner. Printed at Appu Art Press, Shahkot (Jalandhar) Punjab-144702 and Published at 693, G.T.B. Nagar, Jalandhar Punjab-144001
Editor - Dr. Ram Murti
*Publication Date : 01/05/2026*
*ਪ੍ਰਿੰਟਰ, ਪਬਲਿਸ਼ਰ ਅਤੇ ਮਾਲਕ ਸੁਰਿੰਦਰ ਸਿੰਘ ਸੁੰਨੜ ਨੇ ਅੱਪੂ ਆਰਟ ਪ੍ਰੈਸ ਸ਼ਾਹਕੋਟ (ਜਲੰਧਰ) ਪੰਜਾਬ -1447002 ਤੋਂ ਛਪਵਾ ਕੇ 693 ਜੀ.ਟੀ.ਬੀ. ਨਗਰ, ਜਲੰਧਰ ਪੰਜਾਬ-144001 ਤੋਂ ਪ੍ਰਕਾਸ਼ਿਤ ਕੀਤਾ।*
*ਸੰਪਾਦਕ - ਡਾ. ਰਾਮ ਮੂਰਤੀ*
*ਪ੍ਰਕਾਸ਼ਨ ਮਿਤੀ : 01/05/2026*